**1100/Beant kaur**

**PUNJAB VIDHAN SABHA**

*Monday, the 3rd August, 2026*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

**OBITUARY REFERENCES**

**ਮਾਣਯੋਗ ਸਪੀਕਰ**: ਅਕਾਲ ਚਲਾਣਿਆਂ ਦਾ ਵਰਣਨ। ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿੱਛੜ ਗਈਆਂ ਹਨ, ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜ਼ਲੀ ਭੇਟ ਕਰੀਏ।

ਸ਼੍ਰੀ ਸਹੀ ਰਾਮ ਬਿਸ਼ਨੋਈ, ਸਾਬਕਾ ਵਿਧਾਇਕ ਸਾਨੂੰ ਮਿਤੀ 22 ਮਈ, 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 12 ਜਨਵਰੀ, 1922 ਨੂੰ ਬਹਾਵਲਨਗਰ, ਪਾਕਿਸਤਾਨ ਵਿਖੇ ਹੋਇਆ ਅਤੇ ਉਹ 104 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਹ ਸਾਲ 1960 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਚੁਣੇ ਗਏ ਸਨ। ਉਨ੍ਹਾਂ ਨੇ ਇਸ ਪਵਿੱਤਰ ਸਦਨ ਦੇ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ।

ਸ਼ਹੀਦ ਸਰਬਜੀਤ ਸਿੰਘ, ਸਿਪਾਹੀ, ਉਹ ਵੀ ਸਾਨੂੰ ਮਿਤੀ 16 ਜੂਨ, 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 12 ਜੂਨ, 1999 ਨੂੰ ਪਿੰਡ ਬਿੰਦਰਖ, ਤਹਿਸੀਲ ਤੇ ਜ਼ਿਲ੍ਹਾ ਰੂਪਨਗਰ ਵਿਖੇ ਹੋਇਆ। ਉਹ ਸਿਆਚਿਨ ਗਲੇਸ਼ੀਅਰ ਵਿਖੇ ਡਿਊਟੀ ਸਮੇਂ ਆਕਸੀਜਨ ਦੀ ਕਮੀ ਹੋਣ ਕਾਰਨ ਸ਼ਹੀਦ ਹੋ ਗਏ।

ਸਰਦਾਰ ਸੇਵਾ ਸਿੰਘ, ਸੁਤੰਤਰਤਾ ਸੰਗਰਾਮੀ, ਉਹ ਵੀ ਸਾਨੂੰ ਮਿਤੀ 27 ਮਈ, 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਸਾਲ 1922 ਵਿੱਚ ਅਣਵੰਡੇ ਪੰਜਾਬ ਅਤੇ ਅਜੋਕੇ ਪਾਕਿਸਤਾਨ ਵਿੱਚ ਹੋਇਆ ਸੀ। ਉਨ੍ਹਾਂ ਨੂੰ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ, ਜਿਸ ਦਾ ਨਤੀਜਾ ਹੈ ਕਿ ਅੱਜ ਅਸੀਂ ਉਨ੍ਹਾਂ ਦੀ ਅਤੇ ਉਨ੍ਹਾਂ ਵਰਗੇ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਸਰਦਾਰ ਰਣਧੀਰ ਵਿੱਚ, ਖਿਡਾਰੀ ਵੀ ਸਾਨੂੰ ਮਿਤੀ 27 ਮਈ, 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ 18 ਅਕਤੂਬਰ, 1946 ਨੂੰ ਪਟਿਆਲਾ ਵਿਖੇ ਹੋਇਆ ਸੀ। ਉਹ ਸਾਲ 1978 ਵਿੱਚ ਬੈਂਕਾਕ ਵਿਖੇ ਹੋਈਆਂ ਏਸ਼ੀਅਨ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲੇ ਪਹਿਲੇ ਭਾਰਤੀ ਨਿਸ਼ਾਨੇਬਾਜ਼ ਸਨ, ਜਿਸ ਕਰਕੇ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਸਾਲ 1979 ਵਿੱਚ ਅਰਜੁਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਪੰਜ ਵਾਰ ਉਲੰਪਿਕ ਖੇਡਾਂ ਵਿੱਚ ਵੀ ਭਾਗ ਲਿਆ। ਉਨ੍ਹਾਂ ਵੱਲੋਂ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਸਕੱਤਰ ਜਨਰਲ ਅਤੇ ਉਲੰਪਿਕ ਐਸੋਸੀਏਸ਼ਨ ਆਫ ਏਸ਼ੀਆ ਦੇ ਸਕੱਤਰ ਜਨਰਲ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ, ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਪੰਜਾਬੀ ਸਾਹਿਤ ਅਤੇ ਸੰਗੀਤ ਜਗਤ ਦੇ ਉੱਘੇ ਗੀਤਕਾਰ ਅਤੇ ਲੇਖਕ ਭੁੱਲਾ ਰਾਮ, ਜਿਨ੍ਹਾਂ ਨੂੰ ਦੁਨੀਆ 'ਚੰਨ ਗੁਰਾਇਆ' ਦੇ ਨਾਂ ਨਾਲ ਜਾਣਦੀ ਸੀ, ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਦੇ ਇਕ ਸੁਨਹਿਰੀ ਯੁੱਗ ਦਾ ਅੰਤ ਹੋ ਗਿਆ ਹੈ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਮਨੁੱਖ ਜ਼ਜ਼ਬਾਤਾਂ ਦੀ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਇਕ ਦਰਜਨ ਤੋਂ ਵੱਧ ਕਿਤਾਬਾਂ ਪਾਈਆਂ ਅਤੇ ਪ੍ਰਸਿੱਧ ਪੰਜਾਬੀ ਫਿਲਮ 'ਬਲਬੀਰੋ ਭਾਬੀ' ਦਾ ਨਿਰਮਾਣ ਵੀ ਕੀਤਾ। ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬੀ ਮਾਂ-ਬੋਲੀ ਦੇ ਲੇਖੇ ਅਰਪਣ ਕਰ ਦਿੱਤੀ।

**1105/Karamjit kaur**

ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬੀ ਮਾਂ-ਬੋਲੀ ਦੇ ਲੇਖੇ ਅਰਪਣ ਕਰ ਦਿੱਤੀ। ਉਨ੍ਹਾਂ ਦੀ ਨਿਮਰਤਾ ਅਤੇ ਸਾਹਿਤ ਪ੍ਰਤੀ ਸਮਰਪਣ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾਸਰੋਤ ਰਹੇਗਾ।

ਇਸ ਤੋਂ ਇਲਾਵਾ ਇਸ ਸਦਨ ਦੇ ਮੌਜੂਦਾ ਮੈਂਬਰ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਜੀ ਦੇ ਚਾਚਾ ਸਰਦਾਰ ਮਨਜੀਤ ਸਿੰਘ ਢੋਸ ਜੀ ਵੀ ਸਾਨੂੰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ):** ਸਪੀਕਰ ਸਾਹਿਬ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਸਾਹਿਬ ਦੇ ਚਾਚਾ ਜੀ ਦੀ ਵੀ ਡੈੱਥ ਹੋਈ ਹੈ।

**ਮਾਣਯੋਗ ਸਪੀਕਰ:** ਇਹ ਵੀ ਐਡ ਕਰ ਲਵਾਂਗੇ ਜੀ। ਪਾਹੜਾ ਸਾਹਿਬ ਦੇ ਚਾਚਾ ਜੀ ਦਾ ਨਾਮ ਮੈਨੂੰ ਪਤਾ ਨਹੀਂ।

**ਸਰਦਾਰ ਹਰਦੇਵ ਸਿੰਘ ਲਾਡੀ:** ਸਰਦਾਰ ਭੁਪਿੰਦਰ ਸਿੰਘ ਪਾਹੜਾ ਜੀ।

**ਮਾਣਯੋਗ ਸਪੀਕਰ:** ਇਸ ਸਦਨ ਦੇ ਮੈਂਬਰ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਸਾਹਿਬ ਦੇ ਚਾਚਾ ਸਰਦਾਰ ਭੁਪਿੰਦਰ ਸਿੰਘ ਪਾਹੜਾ ਜੀ ਵੀ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਹ ਸਦਨ ਉਨ੍ਹਾਂ ਦੇ ਪਰਿਵਾਰ ਨਾਲ ਵੀ ਡੂੰਘੀ ਹਮਦਰਦੀ ਵਿਅਕਤ ਕਰਦਾ ਹੈ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਮੇਰੇ ਹਲਕਾ ਜਗਰਾਉਂ ਦੇ ਪਿੰਡ ਗਗੜਾ ਦੇ ਵਿੱਚ ਇੱਕ ਫੌਜੀ ਸਿਕੰਦਰ ਸਿੰਘ ਡਿਊਟੀ ਟਾਈਮ ਸ਼ਹੀਦ ਹੋਇਆ ਹੈ। ਉਸ ਦੀ ਡੈੱਡ ਬਾੱਡੀ ਆਈ ਹੈ। ਕਾਈਂਡਲੀ, ਉਨ੍ਹਾਂ ਦਾ ਨਾਮ ਵੀ ਸ਼ਰਧਾਂਜਲੀ ਵਿੱਚ ਸ਼ਾਮਲ ਕੀਤਾ ਜਾਵੇ।

**ਮਾਣਯੋਗ ਸਪੀਕਰ:** ਸਰਦਾਰ ਸਿਕੰਦਰ ਸਿੰਘ, ਆਰਮੀ ਮੈਨ ਵੀ ਸਾਨੂੰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਅਸੀਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਭੇਂਟ ਕਰਦੇ ਹਾਂ।

मैं जले हुए घर को कैसे समझाऊँ के आग ने माफ़ी मांग ली है,

ਪਿਛਲੇ ਦਿਨਾਂ ਵਿੱਚ ਕੇਂਦਰ ਸਰਕਾਰ ਦੀਆਂ ਲਗਾਤਾਰ ਗਲਤੀਆਂ ਕਾਰਨ ਦੇਸ਼ ਭਰ ਵਿੱਚ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਤੋਂ ਬਾਅਦ ਪੈਦਾ ਹੋਈ ਅਨਿਸ਼ਚਤਤਾ ਦੇ ਵਾਤਾਵਰਣ ਅਤੇ ਉਪਰੰਤ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਹੋਏ ਭਾਰੀ ਰੋਸ ਪ੍ਰਦਰਸ਼ਨਾਂ, ਮਾਨਸਿਕ ਦਬਾਅ ਅਤੇ ਤਣਾਅ ਕਾਰਨ ਬਣੇ ਹਾਲਾਤਾਂ ਦਾ ਸਾਹਮਣਾ ਕਰਦਿਆਂ ਜਿਨ੍ਹਾਂ ਬੱਚਿਆਂ/ਵਿਦਿਆਰਥੀਆਂ ਦੀਆਂ ਕੀਮਤਾਂ ਜਾਨਾਂ ਅਜਾਈਂ ਚਲੀਆਂ ਗਈਆਂ ਹਨ, ਇਹ ਸਦਨ ਉਨ੍ਹਾਂ ਨੂੰ ਵੀ ਸਰਧਾਂਜਲੀ ਭੇਂਟ ਕਰਦਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਡੂੰਘੀ ਸੰਵੇਦਨਾ ਅਤੇ ਹਮਦਰਦੀ ਪ੍ਰਗਟ ਕਰਦਾ ਹੈ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਸਿਸਟਮ ਨੂੰ ਇੰਨਾ ਮਜ਼ਬੂਤ ਕਰਨ ਜਿਸ ਨਾਲ ਅੱਗੇ ਤੋਂ ਕਿਸੇ ਘਰ ਦਾ ਚਿਰਾਗ ਇਸ ਤਰੀਕੇ ਨਾਲ ਤਾਂ ਨਾ ਬੁਝੇ। ਬਾਕੀ ਜਿਵੇਂ ਸਤਰਾਂ ਹਨ, ਮੈਂ ਆਈਨਾ ਹੂੰ...

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਬਿਨਾਂ ਮਾਈਕ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ):** ਤੁਸੀਂ ਆਪਣੀ ਗਲਤੀ ਕਦੋਂ ਮੰਨੋਗੇ? ਉਨ੍ਹਾਂ ਨੇ ਤਾਂ ਗਲਤੀ ਮੰਨ ਲਈ ਹੈ।

**माननीय स्पीकर** : मैं जले हुए घर को कैसे समझाऊँ के आग ने माफ़ी मांग ली है,

मैं आईना हूँ , दिखाऊंगा दाग चेहरे के,

जिसे बुरा लगे, वोह सामने से हट जाये।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਬਿਨਾਂ ਮਾਈਕ ਤੋਂ)** : ਆਪਣੀਆਂ ਗਲਤੀਆਂ ਦੀ ਸਦਨ ਵਿੱਚੋਂ ਕਦੋਂ ਨਿਖੇਧੀ ਕਰਵਾਓਗੇ? (ਵਿਘਨ)

**ਮਾਣਯੋਗ ਸਪੀਕਰ:** ਮਾਣਯੋਗ ਮੈਂਬਰ ਸਾਹਿਬ, ਤੁਸੀਂ ਬੈਠੋ। ਇਹ ਸ਼ਰਧਾਂਜਲੀਆਂ ਦਾ ਸਮਾਂ ਹੈ। ਕੀ ਤੁਹਾਡੀ ਇਸ ਤੇ ਆਪੱਤੀ ਹੈ? ਜੇਕਰ ਆਪੱਤੀ ਹੈ ਤਾਂ ਆਪਣੀ ਆਪੱਤੀ ਦਰਜ ਕਰਵਾਉ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਬਿਨਾਂ ਮਾਈਕ ਤੋਂ**): ਮੈਨੂੰ ਤੁਹਾਡੇ ਦ੍ਰਿਸ਼ਟੀਕੋਣ ਤੇ ਆਪੱਤੀ ਹੈ।

**ਮਾਣਯੋਗ ਸਪੀਕਰ:** ਤੁਸੀਂ ਬੈਠੋ ਫਿਰ। ਬੱਚਿਆਂ ਦੀਆਂ ਜਾਨਾਂ ਗਈਆਂ ਹਨ ਜੀ। ਇੱਥੇ ਕੋਈ ਦ੍ਰਿਸ਼ਟੀਕੋਣ ਦਾ ਸਮਾਂ ਨਹੀਂ ਹੈ। ਉਹ ਸਾਡੇ ਬੱਚੇ ਹਨ। ਪਲੀਜ਼ ਬੈਠੋ। (ਵਿਘਨ) ਜਾਨਾਂ ਗਈਆਂ ਹਨ।

ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ, ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**(ਅਵਾਜ਼ਾਂ: ਹਾਂ ਜੀ, ਹਾਂ ਜੀ)**

**1110/harpreet singh**

**ਮਾਣਯੋਗ ਸਪੀਕਰ:** ਹਾਂ ਜੀ, ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਧੰਨਵਾਦ ਜੀ। ਮਾਣਯੋਗ ਸਪੀਕਰ ਸਾਹਿਬ, ਜਿੱਥੇ ਇਹ ਸਦਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹੈ, ਉਥੇ ਮੈਂ ਪੰਜਾਬ ਦੇ ਸੰਵੇਦਨਸ਼ੀਲ, ਇਤਿਹਾਸਕ ਅਤੇ ਅਣਗੌਲੇ ਦਰਦ ਨੂੰ ਵੀ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ। ਪੰਜਾਬ ਦੇ ਉਸ ਕਾਲੇ ਦੌਰ ਵਿੱਚ ਹਜ਼ਾਰਾਂ ਪੰਜਾਬੀ, ਚਾਹੇ ਉਹ ਗੈਰ-ਕਾਨੂੰਨੀ ਹਿਰਾਸਤ ਵਿੱਚ, ਚਾਹੇ ਉਹ ਫਰਜ਼ੀ ਪੁਲਿਸ ਮੁਕਾਬਲਿਆਂ ਦੌਰਾਨ ਮਾਰੇ ਗਏ ਨੌਜਵਾਨ ਹੋਣ, ਜਿਨ੍ਹਾਂ ਦਾ ਅੰਕੜਾ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਭਾਈ ਜਸਵੰਤ ਸਿੰਘ ਖਾਲੜਾ ਜੀ ਦੁਆਰਾ ਦਿੱਤਾ ਗਿਆ ਹੈ, ਜਿਸ ਵਿੱਚ ਹਜ਼ਾਰਾਂ ਪੰਜਾਬੀ ਜੋ ਉਸ ਸਮੇਂ ਘਰਾਂ, ਬੱਸਾਂ ਵਿੱਚੋਂ ਕੱਢ ਕੇ ਮਾਰੇ ਗਏ ਸਨ, ਉਨ੍ਹਾਂ ਵਿੱਚ ਚਾਹੇ ਪੁਲਿਸ ਅਤੇ ਸਿਵਲ ਮੁਲਾਜ਼ਮ, ਪੱਤਰਕਾਰ ਜਾਂ ਅਖਬਾਰਾਂ ਦੇ ਮਾਲਕ ਸਨ ਜਾਂ ਉਸ ਵੇਲੇ ਦੇ ਰਾਜਨੀਤਕ ਆਗੂ, ਧਾਰਮਿਕ-ਸਮਾਜਿਕ ਆਗੂ ਸਨ, ਜੋ ਉਸ ਕਾਲੇ ਦੌਰ ਦੇ ਸਮੇਂ ਖੋਹੇ ਗਏ ਸਨ, ਮੈਂ ਤੁਹਾਡੇ ਮਾਧਿਅਮ ਰਾਹੀਂ ਪਵਿੱਤਰ ਸਦਨ ਨੂੰ ਅਪੀਲ ਕਰਾਂਗਾ ਕਿ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ :** ਜੀ, ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਨੇ ਵਿਛੜੀਆਂ ਸ਼ਖ਼ਸੀਅਤਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਧਾਰਨ ਕੀਤਾ।)

---

**SHORT ADJOURNMENT OF THE HOUSE**

**ਮਾਣਯੋਗ ਸਪੀਕਰ :** ਹੁਣ, ਸਦਨ ਅੱਜ ਮਿਤੀ 03 ਅਗਸਤ, 2026 ਦੇ 12:00 ਵਜੇ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*11.11 ਵਜੇ ਪੂਰਵ ਦੁਪਹਿਰ ।) (*ਇਸ ਉਪਰੰਤ ਸਦਨ 12.00 ਵਜੇ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*12.00 ਵਜੇ ਦੁਪਹਿਰ।) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

**1200/amandeep kaur**

---

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਇੱਕ ਬੇਨਤੀ ਹੈ ਜੀ।

**ਮਾਣਯੋਗ ਸਪੀਕਰ**: ਆਪਾਂ ਪਹਿਲਾਂ ਕੁਐਸਚਨ ਆਵਰ ਕਰ ਲਈਏ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਪੀਕਰ ਸਾਹਿਬ, ਬੇਨਤੀ ਇਸ ਤਰ੍ਹਾਂ ਹੈ ਕਿ ਤੁਸੀਂ ਸਾਨੂੰ ਤੇ ਤੁਹਾਨੂੰ ਸਾਰੀਆਂ ਪਾਰਟੀਆਂ ਨੂੰ ਜਥੇਦਾਰ ਅਕਾਲ ਤਖਤ ਸਾਹਿਬ ਨੇ ਤਕਰੀਬਨ ਇੱਕ ਮਹੀਨਾ ਪਹਿਲਾਂ ਅਕਾਲ ਤਖਤ ਸਾਹਿਬ ਤੇ ਬੁਲਾਇਆ ਸੀ ਤੇ ਆਪਾਂ ਸਾਰੇ ਉੱਥੇ ਗਏ ਵੀ ਸੀ। ਅਸੀਂ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਉੱਥੇ ਸਹੁੰ ਵੀ ਖਾਧੀ ਸੀ। ਹੱਥ ਵੀ ਚੁੱਕੇ ਸੀ, ਅਰਦਾਸ ਵਿੱਚ ਵੀ ਸ਼ਾਮਲ ਹੋਏ ਸੀ। ਤੁਸੀਂ ਇੱਕ ਅਮ੍ਰਿੰਤਧਾਰੀ ਸਿੱਖ ਹੋ, ਸਾਨੂੰ ਤੁਹਾਡੇ ਤੇ ਬੜਾ ਮਾਣ ਹੈ। ਤੁਸੀ ਨੇਕ ਹੋ, ਚੰਗੇ ਹੋ। ਸਾਨੂੰ ਉਨ੍ਹਾਂ ਨੇ ਇੱਕ ਫੁਰਮਾਨ ਜਾਰੀ ਕੀਤਾ ਹੈ ਕਿ ਇੱਕ ਗੁਰੂ ਦੋਖੀ ਤੇ ਪੰਥ ਵਿਰੋਧੀ ਜਿਹੜਾ ਹੈ, ਉਸ ਦੇ ਮੱਥੇ ਨਹੀਂ ਲੱਗਣਾ ਹੈ। ਕਿਰਪਾ ਕਰਕੇ ਕੀ ਤੁਸੀਂ ਆਪਣਾ ਸਟੈਂਡ ਸਪਸ਼ਟ ਕਰੋਗੇ ਕਿ ਤੁਹਾਡਾ ਕੀ ਸਟੈਂਡ ਹੈ ਤੇ ਸਾਨੂੰ ਤੁਹਾਡੀ ਕੀ ਗਾਈਡੈਂਸ ਹੈ? ਸਾਨੂੰ ਪਹਿਲਾਂ ਉਹ ਦੱਸ ਦਿਉ ਜੀ।

**ਮਾਣਯੋਗ ਸਪੀਕਰ:** ਗੁਰੂ ਪੰਥ ਦੇ ਵਿੱਚ ਸਭ ਤੋਂ ਵੱਡਾ ਸਥਾਨ ਗੁਰੂ ਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਮਹਾਨ ਹੈ ਤੇ ਸਿੱਖ ਪੰਥ ਦੀ ਸ਼ਾਨ ਹੈ। ਲੇਕਿਨ ਗੁਰੂ ਤੋਂ ਵੱਡਾ ਸੰਗਤ ਦਾ ਸਥਾਨ ਹੈ। ਸੰਗਤ ਜੋ ਫੈਸਲਾ ਕਰ ਰਹੀ ਹੈ ਅਸੀਂ ਉਸ ਫੈਸਲੇ ਤੇ ਚੱਲ ਰਹੇ ਹਾਂ।

"ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ"।।

---

## STARRED QUESTIONS AND ANSWERS

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

### ਸੰਗਰੂਰ ਦੇ ਪਿੰਡਾਂ ਲਈ ਬੱਸ ਸੇਵਾ ਸ਼ੁਰੂ ਕਰਨਾ

***1884. ਸ੍ਰੀਮਤੀ ਨਰਿੰਦਰ ਕੌਰ ਭਰਾਜ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸੰਗਰੂਰ ਦੇ ਪਿੰਡਾਂ ਸਮਾਣਾ ਤੋਂ ਨਾਭਾ ਵਾਇਆ ਭੜੋ, ਚੰਨੋਂ ਅਤੇ ਸਮਾਣਾ ਤੋਂ ਧੂਰੀ ਵਾਇਆ ਭਵਾਨੀਗੜ੍ਹ, ਕਾਕੜਾ, ਭਲਵਾਨ ਅਤੇ ਸੰਗਰੂਰ ਤੋਂ ਨਾਭਾ ਵਾਇਆ ਭਵਾਨੀਗੜ੍ਹ ਅਤੇ ਸੰਗਰੂਰ ਤੋਂ ਸਵੇਰੇ 4 ਵਜੇ ਚੰਡੀਗੜ੍ਹ ਲਈ ਕੋਈ ਬੱਸ ਰੂਟ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਰੂਟਾਂ ਤੇ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਹਰਪਾਲ ਸਿੰਘ ਚੀਮਾ:** 1. ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੀ.ਆਰ.ਟੀ.ਸੀ. ਕੋਲ ਸਮਾਣਾ ਤੋਂ ਨਾਭਾ ਵਾਇਆ ਭੜੋ, ਚੰਨੋਂ ਰੂਟ ਦਾ ਪ੍ਰਮਿਟ ਮੌਜੂਦ ਨਹੀਂ ਹੈ। ਜੇਕਰ ਭਵਿੱਖ ਵਿੱਚ ਆਮ ਪਬਲਿਕ ਵੱਲੋਂ ਇਸ ਰੂਟ ਲਈ ਬੱਸ ਸਰਵਿਸ ਚਲਾਉਣ ਦੀ ਮੰਗ ਪ੍ਰਾਪਤ ਹੁੰਦੀ ਹੈ ਤਾਂ ਇਸ ਰੂਟ ਤੇ ਤੁਰੰਤ ਸਰਵੇ ਕਰਵਾਉਂਦੇ ਹੋਏ ਵਾਈਬਿਲਟੀ ਚੈੱਕ ਕੀਤੀ ਜਾਵੇਗੀ ਅਤੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪੀ.ਆਰ.ਟੀ.ਸੀ. ਦੇ ਬੇੜੇ ਵਿੱਚ ਆਪਣੀਆਂ ਨਵੀਆਂ ਬੱਸਾਂ ਸ਼ਾਮਿਲ ਹੋਣ ਉਪਰੰਤ ਪੀ.ਆਰ.ਟੀ.ਸੀ. ਦੀ ਬੱਸ ਸਰਵਿਸ ਚਲਾ ਦਿੱਤੀ ਜਾਵੇਗੀ। ਇਥੇ ਇਹ ਵੀ ਵਰਨਣਯੋਗ ਹੈ ਕਿ ਨੇੜਲੇ ਭਵਿੱਖ ਵਿੱਚ ਪੀ.ਆਰ.ਟੀ.ਸੀ. ਦੀਆਂ ਆਪਣੀਆਂ 309 ਸਾਧਾਰਨ ਅਤੇ 100 ਮਿੰਨੀ/ਮਿੱਡੀ ਬੱਸਾਂ ਬੇੜੇ ਵਿੱਚ ਸ਼ਾਮਿਲ ਹੋਣਗੀਆਂ।

2. ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੀ.ਆਰ.ਟੀ.ਸੀ. ਕੋਲ ਸਮਾਣਾ ਤੋਂ ਧੂਰੀ ਵਾਇਆ ਭਵਾਨੀਗੜ੍ਹ, ਕਾਕੜਾ, ਭਲਵਾਨ ਰੂਟ ਦਾ ਕੋਈ ਪ੍ਰਮਿਟ ਮੌਜੂਦ ਨਹੀਂ ਹੈ। ਭਵਿੱਖ ਵਿੱਚ ਆਮ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪੀ.ਆਰ.ਟੀ.ਸੀ. ਦੇ ਫਲੀਟ ਵਿੱਚ ਆਪਣੀਆਂ ਨਵੀਆਂ ਬੱਸਾਂ ਸ਼ਾਮਿਲ ਹੋਣ ਉਪਰੰਤ ਇਸ ਰੂਟ ਤੇ ਬੱਸ ਸਰਵਿਸ ਚਲਾ ਦਿੱਤੀ ਜਾਵੇਗੀ।

3. ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸੰਗਰੂਰ ਤੋਂ ਨਾਭਾ ਵਾਇਆ ਭਵਾਨੀਗੜ੍ਹ ਰੂਟ ਤੇ ਪੀ.ਆਰ.ਟੀ.ਸੀ. ਵੱਲੋਂ 6 ਟਾਇਮਾਂ ਤੇ ਬੱਸ ਸਰਵਿਸ ਪਹਿਲਾਂ ਤੋਂ ਹੀ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਜੇਕਰ ਆਮ ਪਬਲਿਕ ਵੱਲੋਂ ਉਕਤ ਰੂਟ ਤੇ ਹੋਰ ਬੱਸ ਸਰਵਿਸ ਚਲਾਉਣ ਹੋਰ ਮੰਗ ਪ੍ਰਾਪਤ ਹੁੰਦੀ ਹੈ ਤਾਂ ਉਸ ਅਨੁਸਾਰ ਬੱਸ ਸਰਵਿਸ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

4. ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸੰਗਰੂਰ ਤੋਂ ਚੰਡੀਗੜ੍ਹ ਰੂਟ ਲਈ ਪੀ.ਆਰ.ਟੀ.ਸੀ. ਸੰਗਰੂਰ ਡਿਪੂ ਵੱਲੋਂ ਸਵੇਰੇ 4:50 ਵਜੇ ਬੱਸ ਸਰਵਿਸ ਪਹਿਲਾਂ ਤੋਂ ਹੀ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਜੇਕਰ ਆਮ ਪਬਲਿਕ ਵੱਲੋਂ ਉਕਤ ਰੂਟ ਤੇ ਸਵੇਰੇ 4:00 ਵਜੇ ਹੋਰ ਬੱਸ ਸਰਵਿਸ ਦੀ ਮੰਗ ਪ੍ਰਾਪਤ ਹੁੰਦੀ ਹੈ ਤਾਂ ਪੀਆਰਟੀਸੀ ਦੇ ਫਲੀਟ ਵਿੱਚ ਆਪਣੀਆਂ ਨਵੀਆਂ ਬੱਸਾਂ ਸ਼ਾਮਿਲ ਹੋਣ ਤੇ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇਗੀ ।

**ਸ੍ਰੀਮਤੀ ਨਰਿੰਦਰ ਕੌਰ ਭਰਾਜ**: ਮਾਣਯੋਗ ਸਪੀਕਰ ਸਾਹਿਬ, ਮੈਂ ਚਾਰ ਬੱਸ ਰੂਟ ਪੁੱਛੇ ਸੀ ਸਮਾਣਾ ਤੋਂ ਨਾਭਾ ਵਾਇਆ ਭੜੋ, ਚੰਨੋਂ ਅਤੇ ਸਮਾਣਾ ਤੋਂ ਧੂਰੀ ਵਾਇਆ ਭਵਾਨੀਗੜ੍ਹ, ਕਾਕੜਾ, ਭਲਵਾਨ ਅਤੇ ਸੰਗਰੂਰ ਤੋਂ ਨਾਭਾ ਵਾਇਆ ਭਵਾਨੀਗੜ੍ਹ ਅਤੇ ਸੰਗਰੂਰ ਤੋਂ ਚੰਡੀਗੜ੍ਹ ਸਵੇਰੇ 4 ਵਜੇ ਦੇ ਲਈ ਪੁੱਛੇ ਸੀ। ਮਾਣਯੋਗ ਮੰਤਰੀ ਸਾਹਿਬ ਦਾ ਜਵਾਬ ਆਇਆ ਸੀ ਕਿ ਇਹ ਜਿਹੜੇ ਦੋ ਰੂਟ ਸਮਾਣਾ ਤੋਂ ਨਾਭਾ ਅਤੇ ਸਮਾਣਾ ਤੋਂ ਧੂਰੀ ਉਨ੍ਹਾਂ ਲਈ ਕੋਈ ਵੀ ਪਰਮਿਟ ਨਹੀਂ ਹੈ। ਜਵਾਬ ਆਇਆ ਹੈ ਕਿ ਪਬਲਿਕ ਦੀ ਡਿਮਾਂਡ ਨੂੰ ਦੇਖਦੇ ਹੋਏ ਦਿੱਤੇ ਜਾਣਗੇ। ਸੋ, ਮੈਂ ਆਪ ਦੇ ਮਾਧਿਅਮ ਰਾਹੀਂ ਟਰਾਂਸਪੋਰਟ ਮੰਤਰੀ ਜੀ ਨੂੰ ਕਿ ਮੰਗ ਉਨ੍ਹਾਂ ਦੀ ਆ ਚੁੱਕੀ ਹੈ, ਪੰਚਾਇਤਾਂ ਵੱਲੋਂ ਮਤੇ ਵੀ ਆ ਚੁੱਕੇ ਹਨ, ਕਿਰਪਾ ਕਰਕੇ ਟਾਈਮ-ਬਾਊਂਡ ਕੀਤਾ ਜਾਵੇ ਕਿ ਕਦੋਂ ਤੱਕ ਇਨ੍ਹਾਂ ਪਿੰਡਾਂ ਨੂੰ ਬੱਸ ਸਰਵਿਸ ਮਿਲ ਜਾਵੇਗੀ ਕਿਉਂਕਿ ਬੁਜ਼ੁਰਗ, ਔਰਤਾਂ ਅਤੇ ਵਿਦਿਆਰਥੀ ਸਾਰੇ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਹਨ। ਮੈਂ ਧੰਨਵਾਦ ਕਰਦੀ ਹੈ ਕਿ ਛੇ ਟਾਈਮ ਆਲਰੈਡੀ ਪਰਮਿਟ ਵਿੱਚ ਦਿੱਤੇ ਹੋਏ ਹਨ। ਸੰਗਰੂਰ ਤੋਂ ਚੰਡੀਗੜ੍ਹ ਸਵੇਰੇ 4.50 ਵਜੇ ਬੱਸ ਚੱਲਦੀ ਹੈ, ਉਸ ਦੇ ਲਈ ਵੀ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਬੱਸ ਦਾ ਟਾਈਮ ਯਾਨੀ ਕਿ ਨਵੀਂ ਬੱਸ ਦਾ ਟਾਈਮ ਸਵੇਰੇ 4 ਵਜੇ ਸ਼ੁਰੂ ਹੋ ਸਕਦੀ ਹੈ ਜਿਸ ਨਾਲ ਆਪਣੀ ਰਾਜਧਾਨੀ ਵਿੱਚ ਲੋਕ ਆਪਣੇ ਕੰਮ ਕਰਵਾ ਕੇ ਆਪਣੇ ਘਰਾਂ ਨੂੰ ਵਾਪਸ ਹੋ ਜਾਣ।

**ਮੰਤਰੀ**: ਸਪੀਕਰ ਸਾਹਿਬ, ਆਲਰੈਡੀ ਡਿਪਾਰਟਮੈਂਟ ਵੱਲੋਂ 100 ਬੱਸਾਂ ਬੜੀ ਜਲਦੀ ਪੀ.ਆਰ.ਟੀ.ਸੀ ਤੇ ਪਨਬੱਸ ਵਿੱਚ ਸ਼ਾਮਲ ਹੋ ਜਾਣਗੀਆਂ। ਇਸ ਤੋਂ ਇਲਾਵਾ 800 ਹੋਰ ਨਵੀਂਆਂ ਬੱਸਾਂ ਦਾ ਟੈਂਡਰ ਅਲਾਟ ਹੋ ਚੁੱਕਿਆ ਹੈ। ਬੱਸਾਂ ਦੀ ਬਾਡੀ ਲੱਗਣ ਲਈ ਗਈਆਂ ਹੋਈਆਂ ਹਨ। ਡਿਪਾਰਟਮੈਂਟ ਵੱਲੋਂ ਅਸ਼ੋਕਾ ਲੇਅਲੈਂਡ ਨੂੰ ਗਈਆਂ ਹਨ। ਸਾਰੀਆਂ ਲਗਭਗ 900 ਬੱਸਾਂ ਅਗਲੇ 2-3 ਮਹੀਨਿਆਂ ਦੇ ਵਿੱਚ ਪੰਜਾਬ ਦੇ ਵੱਖ ਵੱਖ ਰੂਟਾਂ ਤੇ ਦੌੜਨਗੀਆਂ। ਇਹ ਐਮ.ਐਲ.ਏ ਸਾਹਿਬਾਨ ਦੀ ਬਿਲਕੁਲ ਜਾਇਜ਼ ਮੰਗ ਹੈ। ਇੱਕ ਮਹੀਨੇ ਦੇ ਅੰਦਰ ਅੰਦਰ ਇਨ੍ਹਾਂ ਦੇ ਰੂਟ ਅਸੀਂ ਅਲਾਟ ਕਰ ਦਿਆਂਗੇ ਕਿਉਂਕਿ ਪੀ.ਆਰ.ਟੀ.ਸੀ ਕੋਲ ਇਹ ਰੂਟ ਨਹੀਂ ਹੈ, ਰੂਟ ਕਈ ਹਨ ਪਰ ਡਿਪਾਰਟਮੈਂਟ ਕੋਲ ਇਹ ਰੂਟ ਨਹੀਂ ਹਨ, ਪ੍ਰਾਈਵੇਟ ਕੋਲ ਹੋਣਗੇ, ਪਨਬੱਸ ਕੋਲ ਹੋਣਗੇ, ਹੋਰਨਾ ਕੋਲ ਹੋਣਗੇ ਪਰ ਇਸ ਸਪੈਸੀਫਿਕ ਕੁਐਸਚਨ ਸਬੰਧੀ ਪੀ.ਆਰ.ਟੀ.ਸੀ ਨੂੰ ਮੈਂ ਹਦਾਇਤ ਜਾਰੀ ਕਰ ਦਿਆਂਗੇ ਕਿ ਇਨ੍ਹਾਂ ਚਾਰ ਰੂਟਾਂ ਤੇ ਅਪਲਾਈ ਕਰਨ ਤਾਂ ਡਿਪਾਰਟਮੈਂਟ ਗਰਾਂਟ ਕਰ ਦੇਵੇਗਾ।

---

**1205/Tarlochan Singh**

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1875**

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਰਾਜਪੁਰਾ ਸਿਵਲ ਹਸਪਤਾਲ ਦੀ ਮੁਰੰਮਤ ਕਰਨਾ**

***1876. ਸ਼੍ਰੀਮਤੀ ਨੀਨਾ ਮਿੱਤਲ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ-

ੳ) ਕਿ ਇਹ ਠੀਕ ਹੈ ਕੀ ਰਾਜਪੁਰਾ ਸਿਵਲ ਹਸਪਤਾਲ ਦੀ ਨਵੀਂ ਐਮਰਜੈਂਸੀ ਦੀ ਇਮਾਰਤ, ਜੋ ਲਗਭਗ 12-15 ਸਾਲ ਪਹਿਲਾਂ ਬਣੀ ਸੀ, ਨੂੰ ਕੁਝ ਸਮੇ ਬਾਅਦ ਅਣ ਸੁਰੱਖਿਅਤ ਘੋਸ਼ਿਤ ਕੀਤਾ ਗਿਆ ਸੀ: ਜੇਕਰ ਅਜਿਹਾ ਹੈ ਤਾਂ ਕੀ ਉਸ ਬਿਲਡਿੰਗ ਨੂੰ ਮੁਰੰਮਤ ਕਰਕੇ ਵਰਤੋਂ ਵਿੱਚ ਲਿਆਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ :

ਅ) ਕੀ ਰਾਜਪੁਰਾ ਵਿਖੇ ਅੱਖਾਂ ਦੀਆਂ ਬਿਮਾਰੀਆਂ ਲਈ ਸਰਕਾਰੀ ਹਸਪਤਾਲ ਸ਼ੁਰੂ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ, ਜਿਸ ਦੀ ਕਿ ਭਾਰੀ ਮੰਗ ਹੈ : ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ,

ੳ) ਹਾਂ ਜੀ, ਇਹ ਠੀਕ ਹੈ ਕਿ ਸਿਵਲ ਹਸਪਤਾਲ ਰਾਜਪੁਰਾ ਦੀ ਬਿਲਡਿੰਗ ਦਾ ਕੁਝ ਹਿੱਸਾ ਅਸੁਰੱਖਿਅਤ ਘੋਸ਼ਿਤ ਹੋਣ ਕਰਕੇ ਵਰਤੋਂ ਵਿੱਚ ਨਹੀ ਲਿਆਂਦਾ ਜਾ ਰਿਹਾ ਹੈ। ਇਸ ਬਿਲਡਿੰਗ ਦੀ ਮੁਰੰਮਤ ਕਰਕੇ ਇਥੇ ਅੱਖਾਂ ਦਾ ਹਸਪਤਾਲ ਬਣਾਉਣ ਦਾ ਕੋਈ ਵਿਚਾਰ ਨਹੀ ਹੈ।

ਅ) ਆਈ.ਪੀ.ਐਚ.ਐਸ. (IPHS) ਦੇ ਮਾਪਦੰਡਾਂ ਅਨੁਸਾਰ, ਐਸ.ਡੀ.ਐਚ. ਪੱਧਰ ’ਤੇ ਇਹ ਸਹੂਲਤ ਵੱਖਰੇ ਤੌਰ ’ਤੇ ਪ੍ਰਦਾਨ ਕਰਨ ਦੀ ਕੋਈ ਵਿਵਸਥਾ ਨਹੀਂ ਹੈ।

ਸਪੀਕਰ ਸਾਹਿਬ ਬਹੁਤ-ਬਹੁਤ ਧੰਨਵਾਦ। ਮੈਂ ਮਾਣਯੋਗ ਐਮ.ਐਲ.ਏ. ਰਾਜਪੁਰਾ ਸ਼੍ਰੀਮਤੀ ਨੀਨਾ ਮਿੱਤਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਹੀ ਅਹਿਮ ਮੁੱਦਾ ਚੁੱਕਿਆ ਹੈ। ਇਸ ਬਾਰੇ ਮੈਂ ਥੋੜ੍ਹਾ ਜਿਹਾ ਦੱਸ ਦਿੰਦਾ ਹਾਂ ਕਿ ਇਨ੍ਹਾਂ ਦਾ ਸਵਾਲ ਸੀ ਕਿ ਰਾਜਪੁਰਾ ਵਿੱਚ ਬਿਲਡਿੰਗ ਦਾ ਇੱਕ ਪੋਰਸ਼ਨ ਹੈ, ਜੋ ਕਿ ਬੜੀ ਦੇਰ ਤੋਂ ਬੰਦ ਪਿਆ ਸੀ। ਜਦੋਂ

ਇਨ੍ਹਾਂ ਨੇ ਸਵਾਲ ਪੁੱਛਿਆ ਤਾਂ ਮੈਂ ਉਸ ਦੀ ਸਾਰੀ ਇਨਕੁਆਰੀ ਕਰਵਾਈ। ਉਥੇ 1992 ਵਿੱਚ ਇੱਕ ਐਮਰਜੰਸੀ ਵਿੰਗ ਬਣਿਆ ਸੀ, ਉਸ ਸਮੇਂ ਕਾਂਗਰਸ ਦੀ ਸਰਕਾਰ ਸੀ। ਮੈਂ ਬੜੇ ਦੁੱਖ ਨਾਲ ਕਹਿੰਦਾ ਹਾਂ ਕਿ ਜਦੋਂ 2004 ਵਿੱਚ ਦੁਬਾਰਾ ਕਾਂਗਰਸ ਦੀ ਸਰਕਾਰ ਆਈ ਤਾਂ ਇਸ ਦਾ ਭੋਗ ਪੈ ਗਿਆ ਸੀ, ਇਹ ਉਦੋਂ ਦਾ ਹੀ ਬੰਦ ਪਿਆ ਹੈ। ਇਹ ਬਿਲਡਿੰਗ ਅਨਸੇਫ ਹੈ, ਰਿਪੇਅਰ ਨਹੀਂ ਹੋ ਸਕਦੀ, ਮਤਲਬ ਕਿ ਇਹੋ ਜਿਹੀ ਬਿਲਡਿੰਗ ਬਣਾਈ ਜਿਹੜੀ ਕਿ 10 ਸਾਲ ਵੀ ਨਹੀਂ ਚੱਲੀ ਹੈ।

ਇਨ੍ਹਾਂ ਦਾ ਦੂਜਾ ਸਵਾਲ ਹੈ ਕਿ ਉਥੇ ਕੋਈ Eye Surgeon ਜਾਂ Eye Department ਨਹੀਂ ਹੈ। ਸਰ, ਕਿਸੇ ਵੀ ਸਬ ਡਵੀਜ਼ਨ ਵਿੱਚ Eye Departement ਤਾਂ ਨਹੀਂ ਹੈ ਪਰੰਤੂ ਇਨ੍ਹਾਂ ਦੇ ਹਸਪਤਾਲ ਵਿੱਚ ਤਿੰਨ Eye Surgeon ਲੱਗੇ ਹੋਏ ਹਨ, ਜਿਨ੍ਹਾਂ ਨੇ 540 Phaco Surgeries ਅਤੇ 320 Small incision, ਪਿਛਲੇ ਸਾਲ ਕੁੱਲ 860 Cataract Surgeries ਕੀਤੀਆਂ ਹਨ। ਉਥੇ ਇੱਕ ਦੀ ਥਾਂ ਤਿੰਨ ਡਾਕਟਰ ਲੱਗੇ ਹੋਏ ਹਨ ਅਤੇ ਉਥੇ Eye Surgeries ਹੋ ਰਹੀਆਂ ਹਨ।

**ਸ਼੍ਰੀਮਤੀ ਨੀਨਾ ਮਿੱਤਲ** : ਡਾਕਟਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਇੱਕ ਮੰਗ ਰੱਖਣਾ ਚਾਹੁੰਦੀ ਹਾਂ ਕਿ ਜਿਹੜੀ ਬਿਲਡਿੰਗ ਰਾਜਪੁਰਾ ਵਿੱਚ ਅਨਸੇਫ ਅਨਾਊਂਸ ਕੀਤੀ ਗਈ ਹੈ, ਇਹ 10-12 ਸਾਲਾਂ ਵਿੱਚ ਹੀ ਕੰਡਮ ਹੋ ਗਈ ਹੈ। ਇਸ ਦੀ ਵਿਜੀਲੈਂਸ ਇਨਕੁਆਰੀ ਕਰਵਾਈ ਜਾਣੀ ਚਾਹੀਦੀ ਹੈ। ਇਹ ਬਿਲਡਿੰਗ 1992 ਵਿੱਚ ਬਣੀ ਅਤੇ 2004 ਵਿੱਚ ਅਨਸੇਫ ਹੋ ਗਈ ਹੈ। ਜਿਹੜੀ ਪਿਛਲੀ ਸਰਕਾਰ ਨੇ ਇਹ ਬਿਲਡਿੰਗ ਬਣਾਈ ਸੀ, ਇੰਨੀ ਕੰਡਮ ਬਿਲਡਿੰਗ ਕਿਉਂ ਬਣਾਈ ਕਿ ਕੁਝ ਸਾਲ ਵੀ ਨਹੀਂ ਚੱਲ ਸਕੀ, ਇਸ ਦੀ ਵਿਜੀਲੈਂਸ ਇਨਕੁਆਰੀ ਜ਼ਰੂਰ ਹੋਣੀ ਚਾਹੀਦੀ ਹੈ।

ਦੂਜੀ ਗੱਲ ਹੈ ਕਿ ਮੈਂ ਮੰਗ ਕੀਤੀ ਸੀ ਕਿ ਉਥੇ ਸਰਕਾਰੀ ਹਸਪਤਾਲ ਵਿੱਚ ਅੱਖਾਂ ਦਾ ਸਪੈਸ਼ਲ ਹਸਪਤਾਲ/ਵਿਭਾਗ ਬਣਨਾ ਚਾਹੀਦਾ ਹੈ। ਡਾਕਟਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਉਥੇ ਸਰਜਰੀਆਂ ਹੋ ਰਹੀਆਂ ਹਨ ਅਤੇ ਡਾਕਟਰ ਵੀ ਮੌਜੂਦ ਹਨ ਫਿਰ ਵੀ ਉਸ ਏਰੀਏ ਵਿੱਚ ਇੰਨੀ ਜ਼ਿਆਦਾ ਮੰਗ ਹੈ ਕਿ ਜਿਹੜੇ ਆਮ ਗਰੀਬ ਲੋਕਾਂ ਨੂੰ ਵੀ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ। ਉਸ ਏਰੀਏ ਵਿੱਚ ਜਿੰਨੀ ਤਾਦਾਦ ਵਿੱਚ ਅੱਖਾਂ ਦੀ ਸਮੱਸਿਆ ਹੈ, ਹਸਪਤਾਲ ਵਿੱਚ ਉਨੀ ਤਾਦਾਦ ਵਿੱਚ ਸਰਜਰੀਆਂ ਨਹੀਂ ਹੋ ਪਾਉਂਦੀਆਂ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਅਸੀਂ ਉਥੇ ਹੀ services expand ਕਰ ਰਹੇ ਹਾਂ। ਜਿਹੜੀ ਲੋਕਾਂ ਦੀ ਮੰਗ ਹੈ, ਉਸ ਨੂੰ ਪੂਰਾ ਕਰਾਂਗੇ। ਸਾਡਾ ਹੋਰ ਹਸਪਤਾਲਾਂ ਨਾਲ ਵੀ ਟਾਈ-ਅੱਪ ਹੈ, ਜਿਵੇਂ ਕਿ ਉਥੇ ਗਿਆਨ ਸਾਗਰ ਹਸਪਤਾਲ ਹੈ। ਸਰ, ਜਿਹੜੇ ਪ੍ਰਾਈਵੇਟ ਮੈਡੀਕਲ ਕਾਲਜ ਹਨ, ਉਨ੍ਹਾਂ ਨੂੰ ਵੀ ਅਸੀਂ ਗੌਰਮਿੰਟ ਪੈਕੇਜ ਦੇ ਦਿੱਤਾ ਹੈ। ਸੋ, ਉਥੇ ਜਾ ਕੇ ਮੁਫਤ ਸਰਜਰੀ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਰਜਿੰਦਰਾ ਹਸਪਤਾਲ ਵੀ ਬਹੁਤੀ ਦੂਰ ਨਹੀਂ ਹੈ।

ਇਨ੍ਹਾਂ ਨੇ ਜਿਹੜੀ ਇਨਕੁਆਰੀ ਦੀ ਗੱਲ ਕੀਤੀ ਹੈ, ਇਹ ਹੋਣੀ ਤਾਂ ਚਾਹੀਦੀ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਜਿਹੜੇ 2004 ਵਿੱਚ ਸਨ, ਉਹ ਤਾਂ ਹੁਣ ਪਾਰਟੀ ਵੀ ਛੱਡ ਗਏ ਹਨ। ਪਤਾ ਨਹੀਂ ਸ਼ਾਇਦ ਰਾਜਨੀਤੀ ਹੀ ਛੱਡ ਗਏ ਹਨ।

**ਸਰਦਾਰ ਪਰਗਟ ਸਿੰਘ ਪੋਆਰ** : ਇਨਕੁਆਰੀ ਕਰਵਾ ਲਉ। ਜਿਹੜਾ ਪੇਪਰ ਲੀਕ ਹੋਇਆ ਹੈ, ਇਸ ਦੀ ਵੀ ਇਨਕੁਆਰੀ ਕਰਵਾ ਲਉ।

**ਮਾਣਯੋਗ ਸਪੀਕਰ** : ਤੁਸੀਂ ਬੈਠੋ ਜੀ। ਆਪਾਂ ਕਾਰਵਾਈ ਅੱਗੇ ਲੈ ਚੱਲੀਏ।

**ਸਰਦਾਰ ਪਰਗਟ ਸਿੰਘ ਪੋਆਰ** : ਇਹ ਇਨਕੁਆਰੀ ਵੀ ਜ਼ਰੂਰ ਕਰਵਾਉ।

**ਮਾਣਯੋਗ ਸਪੀਕਰ** : ਤੁਸੀਂ ਪ੍ਰਸ਼ਨ ਕਾਲ ਚੱਲਣ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪਲੀਮੈਂਟਰੀ ਸਰ।

**ਮਾਣਯੋਗ ਸਪੀਕਰ** : ਹਾਂ ਜੀ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਸਿਹਤ ਵਿਭਾਗ ਦੇ ਮੰਤਰੀ ਡਾਕਟਰ ਬਲਬੀਰ ਸਿੰਘ ਹਨ ਅਤੇ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ, ਤੁਹਾਡੇ ਜ਼ਿਲ੍ਹੇ ਵਿੱਚ ਇੱਕ ਫਾਰਮੇਸੀ ਦਾ ਪੇਪਰ ਲੀਕ ਹੋਇਆ ਹੈ।

**ਮਾਣਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੁੜ ਕੇ ਤਾਂ ਟਾਈਮ ਹੀ ਨਹੀਂ ਮਿਲਣਾ ਹੈ।

**ਮਾਣਯੋਗ ਸਪੀਕਰ** : ਟਾਈਮ ਮਿਲੇਗਾ। ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੰਤਰੀ ਜੀ ਤੁਸੀਂ ਦਿੱਲੀ ਜਾ ਕੇ ਕਹਿੰਦੇ ਹੋ ਕਿ ਅਸਤੀਫਾ ਦਿਉ, ਹੁਣ ਤੁਸੀਂ ਵੀ ਅਸਤੀਫਾ ਦੇ ਦਿਉ। (ਵਿਘਨ) (ਸ਼ੋਰ)

---

**ਮਾਣਯੋਗ ਸਪੀਕਰ** : ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਬੋਲਣਗੇ।

## ਰਾਜ ਦੇ ਸਰਕਾਰੀ ਸਕੂਲਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੇ ਵੇਰਵੇ

***1862. ਸਰਦਾਰ ਪ੍ਰਤਾਪ ਸਿੰਘ ਬਾਜਵਾ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਰਾਜ ਦੇ ਸਰਕਾਰੀ ਸਕੂਲਾਂ (ਪ੍ਰਾਇਮਰੀ/ਐਲੀਮੈਂਟਰੀ, ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ) ਵਿੱਚ ਕੈਟਾਗਰੀ ਵਾਈਜ਼ ਕਿੰਨੀਆਂ ਅਸਾਮੀਆਂ ਮਨਜੂਰਸ਼ੁਦਾ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ;

ਅ) ਉਪਰੋਕਤ ਅਸਾਮੀਆਂ ਕਿੰਨੇ ਸਮੇਂ ਤੋਂ ਖਾਲੀ ਪਈਆਂ ਅਨ ਅਤੇ ਖਾਲੀ ਪਈਆਂ ਮਨਜੂਰਸ਼ੁਦਾ ਅਸਾਮੀਆਂ ਨੂੰ ਕਦੋਂ ਤੱਕ ਭਰ ਲਿਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ** : ਜੀ ਹਾਂ।

ੳ) ਰੂਲਾਂ ਅਨੁਸਾਰ ਰਾਜ ਦੇ ਸਰਕਾਰੀ ਸਕੂਲਾਂ (ਪ੍ਰਾਇਮਰੀ/ਐਲੀਮੈਂਟਰੀ, ਮਿਡਲ,ਹਾਈ ਅਤੇ ਹਾਇਰ ਸਕੈਕੰਡਰੀ ਸਕੂਲਾਂ) ਵਿੱਚ ਅਸਾਮੀਆ ਦੀ ਵੰਡ ਕੈਟਗਰੀ ਵਾਇਜ ਨਹੀ ਦਰਸਾਈ ਗਈ ਹੈ। ਪ੍ਰਾਇਮਰੀ, ਮਿਡਲ, ਹਾਈ ਤੇ ਹਾਇਰ ਸੈਕੰਡਰੀ ਸਕੂਲਾਂ ਵਿੱਚ ਮੰਜੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਅਨੁਲੱਗ 'ੳ' ਤੇ ਨੱਥੀ ਹਨ।

ਅ) ਉਪਰੋਕਤ ਅਸਾਮੀਆਂ ਵੱਖ-ਵੱਖ ਕਾਰਨਾਂ ਜਿਵੇਂ ਕਿ ਸੇਵਾ ਮੁਕਤੀ/ਅਸਤੀਫਾ/ਤਰੱਕੀਆਂ/ਨਵੀਆਂ ਅਸਾਮੀਆਂ ਦੀ ਸਿਰਜਣਾ ਆਦਿ ਕਰਕੇ ਵੱਖ-ਵੱਖ ਸਮੇਂ ਤੇ ਖਾਲੀ ਹੋਈਆਂ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਭਰਤੀ ਪ੍ਰਕਿਰਿਆ ਨਿਰੰਤਰ ਚਲਾਈ ਜਾ ਰਹੀ ਹੈ।

ਧੰਨਵਾਦ ਸਪੀਕਰ ਸਾਹਿਬ। ਮਾਣਯੋਗ ਮੈਂਬਰ ਸਾਹਿਬ ਨੇ ਸਵਾਲ ਨੰਬਰ 1862 ਪੁੱਛਿਆ ਹੈ ਜਿਸ ਵਿੱਚ ਪੁੱਛਿਆ ਗਿਆ ਹੈ ਕਿ ਪੰਜਾਬ ਦੇ ਸਰਕਾਰੀ ਪ੍ਰਾਈਮਰੀ/ਮਿਡਲ/ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਿੰਨੀਆਂ ਆਸਾਮੀਆਂ ਖਾਲੀ ਹਨ। ਕਦੋਂ ਤੋਂ ਖਾਲੀ ਹਨ ਅਤੇ ਕਦੋਂ ਭਰੀਆਂ ਜਾਣਗੀਆਂ। ਇਸ ਦਾ ਡਿਟੇਲ ਵਾਈਜ਼ ਵੇਰਵਾ is presented before this House. ਪ੍ਰਾਈਮਰੀ ਕਾਡਰ ਵਿੱਚ ਸਾਡੇ ਕੋਲ ਈ.ਟੀ.ਟੀ. ਵਿੱਚ 88.2% ਸੀਟਾਂ filled ਹਨ। ਕੁੱਲ 39201 ਸੈਂਕਸ਼ਨ ਪੋਸਟਾਂ ਹਨ ਜਿਨ੍ਹਾਂ ਵਿੱਚੋਂ 34574 ਭਰੀਆਂ ਹੋਈਆਂ ਹਨ। ਜਿਹੜਾ HT ਹੈ ਉਸ ਵਿੱਚ 89.4% seats are filled. CHTs are 1495 sanctioned posts and 1274 are filled, 85.2 are filled. Special Educators are 1950 sanctioned posts and only 196 are filled, which is 14.78%. ਇਸ ਦੇ ਪਿੱਛੇ ਕਾਰਨ ਹੈ ਕਿ ਇਸ ਦਾ ਫ਼ੈਸਲਾ ਹੁਣੇ ਹੀ ਸੁਪਰੀਮ ਕੋਰਟ ਨੇ ਦਿੱਤਾ ਹੈ। ਇਹ ਨਵੀਆਂ ਪੋਸਟਾਂ ਬਣੀਆਂ ਹਨ। ਇਸ ਤੋਂ ਇਲਾਵਾ ਅਸੀਂ ਸੈਂਕਸ਼ਨ ਪੋਸਟਾਂ ਡਬਲ ਕਰ ਰਹੇ ਹਾਂ। ਉਹ ਬੱਚੇ ਵੀ ਸਾਡੇ ਹੀ ਬੱਚੇ ਹਨ ਜਿਹੜੇ specially abled ਬੱਚੇ ਹਨ, ਇਸ ਲਈ ਅਸੀਂ ਸੈਂਕਸਨ ਪੋਸਟਾਂ ਵਧਾ ਰਹੇ ਹਾਂ। ਪਿਛਲੇ ਸਾਲ ਹੀ ਭਰਤੀ ਕੀਤੀ ਹੈ ਅਤੇ 350 ਹੋਰ ਭਰਤੀ ਕਰ ਰਹੇ ਹਾਂ। ਤਿੰਨ ਸਾਲਾਂ ਵਿੱਚ we will reach to 3600 posts, which will be 200% of the present data. Then, moving on to Master Cadre, ਸਰ, ਅਸੀਂ ਮਾਸਟਰ ਕਾਡਰ ਵਿੱਚ 66% ਤੇ ਖੜ੍ਹੇ ਹਾਂ।

**1210/mehak**

ਕਿਸੇ ਵੀ ਭਰਤੀ ਦੇ ਦੋ ਤਰੀਕੇ ਹੁੰਦੇ ਹਨ। ਇੱਕ ਡਾਇਰੈਕਟ ਰਿਕਰੂਟਮੈਂਟ ਹੁੰਦੀ ਹੈ ਅਤੇ ਦੂਜਾ ਪ੍ਰਮੋਸ਼ਨ ਕੋਟਾ ਹੁੰਦਾ ਹੈ। ਸਰ, ਪ੍ਰਮੋਸ਼ਨ ਕੋਟਾ ਖਾਲੀ ਪਿਆ ਹੋਇਆ ਹੈ। ਤਿੰਨੋਂ ਵਾਰੀ ਹਾਈ ਕੋਰਟ ਵਿੱਚ ਕੋਈ ਨਾ ਕੋਈ ਪ੍ਰੋਬਲਮ ਆਈ ਸੀ, now we are hopeful ਕਿ ਇਸੇ ਮਹੀਨੇ ਅਗਸਤ ਵਿੱਚ ਪੰਜਾਬ ਵਿੱਚ ਅੱਜ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਮੋਸ਼ਨਾਂ, ਪੰਜ ਹਜ਼ਾਰ ਤੋਂ ਵੱਧ ਪ੍ਰਮੋਸ਼ਨਾਂ ਹੋਣਗੀਆਂ ਅਤੇ ਇਸੀ ਮਹੀਨੇ ਨਵੀਂ ਰਿਕਰੂਟਮੈਂਟ ਵੀ ਕੀਤੀ ਜਾਵੇਗੀ। Then we will be standing at 90% in next three to four months. ਸਰ, ਲੈਕਚਰਾਰ ਕਾਡਰ ਵਿੱਚ ਅਸੀਂ ਇਸ ਸਮੇਂ 73% ਤੇ ਖੜ੍ਹੇ ਹਾਂ, 3733 ਕੁੱਲ ਪੋਸਟਾਂ ਖਾਲੀ ਹਨ। 31.12.2026 ਤੱਕ ਜਿੰਨੀਆਂ ਵੀ ਡਾਇਰੈਕਟ ਰਿਕਰੂਟਮੈਂਟ ਦੀਆਂ ਸੀਟਾਂ ਬਣਦੀਆਂ ਸੀ, 1032 ਪੋਸਟਾਂ have been advertised. ਉਸ ਲਈ ਹੁਣ ਤੱਕ 40 ਹਜ਼ਾਰ ਤੋਂ ਵੱਧ ਐਪਲੀਕੈਂਟਸ ਨੇ ਅਪਲਾਈ ਕਰ ਦਿੱਤਾ ਹੈ। GNDU has been assigned. ਇਸ ਦਾ ਪੇਪਰ ਜਲਦ ਤੋਂ ਜਲਦ ਹੋ ਜਾਵੇਗਾ। ਇਸ ਦੇ ਨਾਲ ਹੀ ਮਾਸਟਰ ਕਾਡਰ ਦੀ ਪ੍ਰਮੋਸ਼ਨ ਹੋ ਜਾਵੇਗੀ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀ ਪ੍ਰਮੋਸ਼ਨ ਹੋ ਜਾਵੇਗੀ। ਇਸ ਦੇ ਨਾਲ ਹੀ ਪ੍ਰਿੰਸੀਪਲ ਬਾਰੇ ਇਸ ਪ੍ਰਸ਼ਨ ਵਿੱਚ ਪੁੱਛਿਆ ਨਹੀਂ ਗਿਆ ਹੈ ਪਰ ਮੈਂ ਦੱਸ ਦਿੰਦਾ ਹਾਂ ਕਿ ਪ੍ਰਿੰਸੀਪਲ ਦੀਆਂ ਪੋਸਟਾਂ ਲਈ ਅਸੀਂ ਇਸ ਵਕਤ 50% ਤੇ ਖੜ੍ਹੇ ਹਾਂ। ਤੁਸੀਂ ਦੋ ਹੀ ਤਰੀਕਿਆਂ ਨਾਲ ਪ੍ਰਿੰਸੀਪਲ ਲੈ ਕੇ ਆ ਸਕਦੇ ਹੋ ਜਾਂ ਤਾਂ ਨਵੀਂ ਭਰਤੀ ਰਾਹੀਂ ਜਾਂ ਪ੍ਰਮੋਸ਼ਨ ਰਾਹੀਂ। ਦੋਨਾਂ ਤੇ ਹੀ ਸਟੇਅ ਲਗਿਆ ਸੀ but now we have got a relief ਹੁਣ ਅਸੀਂ ਪ੍ਰਿੰਸੀਪਲਜ਼ ਦੀ ਵੀ ਪ੍ਰਮੋਸ਼ਨ ਕਰ ਰਹੇ ਹਾਂ ਅਤੇ ਉਹ ਵੀ 70-75% ਤੇ ਆ ਜਾਣਗੇ। ਇਨ੍ਹਾਂ ਨੇ ਕੁੱਲ ਅੰਕੜਾ ਨਹੀਂ ਪੁੱਛਿਆ ਹੈ ਪਰ ਮੈਂ ਦੱਸ ਦਿੰਦਾ ਹਾਂ ਕਿ ਕੁੱਲ ਅੰਕੜਾ 77% ਬਣਦਾ ਹੈ। ਪਿਛਲੇ ਸਾਲਾਂ ਵਿੱਚ ਇਹ 63% ਸੀ। ਇੰਡੀਆ ਦੀ ਬੈਸਟ teacher-pupil ratio ਪੰਜਾਬ ਨੇ ਅਚੀਵ ਕੀਤੀ ਹੈ। ਯਾਨੀ 22 ਬੱਚਿਆਂ ਦੇ ਉਤੇ ਇੱਕ ਅਧਿਆਪਕ ਹੈ। ਇਸ ਤੋਂ ਇਲਾਵਾ only state in India, ਮਾਨ ਸਾਹਿਬ ਦੀ ਸਰਕਾਰ ਨੇ ਤਿੰਨ ਹਜ਼ਾਰ ਸਕਿਉਰਟੀ ਗਾਰਡਜ਼, ਦੋ ਹਜ਼ਾਰ ਕੈਂਪਸ ਮੈਨੇਜਰ, ਪੰਜ ਹਜ਼ਾਰ ਹੋਰ ਜਿਵੇਂ ਸਫਾਈ ਸੇਵਕ, ਚੌਂਕੀਦਾਰ ਆਦਿ ਲੈ ਕੇ ਆ ਰਹੇ ਹਾਂ। (ਥੰਪਿੰਗ)

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਕੀ ਕੋਈ ਸਪਲੀਮੈਂਟਰੀ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਬੜਾ ਕੁਝ ਹੈ ਜੀ।

**ਮਾਣਯੋਗ ਸਪੀਕਰ**: ਆਓ ਜੀ, ਵੈਲਕਮ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੇਰੀ ਬੇਨਤੀ ਇਸ ਤਰ੍ਹਾਂ ਹੈ ਕਿ ਮੇਰੇ ਛੋਟੇ ਵੀਰ ਬੜੇ ਪੜ੍ਹੇ-ਲਿਖੇ ਮਨਿਸਟਰ ਹਨ। Jugglery of words and figures, ਜਿਸ ਤਰ੍ਹਾਂ ਕੋਈ ਜਾਦੂਗਰ ਜਗਲਰੀ ਕਰਦਾ ਹੈ ਤੇ ਹੈਟ ਵਿੱਚੋਂ ਕਬੂਤਰ ਕੱਢ ਦਿੰਦਾ ਹੈ ਪਰ ਜਦੋਂ ਅਸਲ ਵਿੱਚ ਦੇਖਦੇ ਹਾਂ ਤਾਂ ਉਸ ਵਿੱਚ ਕੁਝ ਵੀ ਨਹੀਂ ਹੁੰਦਾ ਹੈ। By the end of the day, ਇੱਕ ਲੱਖ ਟੀਚਰਾਂ ਦੀ ਪੋਸਟ ਹੈ। He says, according to him it is the number one performing educational State in India. Unfortunately, ਮੈਨੂੰ ਇਹ ਦੱਸਣਾ ਪੈ ਰਿਹਾ ਹੈ ਕਿ ਇਹ ਇਨਕੰਪਲੀਟ ਜਵਾਬ ਹੈ, ਖਾਲੀ ਅਸਾਮੀਆਂ

ਭਰਨ ਲਈ ਕੋਈ ਟਾਈਮਲਾਈਨ ਨਹੀਂ ਹੈ। (ਵਿਘਨ) ਇੱਕ ਮਿੰਟ ਸਰ। ਇਸ ਵਿੱਚ 3260 ਪ੍ਰਾਇਮਰੀ ਦੀਆਂ ਪੋਸਟਾਂ ਖਾਲੀ ਹਨ, 20378 ਪੋਸਟਾਂ ਮਾਸਟਰ ਕਾਡਰ ਦੀਆਂ ਖਾਲੀ ਹਨ, 3733 ਪੋਸਟਾਂ ਲੈਕਚਰਾਰ ਦੀਆਂ ਖਾਲੀ ਹਨ ਅਤੇ ਕੁੱਲ 27, 370 ਪੋਸਟਾਂ ਦਾ ਮਤਲਬ ਹੋਇਆ ਕਿ ਤਕਰੀਬਨ 27.5 ਤੋਂ 28% ਪੋਸਟਾਂ ਬਿਲਕੁਲ ਖਾਲੀ ਹੀ ਪਈਆਂ ਹਨ। So, I don't agree with him. ਜੋ ਇਹ ਗੱਲ ਕਰ ਰਹੇ ਹਨ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਆਪਣੇ ਛੋਟੇ ਵੀਰ ਨੂੰ ਪੁੱਛਣਾ ਚਾਹੁੰਦਾ ਹਾਂ, he is a very good minister, ਮੈਂ ਇਨ੍ਹਾਂ ਨੂੰ ਬਹੁਤ ਪਸੰਦ ਕਰਦਾ ਹਾਂ। ਪਿਛਲੇ ਦਿਨੀਂ ਇਹ ਜੰਤਰ ਮੰਤਰ ਤੇ ਗਏ ਸੀ, ਜਿੱਥੇ ਕਾਕਰੋਚ ਪਾਰਟੀ ਦੇ ਲੱਖਾਂ ਸਟੂਡੈਂਟਸ ਵੱਲੋਂ ਨੀਟ ਦੇ ਐਗਜ਼ਾਮ ਦੇ ਖਿਲਾਫ ਸਾਰੇ ਹਿੰਦੁਸਤਾਨ ਵਿੱਚ ਪ੍ਰਦਰਸ਼ਨ ਹੋਇਆ ਤੇ ਉੱਥੇ ਬੈਂਸ ਸਾਹਿਬ ਵੀ ਸਟੇਜ ਤੇ ਪਹੁੰਚੇ। ਇਨ੍ਹਾਂ ਨੇ ਉੱਥੇ ਧਰਮਿੰਦਰ ਪ੍ਰਧਾਨ ਤੇ ਸਾਰੀਆਂ ਪਾਰਟੀਆਂ ਵੱਲੋਂ ਇਹ ਗੱਲ ਕਹੀ ਕਿ ਉਸ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਅਸਤੀਫਾ ਹੋਇਆ।

**ਮਾਣਯੋਗ ਸਪੀਕਰ**: ਤੁਸੀਂ ਪੋਸਟਾਂ ਦੇ ਨੰਬਰ ਦੀ ਗੱਲ ਕਰ ਰਹੇ ਸੀ, ਧਰਮਿੰਦਰ ਪ੍ਰਧਾਨ ਕਿੱਥੋਂ ਆ ਗਿਆ? ਬਾਜਵਾ ਜੀ, ਤੁਸੀਂ ਸਭ ਤੋਂ ਵੱਧ ਐਕਸਪੀਰੀਐਂਸਡ ਮੈਂਬਰ ਹੋ, ਜਿਹੜਾ ਪ੍ਰਸ਼ਨ ਕਾਲ ਹੈ, ਉਸ ਨੂੰ ਡਿਸਕਸ਼ਨ ਵਿੱਚ ਨਾ ਲੈ ਕੇ ਜਾਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ, ਨਹੀਂ ਉੱਥੇ ਨਹੀਂ ਲੈ ਕੇ ਜਾ ਰਹੇ।

**ਮਾਣਯੋਗ ਸਪੀਕਰ**: ਜੇ ਮੰਤਰੀ ਜੀ ਨੇ ਜਵਾਬ ਦੇਣਾ ਹੋਇਆ ਤਾਂ ਉਹ ਬਾਅਦ ਵਿੱਚ ਦੇ ਲੈਣਗੇ। ਇੱਕ ਮਿੰਟ, ਬਾਜਵਾ ਜੀ। ਮੰਤਰੀ ਜੀ ਜੇ ਤੁਸੀਂ ਜਵਾਬ ਦੇਣਾ ਹੈ, ਤਾਂ ਤੁਸੀਂ ਬਾਅਦ ਵਿੱਚ ਦੇ ਦਿਓ। ਆਪਾਂ ਪ੍ਰਸ਼ਨ ਕਾਲ ਅੱਗੇ ਲੈ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੈਂ ਸਿਰਫ ਇੰਨਾ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਛੇ ਵਾਰ ਪੇਪਰ ਲੀਕ ਹੋਇਆ, ਪੰਜ ਵਾਰੀ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਅਤੇ ਇੱਕ ਵਾਰੀ ਹੈਲਥ ਡਿਪਾਰਟਮੈਂਟ ਵਿੱਚ ਲੀਕ ਹੋਇਆ ਹੈ। ਕੀ ਇਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਈ ਧਰਮਿੰਦਰ ਪ੍ਰਧਾਨ ਵਾਂਗ will Doctor Balbir Singh resign or not?

**ਮਾਣਯੋਗ ਸਪੀਕਰ**: ਹਰਜੋਤ ਜੀ। (ਵਿਘਨ) ਬਾਜਵਾ ਸਾਹਿਬ ਪਹਿਲੀ ਗੱਲ ਤਾਂ ਇਹ ਹੈ ਕਿ ਕਿਰਪਾ ਕਰਕੇ ਜਿਹੜਾ ਸਦਨ ਹੈ, ਇਹ ਕਿਸੇ ਕਾਇਦੇ ਕਾਨੂੰਨ ਨਾਲ ਚੱਲਣਾ ਹੈ। 20 ਮੈਂਬਰਾਂ ਦੇ, ਮਾਣਯੋਗ ਹੋਰ ਮੈਂਬਰ ਸਾਹਿਬਾਨਾਂ ਦੇ ਵੀ ਪ੍ਰਸ਼ਨ ਲੱਗੇ ਹਨ। ਪਹਿਲਾਂ ਉਹ ਕੰਪਲੀਟ ਕਰ ਲਈਏ। ਤੁਹਾਡੇ ਕੋਲ ਬੜਾ ਸਮਾਂ ਹੈ, 7 ਦਿਨ ਡਿਸਕਸ਼ਨ ਵਾਸਤੇ ਹਨ। ਤੁਸੀਂ ਧਰਮਿੰਦਰ ਪ੍ਰਧਾਨ ਦਾ ਮਸਲਾ ਲੈ ਆਇਓ, ਤੁਸੀਂ ਸਾਰੇ ਮਸਲੇ ਲੈ ਆਇਓ। ਬਾਜਵਾ ਸਾਹਿਬ, ਇਸ ਦਾ ਜਵਾਬ ਵੈਸੇ ਬਣਦਾ ਨਹੀਂ ਹੈ। ਜੇ ਮੰਤਰੀ ਜੀ ਦੇਣਾ ਚਾਹੁੰਦੇ ਹੋਣ ਤਾਂ ਦੇ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮੰਤਰੀ**: ਬਾਜਵਾ ਸਾਹਿਬ, ਪ੍ਰਸ਼ਨ ਕਾਲ ਖਤਮ ਹੋ ਲੈਣ ਦਿਓ, ਮੈਂ ਪੂਰੀ ਤਿਆਰੀ ਨਾਲ ਆਇਆ ਹਾਂ। (ਵਿਘਨ, ਸ਼ੋਰ) ਸਰ, ਮਾਣਯੋਗ ਮੈਂਬਰ ਵੱਲੋਂ ਜੋ ਪ੍ਰਸ਼ਨ ਪੁੱਛਿਆ ਗਿਆ ਸੀ ਤੇ ਜੋ ਮੈਂ ਡਾਟਾ ਦਿੱਤਾ ਸੀ, ਸ਼ਾਇਦ ਮੈਂ ਬਹੁਤ ਤੇਜ਼ ਬੋਲਦਾ ਹਾਂ, ਜੇ ਇਹ ਸਲੋਅ ਕਰਕੇ ਸੁਣ ਲੈਣ ਤਾਂ ਮੈਂ ਉਹੀ ਅੰਕੜੇ ਬੋਲੇ ਹਨ।

**ਮਾਣਯੋਗ ਸਪੀਕਰ**: ਇਸ ਦਾ ਮਤਲਬ ਹੈਟ ਵਿੱਚ ਕਬੂਤਰ ਹੈ ਪਰ ਇਨ੍ਹਾਂ ਨੂੰ ਦਿਸਿਆ ਨਹੀਂ ਹੈ। ਤੁਸੀਂ ਜ਼ਰਾ ਧਿਆਨ ਨਾਲ ਦੇਖੋ। ਬੈਠੋ।

**1215/Sukhpiar Singh**

**ਮੰਤਰੀ**: ਸਰ, ਮੈਂ ਪੂਰੀ ਤਿਆਰੀ ਕਰਕੇ ਆਇਆ ਹਾਂ। ਮੇਰੀ ਬੇਨਤੀ ਹੈ ਕਿ ਇਹ ਨਾ ਭੱਜਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮੰਤਰੀ**: ਸਰ, ਕੁਐਸਚਨ ਆਵਰ ਤੋਂ ਬਾਅਦ ਪੂਰੀ ਤਿਆਰੀ ਵਿੱਚ ਹਾਂ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਮੈਂ ਤੁਹਾਡੀਆਂ ਸਾਰੀਆਂ ਗੱਲਾਂ ਸੁਣਾਂਗਾ।

**ਮੰਤਰੀ:** ਇੱਥੇ ਬੈਠੋ। ਮੈਂ ਪੂਰੀ ਤਿਆਰੀ ਨਾਲ ਆਇਆ ਹਾਂ। (ਵਿਘਨ) (ਸ਼ੋਰ) ਹਾਂ, ਫਿਰ ਤਾਂ ਕੀ ਹੋ ਗਿਆ? (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ), ਅੰਗਰੇਜ਼ੀ ਪੜ੍ਹਨੀ ਆਉਂਦੀ ਹੈ, ਇਕੱਲੀ ਤੈਨੂੰ ਨਹੀਂ ਆਉਂਦੀ। ਹਾਂ, ਬਹਿਸ ਕਰਾਂਗੇ।

**ਮਾਣਯੋਗ ਸਪੀਕਰ:** ਬੈਠੋ ਮੰਤਰੀ ਜੀ, ਬੈਠੋ, ਬੈਠੋ। (ਵਿਘਨ) (ਸ਼ੋਰ)

**ਮੰਤਰੀ** : ਆ ਜਾ ਪੁੱਤ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਵੱਲ ਇਸ਼ਾਰਾ)।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਮੰਤਰੀ ਜੀ ਬੈਠੋ। ਮੈਂ ਸਤਿਕਾਰਯੋਗ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਲੋਕ ਤੁਹਾਨੂੰ ਦੇਖ ਰਹੇ ਹਨ, ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਮੈਂਬਰ ਸਾਹਿਬਾਨ, ਤੁਹਾਡੇ ਵੀ ਕੁਐਸਚਨ ਲੋਕਾਂ ਨਾਲ ਸਬੰਧਤ ਹਨ। ਤੁਸੀਂ ਕੁਐਸਚਨ ਆਵਰ ਚੱਲਣ ਦਿਉ। ਜੇ ਕੁਐਸਚਨ ਆਵਰ ਨਹੀਂ ਚੱਲੇਗਾ ਤਾਂ ਲੋਕਾਂ ਦੇ ਕੰਮ ਕਿਸ ਤਰ੍ਹਾਂ ਹੋਣਗੇ? ਇਹ ਤੁਹਾਡੇ ਕੋਲ ਇੱਕ ਹਫਤਾ ਹੈ। ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਪੰਜਾਬ ਦੇ ਲੋਕ ਤੁਹਾਨੂੰ ਦੇਖ ਰਹੇ ਹਨ। ਜੇ ਤੁਹਾਡੇ ਕੋਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਲਈ patience ਨਹੀਂ ਹਨ। ਤੁਸੀਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਨਹੀਂ ਰੱਖੋਗੇ ਤਾਂ ਫਿਰ ਤੁਹਾਨੂੰ ਇੱਥੇ ਭੇਜਣ ਦਾ ਮਕਸਦ ਕਿਵੇਂ ਹੱਲ ਹੋਵੇਗਾ? ਸੋ, ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਆਪੋ ਆਪਣੀਆਂ ਸੀਟਾਂ ਤੇ ਜਾਓ। ਜ਼ੀਰੋ ਆਵਰ ਵੀ ਹੈ, ਡਿਸਕਸ਼ਨ ਵੀ ਹੈ, ਮਤੇ ਵੀ ਆਉਣੇ ਹਨ, ਕਾਲਿੰਗ ਅਟੈਂਸ਼ਨ ਵੀ ਹੈ, ਤੁਹਾਡੇ ਲਈ ਸਾਰਾ ਕੁਝ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ:** ਤੁਸੀਂ ਇਸ ਤਰ੍ਹਾਂ ਕਿਉਂ ਕਰ ਰਹੇ ਹੋ। ਤੁਸੀਂ ਕੁਐਸ਼ਚਨ ਆਵਰ ਚੱਲਣ ਦਿਉ, ਇਹ ਬਹੁਤ ਜ਼ਰੂਰੀ ਹੈ। ਨਹੀਂ ਤਾਂ ਮੈਨੂੰ ਮਜਬੂਰ ਹੋ ਕੇ ਕੋਈ ਸਖਤ ਐਕਸ਼ਨ ਲੈਣ ਪਵੇਗਾ। ਕੁਐਸ਼ਚਨ ਆਵਰ ਚੱਲਣ ਦਿਉ। ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਤੇ ਮੰਤਰੀ ਸਾਹਿਬਾਨ ਵੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ:** ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੇ ਆਪ ਸਭ ਨੂੰ ਬੜੀਆਂ ਆਸਾਂ ਨਾਲ ਇੱਥੇ ਭੇਜਿਆ ਹੈ, ਪੰਜਾਬ ਦੀ ਵਿਧਾਨ ਸਭਾ ਵਿੱਚ ਤੁਹਾਨੂੰ ਬੜੀਆਂ ਆਸਾਂ ਨਾਲ ਭੇਜਿਆ ਹੈ। ਤੁਸੀਂ ਇਸ ਗੈਰ-ਜ਼ਿੰਮੇਵਾਰਾਨਾ ਕੰਮ ਦੇ ਨਾਲ, ਜਿਹੜਾ ਤੁਸੀਂ ਅੱਜ ਵੈੱਲ ਵਿੱਚ ਕਰ ਰਹੇ ਹੋ, ਇਹ ਬਿਲਕੁਲ ਗੈਰ-ਜ਼ਿੰਮੇਵਾਰ ਹੈ। ਹਰੇਕ ਕੰਮ ਲਈ ਸਮਾਂ ਹੁੰਦਾ ਹੈ, ਹਰੇਕ ਕੰਮ ਲਈ ਵਿਧੀ-ਵਿਧਾਨ ਹੈ। ਸਾਰੀਆਂ ਗੱਲਾਂ ਹਨ, ਕਿਰਪਾ ਕਰਕੇ ਤੁਸੀਂ ਇਸ ਤਰ੍ਹਾਂ ਕਰਕੇ ਪੰਜਾਬ ਦੇ ਲੋਕਾਂ ਦੀਆਂ ਆਸਾਂ ਤੇ ਪਾਣੀ ਨਾ ਫੇਰੋ, ਜਾਂ ਤਾਂ ਤੁਸੀਂ ਤਿਆਰੀ ਨਹੀਂ ਕਰਕੇ ਆਏ, ਜੇ ਤਿਆਰੀ ਕਰਕੇ ਆਏ ਹੋ ਤਾਂ ਬੈਠੋ, ਸੁਣੋ ਅਤੇ ਪੁੱਛੋ। ਗੁਰਬਾਣੀ ਵੀ ਕਹਿੰਦੀ ਹੈ:

*ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।।*

ਤੁਸੀਂ ਪ੍ਰੋਟੈਸਟ ਕਰੋ ਲੇਕਿਨ ਸਮੇਂ ਤੇ ਕਰੋ, ਇਹ ਸਮਾਂ ਨਹੀਂ ਹੈ, ਜਿਹੜਾ ਪ੍ਰਸ਼ਨ ਕਾਲ ਹੈ, ਇਹ ਬਹੁਤ ਜ਼ਰੂਰੀ ਹੈ। ਬਹੁਤ ਔਖਾ ਸਮਾਂ ਮਿਲਦਾ ਹੈ। ਸਾਡੇ ਵਿਧਾਇਕ ਸਾਹਿਬਾਨ ਨੂੰ ਜਾਂ ਸਾਡੇ ਲੋਕਾਂ ਨੂੰ ਵਿਧਾਇਕ ਸਾਹਿਬਾਨ ਦੇ ਰਸਤੇ ਰਾਹੀਂ ਸਰਕਾਰ ਨੂੰ ਅਕਾਊਂਟੇਬਲ ਕਰਨ ਦਾ, ਸਰਕਾਰੀ ਅਫਸਰਾਂ ਤੋਂ ਪੁੱਛਣ ਦਾ, ਮੰਤਰੀ ਸਾਹਿਬਾਨ ਨੂੰ ਅਕਾਊਂਟੇਬਲ ਕਰਨ ਦਾ, ਤੁਸੀਂ ਉਹ ਸਮਾਂ ਨਾਅਰਿਆਂ ਵਿੱਚ ਵੇਸਟ ਨਾ ਕਰੋ। ਮੇਰੀ ਹੱਥ ਜੋੜ ਕੇ ਬੇਨਤੀ ਹੈ। ਸਰਦਾਰ ਹਰਪਾਲ ਸਿੰਘ ਚੀਮਾ ਕੁਝ ਕਹਿਣਾ ਚਾਹੁੰਦੇ ਹਨ

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਲੀਕ ਹੋ ਚੁੱਕੀ ਹੈ। ਅੱਜ ਕਾਂਗਰਸ ਪਾਰਟੀ ਪੰਜਾਬ ਦੇ ਅੰਦਰ ਖਤਮ ਹੋ ਚੁੱਕੀ ਹੈ। ਥਾਂ ਥਾਂ ਤੇ ਕਾਂਗਰਸ ਪਾਰਟੀ ਦੀ ਮੀਟਿੰਗ ਪੰਜਾਬ ਦੇ ਅੰਦਰ ਦੇਖਣ ਨੂੰ ਮਿਲ ਰਹੀ ਹੈ। ਪਿਛਲੇ 4.5 ਸਾਲਾਂ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ, ਮਾਣਯੋਗ ਸੀ.ਐਮ. ਸਾਹਿਬ ਨੇ ਪੰਜਾਬ ਅੰਦਰ ਲਗਭਗ 70 ਹਜ਼ਾਰ ਨੌਕਰੀਆਂ ਮੈਰਿਟ ਦੇ ਆਧਾਰ ਤੇ ਪੰਜਾਬ ਦੇ ਗਰੀਬ ਘਰਾਂ ਦੇ ਬੱਚਿਆਂ ਨੂੰ ਦਿੱਤੀਆਂ ਹਨ। ਅੱਜ ਪੰਜਾਬ ਦੇ ਅੰਦਰ ਮੈਰਿਟ ਚੱਲਣ ਲੱਗੀ ਹੈ, ਲੋਕ ਮੈਰਿਟ ਤੇ ਭਰਤੀ ਹੋਣ ਲੱਗੇ ਹਨ ਤਾਂ ਇਹ ਲੋਕ ਪੰਜਾਬ ਦੇ ਅੰਦਰ ਡਰਾਮਾ ਕਰ ਰਹੇ ਹਨ।

**1220/Manika Rani**

(ਵਿਘਨ, ਸ਼ੋਰ) not a single paper ਪੰਜਾਬ ਦੇ ਅੰਦਰ ਲੀਕ ਨਹੀਂ ਹੋਇਆ ਹੈ। ਪੰਜਾਬ ਦੇ ਅੰਦਰ ਲਗਾਤਾਰ ਜਿੰਨੀਆਂ ਐਡਮਿਸ਼ਨਾਂ ਹੋਈਆਂ ਹਨ, ਉਹ ਸਾਰੀਆਂ ਮੈਰਿਟ ਦੇ ਆਧਾਰ ਤੇ ਹੋਈਆਂ ਹਨ ਅਤੇ ਜਿੰਨੀਆਂ ਵੀ ਭਰਤੀਆਂ ਹਨ, ਉਹ ਸਾਰੀਆਂ ਮੈਰਿਟ ਦੇ ਆਧਾਰ ਤੇ ਹੋਈਆਂ ਹਨ। ਅੱਜ ਕਾਂਗਰਸ ਪਾਰਟੀ ਖੁਦ ਲੀਕ ਹੋ ਚੁੱਕੀ ਹੈ। ਮੈਂ ਸਮਝਦਾ ਹਾਂ ਕਿ ਕਾਂਗਰਸ ਪਾਰਟੀ ਪੰਜਾਬ ਦੇ ਅੰਦਰੋਂ ਖਤਮ ਹੋ ਚੁੱਕੀ ਹੈ। (ਵਿਘਨ, ਸ਼ੋਰ) ਇਸ ਕਰਕੇ ਇਹ ਡਰਾਮੇ ਕਰ ਰਹੇ ਹਨ। ਇਨ੍ਹਾਂ ਨੇ ਪੰਜਾਬ ਦੇ ਅੰਦਰੋਂ ਕਾਂਗਰਸ ਪਾਰਟੀ ਦਾ ਵਜੂਦ ਖਤਮ ਕਰ ਦਿੱਤਾ ਹੈ।

**ਮਾਣਯੋਗ ਸਪੀਕਰ** : (ਆਪਣੀ ਚੇਅਰ ਉੱਤੇ ਖੜ੍ਹੇ ਹੋ ਕੇ) ਮੈਂ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਔਰ ਖਾਸ ਕਰਕੇ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ-ਆਪਣੀਆਂ ਸੀਟਾਂ ਤੇ ਵਾਪਸ ਬੈਠੋ। ਤੁਹਾਡੇ ਵਿੱਚੋਂ ਬਹੁਤੇ ਮੈਂਬਰ ਦੋ-ਦੋ, ਤਿੰਨ-ਤਿੰਨ ਵਾਰ ਦੇ ਵਿਧਾਇਕ ਬਣ ਕੇ ਆਏ ਹਨ। ਦੋ-ਦੋ, ਤਿੰਨ-ਤਿੰਨ ਵਿਧਾਇਕ ਹੋਣ ਦੇ ਨਾਤੇ ਤੁਹਾਡੀ ਜ਼ਿੰਮੇਵਾਰੀ ਜ਼ਿਆਦਾ ਬਣਦੀ ਹੈ ਕਿਉਂਕਿ ਜਿਹੜਾ ਪ੍ਰਸ਼ਨ ਕਾਲ ਹੁੰਦਾ ਹੈ, ਇਸ ਦੀ ਸਭ ਤੋਂ ਵੱਧ sanctity ਰੱਖਦਾ ਹੈ। (ਵਿਘਨ, ਸ਼ੋਰ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਤੇ ਮੰਤਰੀ ਸਾਹਿਬਾਨ ਵੀ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** (ਆਪਣੀ ਚੇਅਰ ਤੇ ਖੜ੍ਹੇ ਹੋ ਕੇ) ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਦੇ ਪ੍ਰਸ਼ਨ ਲੱਗਣ ਦਿਉ ਨਹੀਂ ਤਾਂ ਫਿਰ ਮੈਨੂੰ ਤੁਹਾਡੇ ਖਿਲਾਫ ਸਖਤ ਕਾਰਵਾਈ ਕਰਨੀ ਪਵੇਗੀ। (ਵਿਘਨ, ਸ਼ੋਰ) ਇਹ ਬਿਲਕੁਲ ਬਰਦਾਸ਼ਤਯੋਗ ਨਹੀਂ ਹੈ। ਇਹ ਬਿਲਕੁਲ ਬਰਦਾਸ਼ਤ ਨਹੀਂ ਹੈ।

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਆਪਣੀ ਚੇਅਰ ਤੇ ਬੈਠ ਗਏ।)

**ਮਾਣਯੋਗ ਸਪੀਕਰ:** ਸਦਨ (ਵਿਘਨ, ਸ਼ੋਰ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਰ, ਸਦਨ ਕੰਟੀਨਿਊ ਰਹਿਣ ਦਿਓ ਕਿਉਂਕਿ ਪ੍ਰਸ਼ਨ ਕਾਲ ਚੱਲ ਰਿਹਾ ਹੈ। ਸਰ, ਪ੍ਰਸ਼ਨ ਕਾਲ ਚੱਲਣ ਦਿਉ ਜੀ।

## SHORT ADJOURNMENT OF THE HOUSE AGAIN

**ਮਾਣਯੋਗ ਸਪੀਕਰ:** ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*12.22 ਵਜੇ ਬਾਅਦ ਦੁਪਹਿਰ ।) (*ਇਸ ਉਪਰੰਤ ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*12.30 ਵਜੇ ਦੁਪਹਿਰ।) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---

**1230/Gurpreet kaur**

**ਮਾਣਯੋਗ ਸਪੀਕਰ:** ਮੈਂ ਸਭ ਤੋਂ ਪਹਿਲਾਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਸਭ ਤੋਂ ਕਾਬਿਲ ਲੋਕ ਸਮਝ ਕੇ ਮਾਣਯੋਗ ਵਿਧਾਇਕ ਸਾਹਿਬਾਨ ਨੂੰ ਪੰਜਾਬ ਦੀ ਵਿਧਾਨ ਸਭਾ ਵਿੱਚ ਭੇਜਿਆ ਹੈ। ਜਿਹੜਾ ਪ੍ਰਸ਼ਨ ਕਾਲ ਹੁੰਦਾ ਹੈ, ਇਹ ਵਿਧਾਨ ਸਭਾ ਦੀ ਵਿਧਾਨਕ ਵਿਧੀ ਵਿਧਾਨ ਦਾ ਸਭ ਤੋਂ ਜ਼ਰੂਰੀ ਅੰਗ ਹੈ। ਇਹ ਕੰਸਟੀਚਿਊਸ਼ਨਲ ਪ੍ਰੋਸੈਸ ਹੈ, ਇਹ ਲੈਜਿਸਲੇਟਿਵ ਪ੍ਰੋਸੈਸ ਹੈ। ਇਸ ਵਿੱਚ ਵਿਘਨ ਪਾਉਣ ਦਾ ਮਤਲਬ ਪੰਜਾਬ ਦੇ ਲੋਕਾਂ ਵੱਲੋਂ ਲਗਾਈ ਗਈ ਜ਼ਿੰਮੇਵਾਰੀ ਤੋਂ ਕਿਤੇ ਨਾ ਕਿਤੇ ਡਿਲਿਊਟ ਕਰਨਾ ਹੈ। ਇਸ ਨਾਲ ਲੋਕ ਨਿਰਾਸ਼ ਹੋਣਗੇ। ਮੈਂ ਆਪੋਜ਼ੀਸ਼ਨ ਦੇ ਮੈਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਤਾਂ ਸਭ ਤੋਂ ਵੱਧ ਤਜਰਬੇਕਾਰ ਲੋਕ ਹਨ। ਉਹ ਦੋ-ਦੋ, ਤਿੰਨ-ਤਿੰਨ ਵਾਰ ਚੁਣ ਕੇ ਆਏ ਹੋਏ ਹਨ। ਕਈਆਂ ਕੋਲ ਤਾਂ ਪਾਰਲੀਮੈਂਟ ਦਾ ਤਜਰਬਾ ਵੀ ਹੈ। ਪ੍ਰਸ਼ਨ ਕਾਲ ਵਿੱਚ ਇਸ ਤਰ੍ਹਾਂ ਦੀ ਡਿਸਰੱਪਸ਼ਨ ਮੈਨੂੰ ਤਾਂ ਬਰਦਾਸ਼ਤ

ਨਹੀਂ ਹੈ ਅਤੇ ਇਹ ਪੰਜਾਬ ਦੇ ਲੋਕਾਂ ਨੂੰ ਵੀ ਬਰਦਾਸ਼ਤ ਨਹੀਂ ਹੈ। ਮੰਤਰੀ ਜੀ ਆਪਣਾ ਸੈਸ਼ਨ ਅੱਗੇ ਚਲਾ ਲਈਏ। ਤੁਸੀਂ ਆਪਣੀ ਗੱਲ ਜ਼ੀਰੋ ਆਵਰ ਵਿੱਚ ਕਹਿ ਲੈਣਾ। ਜੇਕਰ ਕੋਈ ਬਹੁਤ ਜ਼ਰੂਰੀ ਗੱਲ ਹੈ ਤਾਂ ਕਹਿ ਦਿਓ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਮੈਂ ਤਾਂ ਤੁਹਾਡੀ ਗੱਲ ਦੀ ਤਾਈਦ ਹੀ ਕਰਨੀ ਚਾਹੁੰਦਾ ਹਾਂ। ਮੈਂ ਅੱਜ ਇਨ੍ਹਾਂ ਦੇ ਕੰਡਕਟ ਤੋਂ ਇੰਨਾ disappointed ਹਾਂ। ਪ੍ਰਸ਼ਨ ਕਾਲ ਚੱਲ ਰਿਹਾ ਹੈ। ਇਨ੍ਹਾਂ ਦੇ ਆਪਣੇ ਸਵਾਲ ਹਨ। ਜਿਵੇਂ ਹਰਜੋਤ ਜੀ ਨੇ ਕਿਹਾ ਹਾਂ ਕਿ ਸਾਡਾ ਤਾਂ 77% ਭਰਿਆ ਹੋਇਆ ਹੈ। ਬਾਜਵਾ ਸਾਹਿਬ ਕਹਿੰਦੇ ਹਨ ਕਿ ਲੱਖ ਵਿੱਚੋਂ 23 ਹਜਾਰ ਵਕੈਂਸੀਆਂ ਖਾਲੀ ਪਈਆਂ ਹਨ। ਇਹ ਵੀ 77% ਹੀ ਬਣਦਾ ਹੈ। ਸਭ ਤੋਂ ਇੰਪਾਰਟੈਂਟ ਗੱਲ ਇਹ ਹੈ ਕਿ ਇਨ੍ਹਾਂ ਨੂੰ ਇਹੀ ਨਹੀਂ ਪਤਾ ਕਿ ਇਸ ਦਾ ਮੰਤਰੀ ਕੌਣ ਹੈ। ਹਰਜੋਤ ਜੀ ਦਾ, ਐਜੂਕੇਸ਼ਨ ਦਾ ਤਾਂ ਇਸ ਨਾਲ ਕੋਈ ਵੀ ਲਿੰਕ ਨਹੀਂ ਹੈ। ਇਹ ਮੈਡੀਕਲ ਐਜੂਕੇਸ਼ਨ ਦਾ ਇਸ਼ੂ ਹੈ। ਜਿਹੜੇ ਸਾਰੀ ਸਾਰੀ ਉਮਰ ਵਿਧਾਨ ਸਭਾ ਵਿੱਚ ਅਤੇ ਪਾਰਲੀਮੈਂਟਾਂ ਵਿੱਚ ਬੈਠ ਕੇ ਹਾਲੇ ਤੱਕ ਜਿਨ੍ਹਾਂ ਨੂੰ ਇਹੀ ਨਹੀਂ ਪਤਾ ਕਿ ਕਿਹੜੇ ਮੰਤਰੀ ਬਾਰੇ ਗੱਲ ਕਰਨੀ ਹੈ। ਇਨ੍ਹਾਂ ਦੇ ਤਜਰਬੇ ਦਾ ਇੱਥੋਂ ਹੀ ਪਤਾ ਲੱਗਦਾ ਹੈ। ਦੂਜੀ ਗੱਲ, ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਥੋੜ੍ਹੀਆਂ ਬਹੁਤ ਕਲਾਸਾਂ ਲਗਾਓ। This is not the way of conduct in Vidhan Sabha.

**1235/Kuldeep kaur**

ਜਦੋਂ ਕੁਐਸ਼ਚਨ ਆਵਰ ਚੱਲ ਰਿਹਾ ਹੈ ਤਾਂ ਇਹ ਰੌਲਾ ਪਾ ਲੈਂਦੇ ਹਨ। ਇਨ੍ਹਾਂ ਨੂੰ ਕੌਣ ਰੋਕਦਾ ਹੈ, ਇਹ ਇਸ ਬਾਰੇ ਆਪਣਾ ਸਪੈਸ਼ਲ ਕਾਲ ਅਟੈਂਸ਼ਨ ਮੋਸ਼ਨ ਲਗਾਉਣ, ਜ਼ੀਰੋ ਆਵਰ ਵਿੱਚ ਇਹ ਮਸਲਾ ਚੁੱਕਣ। ਸਾਡੀ ਸਰਕਾਰ ਤਾਂ ਹਮੇਸ਼ਾ ਹੀ ਹਰ ਗੱਲ ਦਾ ਜਵਾਬ ਦੇਣ ਨੂੰ ਤਿਆਰ ਹੈ। Very-very dispointing conduct of theirs.

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਿੱਖਿਆ ਮੰਤਰੀ:** ਸਰ, 10 ਸੈਕਿੰਡ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਹਰਜੋਤ ਬੈਂਸ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਰ, ਇਹ ਤਾਂ ਬੜਾ ਹੀ ਇੰਟਰਸਟਿੰਗ ਹੈ। ਇਹ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਜਾਂ ਪਹਿਲਾਂ ਹੀ ਇੱਥੇ ਆ ਕੇ ਰੌਲਾ ਪਾ ਲੈਂਦੇ। ਇਨ੍ਹਾਂ ਨੇ ਸਵਾਲ ਪੁੱਛਿਆ ਅਤੇ ਜਦੋਂ ਸਵਾਲ ਦਾ ਜਵਾਬ ਮਿਲ ਗਿਆ ਤਾਂ ਇਨ੍ਹਾਂ ਨੇ ਰੌਲਾ ਪਾ ਲਿਆ। ਜਿਵੇਂ ਅਮਨ ਜੀ ਨੇ ਵੀ ਕਿਹਾ ਹੈ, ਜੋ ਮੈਂ ਅੰਕੜੇ ਦੱਸੇ ਹਨ, ਇਹ ਇਨ੍ਹਾਂ ਨੂੰ ਕੈਲਕੁਲੇਟ ਕਰ ਸਕਦੇ ਹਨ। ਮੈਂ ਬਸ ਇਹ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿਉਂਕਿ ਮੀਡੀਆ ਵੀ ਸੁਣ ਰਿਹਾ ਹੈ ਅਤੇ ਬਾਹਰ ਵੀ ਲੋਕ ਸੁਣ ਰਹੇ ਹਨ। Sir, I am fully prepared. ਸਰ, ਇਸ ਤੇ ਡਿਬੇਟ ਹੋਵੇਗੀ। ਅਸੀਂ ਭੱਜਣ ਵਾਲਿਆਂ

ਵਿੱਚੋਂ ਨਹੀਂ ਹਾਂ, ਅਸੀਂ ਖੜ੍ਹਨ ਵਾਲਿਆਂ ਵਿੱਚੋਂ ਹਾਂ। ਅਸੀਂ ਕੰਮ ਕੀਤਾ ਹੈ। We are on a strong footing. ਅਸੀਂ strong footing ਦੇ ਉੱਤੇ ਹਾਂ। ਇਨ੍ਹਾਂ ਨੂੰ ਬੇਨਤੀ ਹੈ ਕਿ ਇਹ ਸੁਣ ਕੇ ਜਾਣ। (ਥੰਪਿੰਗ)

**ਮਾਣਯੋਗ ਸਪੀਕਰ**: ਇਸ ਦਾ ਮਤਲਬ ਹੈ ਕਿ ਬਾਜਵਾ ਸਾਹਿਬ ਨੇ ਜਿਹੜੀ ਟੋਪੀ ਕਹੀ ਸੀ, ਉਸ ਵਿੱਚ ਕਬੂਤਰ ਹੈ। (ਹੱਸਦੇ ਹੋਏ) ਠੀਕ ਹੈ ਜੀ।

---

## STARRED QUESTIONS AND ANSWERS *(Resumption)*

### ਜਿਲ੍ਹਾ ਲੁਧਿਆਣਾ ਵਿੱਚ ਨਹਿਰਾਂ ਤੇ ਜੋੜੇ ਪੁੱਲਾਂ ਦੀ ਮੁੜ ਉਸਾਰੀ ਕਰਨਾ

***1892. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਿਲ੍ਹਾ ਲੁਧਿਆਣਾ ਵਿੱਚ ਨਹਿਰਾਂ ਤੇ ਜੋੜੇ ਪੁਲ ਬਹੁਤ ਹੀ ਪੁਰਾਣੇ ਅਤੇ ਖਰਾਬ ਹਾਲਤ ਵਿੱਚ ਹਨ? ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਜੋੜੇ ਪੁਲਾਂ ਦੀ ਮੁੜ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ :** ਜਿਲ੍ਹਾ ਲੁਧਿਆਣਾ ਦੇ ਹਦੂਦ ਖੇਤਰ ਵਿੱਚ ਖੰਨਾ-ਮਲੇਰਕੋਟਲਾ (ਐਮ.ਡੀ.ਆਰ.-**33)** ਸੜਕ ਦੀ ਆਰ.ਡੀ. **23.50** ਕਿ.ਮੀ. ਤੇ ਮੌਜੂਦਾ ਜੋੜੇਪੁੱਲ ਹਨ। ਪੁੱਲ ਪੁਰਾਣੇ ਹਨ ਅਤੇ ਇਹਨਾਂ ਉੱਪਰ ਮੌਜੂਦਾ ਟਰੈਫਿਕ ਲੰਘ ਰਿਹਾ ਹੈ। ਪੁੱਲ ਦੀ ਚੌੜਾਈ **12** ਫੁੱਟ ਹੈ ਜੋ ਕਿ ਮੌਜੂਦਾ ਟਰੈਫਿਕ ਲਈ ਨਾਕਾਫੀ ਹੈ**,** ਜਿਸਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇਹਨਾਂ ਜੋੜੇ ਪੁੱਲਾਂ ਦੀ ਅਪਸਟਰੀਮ ਸਾਈਡ ਤੇ (ਖੰਨਾ ਵੱਲ) **30** ਫੁੱਟ ਚੌੜੇ ਨਵੇਂ ਪੁੱਲ (ਸਮੇਤ ਅਪਰੋਚਾਂ) ਦੀ ਉਸਾਰੀ ਲਈ **2456.84** ਲੱਖ ਰੁਪਏ ਦੀ ਤਜਵੀਜ਼ ਨਾਬਾਰਡ-**32** ਸਕੀਮ ਵਿੱਚ ਸ਼ਾਮਿਲ ਕਰਨ ਲਈ ਵਿੱਤ ਵਿਭਾਗ ਦੇ ਵਿਚਾਰ ਅਧੀਨ ਹੈ। ਮੰਨਜ਼ੂਰੀ ਪ੍ਰਾਪਤ ਹੋਣ ਉਪਰੰਤ ਇਸ ਪੁੱਲ ਦੇ ਕੰਮ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਗੱਜਣਮਾਜਰਾ ਸਾਹਿਬ ਤੁਹਾਨੂੰ ਸਵਾਲ ਦਾ ਜਵਾਬ ਮਿਲ ਗਿਆ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਸਰ, ਧੰਨਵਾਦ ਤਾਂ ਕਰ ਦੇਈਏ ਜੀ।

**ਮਾਣਯੋਗ ਸਪੀਕਰ**: ਹੋ ਗਿਆ ਜੀ, ਧੰਨਵਾਦ। ਹੁਣ ਅਗਲਾ ਸਵਾਲ ਲੈ ਲਈਏ। ਧੰਨਵਾਦ ਜੀ।

---

## ਹਲਕਾ ਘਨੌਰ ਦੇ ਹਰਿਆਣਾ ਬਾਰਡਰ ਨਾਲ ਲਗਦੀਆਂ ਲਿੰਕ ਸੜਕਾਂ ਨੂੰ ਰਿਪੇਅਰ ਕਰਵਾਉਣਾ

***1865 ਸ੍ਰੀ ਗੁਰਲਾਲ ਘਨੌਰ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਘਨੌਰ ਵਿੱਚ ਹਰਿਆਣਾ ਬਾਰਡਰ ਨਾਲ ਲਗਦੇ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਕਦੋਂ ਤੱਕ ਰਿਪੇਅਰ ਕਰਵਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਸ਼੍ਰੀਮਾਨ ਜੀ, ਵਿਧਾਨ ਸਭਾ ਹਲਕਾ ਘਨੌਰ ਵਿੱਚ 13 ਲਿੰਕ ਸੜਕਾਂ ਹਰਿਆਣਾ ਬਾਰਡਰ ਦੇ ਪਿੰਡਾਂ ਨੂੰ ਲਗਦੀਆਂ ਹਨ। ਇਨ੍ਹਾਂ ਵਿੱਚੋਂ 4 ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ 4 ਲਿੰਕ ਸੜਕਾਂ ਦੀ ਰਿਪੇਅਰ ਦਾ ਕੰਮ ਪ੍ਰਗਤੀ ਅਧੀਨ ਹੈ ਜੋ ਕਿ 30.11.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 3 ਲਿੰਕ ਸੜਕਾਂ ਨੂੰ ਮੁਰੰਮਤ ਕਰਨ ਲਈ SASCI Part-2 ਅਧੀਨ ਪ੍ਰਵਾਨ ਕੀਤਾ ਹੋਇਆ ਹੈ, ਇਨ੍ਹਾਂ ਸੜਕਾਂ ਦਾ ਕੰਮ ਜਲਦ ਹੀ ਸ਼ੁਰੂਕਰਵਾ ਦਿੱਤਾ ਜਾਵੇਗਾਅਤੇ ਮਿਤੀ 31.11.2026 ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ। ਬਾਕੀ ਰਹਿੰਦੀਆਂ 2 ਲਿੰਕ ਸੜਕਾਂ ਮੁਰੰਮਤ ਲਈ ਡਿਊ ਨਹੀਂ ਹਨ। ਇਨ੍ਹਾਂ ਸੜਕਾਂ ਦੇ ਵੇਰਵੇ "**ਅਨੁਲੱਗ ੳ**"ਤੇ ਨੱਥੀ ਕੀਤੇ ਜਾਂਦੇ ਹਨ।

---

### ਹਲਕਾ ਘਨੌਰ ਅਧੀਨ ਹਰਿਆਣਾ ਬਾਰਡਰ ਨਾਲ ਲੱਗਦੀਆਂ ਲਿੰਕ ਸੜਕਾਂ ਨੂੰ ਰਿਪੇਅਰ ਕਰਵਾਉਣਾ।

### ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਅਧੀਨਪੈਂਦੀਆਂ ਸੜਕਾਂ

| **ਲੜੀ ਨੰ:** | **ਸੜਕ ਦਾ ਨਾਮ** | **ਲੰਬਾਈ (ਕਿ.ਮੀ.)** | **ਵਿਸੇਸ ਕਥਨ** |
|---|---|---|---|
| 1 | ਨਰਾਇਣਗੜ੍ਹ ਤੋਂ ਹਰਿਆਣਾ ਬਾਰਡਰ | 0.53 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 2 | ਸਰਾਲਾ ਕਲਾਂ ਤੋਂ ਹਰਿਆਣਾ ਬਾਰਡਰ ਅਲਾਂਗ ਕੈਨਾਲ | 1.13 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 3 | ਟਿਵਾਣਾ ਤੋਂ ਸੋਲਰ ਅੱਪ ਟੂ ਹਰਿਆਣਾ ਬਾਰਡਰ | 0.91 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 4 | ਟਿਵਾਣਾ ਤੋਂ ਭੂਡੰਗਪੁਰ | 0.98 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |

| | | | |
|---|---|---|---|
| 5 | ਜਮੀਤਗੜ੍ਹ ਤੋਂ ਜੱਬੋਮਾਜਰਾ | 2.34 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 6 | ਲੋਹ ਸਿੰਬਲੀ ਤੋਂ ਹਰਿਆਣਾ ਬਾਰਡਰ | 1.46 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 7 | ਕਪੂਰੀ ਤੋਂ ਅਲੀਮਾ ਅੱਪ ਟੂ ਹਰਿਆਣਾ ਬਾਰਡਰ | 2.85 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 8 | ਝਾੜਵਾਂ ਤੋਂ ਕੁਰਬਾਨਪੁਰ | 0.53 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 9 | ਦੜਵਾ ਤੋਂ ਲਾਰਸਾ | 0.83 | ਇਹ ਸੜਕ ਮੁਰੰਮਤ ਲਈ ਡਿਊ ਨਹੀਂ ਹੈ। |
| 10 | ਸੰਜਰਪੁਰ ਤੋਂ ਘੇਲ ਅੱਪ ਟੂ ਹਰਿਆਣਾ ਬਾਰਡਰ | 0.60 | ਇਹ ਸੜਕ ਮੁਰੰਮਤ ਲਈ ਡਿਊ ਨਹੀਂ ਹੈ। |

## ਪੰਜਾਬ ਮੰਡੀ ਬੋਰਡ ਅਧੀਨ ਪੈਂਦੀਆਂ ਸੜਕਾਂ

| **ਲੜੀ ਨੰ:** | **ਸੜਕ ਦਾ ਨਾਮ** | **ਲੰਬਾਈ (ਕਿ.ਮੀ.)** | **ਵਿਸੇਸ ਕਥਨ** |
|---|---|---|---|
| 1 | ਲਿੰਕ ਸੜਕ ਫਿਰਨੀ ਪਿੰਡ ਤੇਪਲਾ | 1.3 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |
| 2 | ਤੇਪਲਾ ਤੋਂ ਸਮਸਾਨਘਾਟ | 0.33 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |
| 3 | ਬਨੂੰੜ ਤੇਪਲਾ ਸੜਕ ਤੋਂ ਤੇਪਲਾ ਮੰਡੀ | 4.13 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |

## ਹਲਕਾ ਘਨੌਰ ਅਧੀਨ ਹਰਿਆਣਾ ਬਾਰਡਰ ਨਾਲ ਲੱਗਦੀਆਂ ਲਿੰਕ ਸੜਕਾਂ ਨੂੰ ਰਿਪੇਅਰ ਕਰਵਾਉਣਾ।

### ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਅਧੀਨ ਪੈਂਦੀਆਂ ਸੜਕਾਂ

| ਲੜੀ ਨੰ: | ਸੜਕ ਦਾ ਨਾਮ | ਲੰਬਾਈ (ਕਿ.ਮੀ.) | ਵਿਸੇਸ ਕਥਨ |
|---|---|---|---|
| 1 | ਨਰਾਇਣਗੜ੍ਹ ਤੋਂ ਹਰਿਆਣਾ ਬਾਰਡਰ | 0.53 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 2 | ਸਰਾਲਾ ਕਲਾਂ ਤੋਂ ਹਰਿਆਣਾ ਬਾਰਡਰ ਅਲਾਂਗ ਕੈਨਾਲ | 1.13 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 3 | ਟਿਵਾਣਾ ਤੋਂ ਸੋਲਰ ਅੱਪ ਟੂ ਹਰਿਆਣਾ ਬਾਰਡਰ | 0.91 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 4 | ਟਿਵਾਣਾ ਤੋਂ ਭੁਝੰਗਪੁਰ | 0.98 | ਇਸ ਸੜਕ ਦਾ ਕੰਮ ਮਈ, 2026 ਨੂੰ ਮੁਕੰਮਲ ਹੋ ਚੁੱਕਾ ਹੈ। |
| 5 | ਜਮੀਤਗੜ੍ਹ ਤੋਂ ਜੱਬੋਮਾਜਰਾ | 2.34 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 6 | ਲੋਹ ਸਿੰਬਲੀ ਤੋਂ ਹਰਿਆਣਾ ਬਾਰਡਰ | 1.46 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 7 | ਕਪੂਰੀ ਤੋਂ ਅਲੀਮਾ ਅੱਪ ਟੂ ਹਰਿਆਣਾ ਬਾਰਡਰ | 2.85 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 8 | ਝਾੜਵਾਂ ਤੋਂ ਕੁਰਬਾਨਪੁਰ | 0.53 | ਇਸ ਸੜਕ ਦੀ ਰਿਪੇਅਰ ਦਾ ਕੰਮ ਨਵੰਬਰ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। |
| 9 | ਦੜਵਾ ਤੋਂ ਲਾਰਸਾ | 0.83 | ਇਹ ਸੜਕ ਮੁਰੰਮਤ ਲਈ ਡਿਊ ਨਹੀਂ ਹੈ। |
| 10 | ਸੰਜਰਪੁਰ ਤੋਂ ਘੇਲ ਅੱਪ ਟੂ ਹਰਿਆਣਾ ਬਾਰਡਰ | 0.60 | ਇਹ ਸੜਕ ਮੁਰੰਮਤ ਲਈ ਡਿਊ ਨਹੀਂ ਹੈ। |

### ਪੰਜਾਬ ਮੰਡੀ ਬੋਰਡ ਅਧੀਨ ਪੈਂਦੀਆਂ ਸੜਕਾਂ

| ਲੜੀ ਨੰ: | ਸੜਕ ਦਾ ਨਾਮ | ਲੰਬਾਈ (ਕਿ.ਮੀ.) | ਵਿਸੇਸ ਕਥਨ |
|---|---|---|---|
| 1 | ਲਿੰਕ ਸੜਕ ਫਿਰਨੀ ਪਿੰਡ ਤੇਪਲਾ | 1.3 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |
| 2 | ਤੇਪਲਾ ਤੋਂ ਸਮਸਾਨਘਾਟ | 0.33 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |
| 3 | ਬਨੂੰੜ ਤੇਪਲਾ ਸੜਕ ਤੋਂ ਤੇਪਲਾ ਮੰਡੀ | 4.13 | ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਸਪੈਸਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇੰਨਵੈਸਟਮੈਂਟ (ਪਾਰਟ-II) (SASCI) ਸਾਲ 2026-27 ਅਧੀਨ ਪ੍ਰਵਾਨ ਕੀਤਾ ਹੋਇਆ ਹੈ ਜੋ ਕਿ ਜਲਦੀ ਹੀ ਸੁਰੂ ਕਰਵਾ ਦਿੱਤਾ ਜਾਵੇਗਾ। |

**ਮਾਣਯੋਗ ਸਪੀਕਰ**: ਹਾਂ ਜੀ, ਸ਼੍ਰੀ ਗੁਰਲਾਲ ਘਨੌਰ ਜੀ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਪ੍ਰਕਾਸ਼ ਦਾਹੜੇ ਅਤੇ ਦਸਤਾਰ ਨਾਲ ਜਚਦੇ ਬਹੁਤ ਹੋ।

**ਸ਼੍ਰੀ ਗੁਰਲਾਲ ਘਨੌਰ**: ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਤਾਂ ਜਵਾਬ ਦੇ ਦਿੱਤਾ ਪਰ ਉਹ ਕੌਡੀ (ਕਬੱਡੀ) ਪਾਉਣ ਨੂੰ ਤਿਆਰ ਹੀ ਖੜ੍ਹੇ ਹਨ।

---

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ**: ਅੱਜ ਇਸ ਪਵਿੱਤਰ ਸਦਨ ਦੀ ਕਾਰਵਾਈ ਨੂੰ ਦੇਖਣ ਲਈ ਅਕਾਲ ਪੁਰਖ ਕੀ ਫੌਜ ਪਬਲਿਕ ਸਕੂਲ, ਤਰਨਤਾਰਨ ਦੇ ਵਿਦਿਆਰਥੀ ਅਤੇ ਟੀਚਰ ਇੱਥੇ ਆਏ ਹਨ। ਆਓ, ਸਾਰੇ ਉਨ੍ਹਾਂ ਦਾ ਖੈਰ-ਮੁਖਦਮ ਕਰੀਏ। (ਥੰਪਿੰਗ)

---

**STARRED QUESTIONS AND ANSWERS *(Resumption)***

**ਮਾਣਯੋਗ ਸਪੀਕਰ:** ਹਾਂ ਜੀ, ਸ੍ਰੀ ਗੁਰਲਾਲ ਘਨੌਰ ਜੀ।

**ਸ੍ਰੀ ਗੁਰਲਾਲ ਘਨੌਰ :** ਬਹੁਤ-ਬਹੁਤ ਧੰਨਵਾਦ ਜੀ। ਮੈਂ ਮੁੱਖ ਮੰਤਰੀ ਸਾਹਿਬ ਦਾ ਅਤੇ ਵਜ਼ੀਰ ਸਾਹਿਬਾਨਾਂ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਸੜਕਾਂ ਦਾ ਕੰਮ ਨਿਰੰਤਰ ਚਾਲੂ ਰੱਖਿਆ ਹੈ। ਵੈਸੇ ਤਾਂ ਸਾਰੇ ਪੰਜਾਬ ਵਿੱਚ ਹੀ ਸੜਕਾਂ ਦਾ ਕੰਮ ਨਿਰੰਤਰ ਚੱਲ ਰਿਹਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸੜਕਾਂ ਦਾ ਕੰਮ ਹਲਕੇ ਘਨੌਰ ਵਿੱਚ ਜ਼ਰੂਰ ਕੰਪਲੀਟ ਕੀਤਾ ਜਾਵੇ। ਇੱਥੇ ਧਰਨਾ ਲੱਗਣ ਕਰਕੇ ਸਾਰੀਆਂ ਸੜਕਾਂ ਟੁੱਟ ਗਈਆਂ ਸਨ। ਜਿੰਨੀਆਂ ਵੀ ਬਾਰਡਰ ਦੇ ਨਾਲ ਲਗਦੀਆਂ ਸੜਕਾਂ ਹਨ, ਸੰਜਰਪੁਰ ਤੋਂ ਘੇਲ, ਕਪੂਰੀ ਤੋਂ ਸੂਲਰ, ਬਾਸਮਾ, ਧਰਮਗੜ੍ਹ ਆਦਿ ਸੜਕਾਂ ਟੁੱਟ ਗਈਆਂ ਸਨ। ਮੰਤਰੀ ਸਾਹਿਬ, ਹੁਣ ਬਰਸਾਤਾਂ ਦਾ ਮੌਸਮ ਹੈ, ਜਿਸ ਕਾਰਨ ਸੜਕਾਂ ਦਾ ਕੰਮ ਹੌਲੀ ਚਲਦਾ ਪਿਆ ਹੈ। ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਡਿਪਾਰਟਮੈਂਟ ਨੂੰ ਥੋੜ੍ਹਾਂ ਜਿਹਾ ਤੇਜ਼ ਕਰ ਦਿਓ ਅਤੇ ਉਨ੍ਹਾਂ ਨੂੰ ਕਹੋ ਕਿ ਲੁੱਕ ਆਦਿ ਟਾਈਮ ਨਾਲ ਪਾ ਦੇਣ। ਬਰਸਾਤਾਂ ਦਾ ਮੌਸਮ ਹੋਣ ਕਾਰਨ ਫਿਰ ਬਹਾਨੇਬਾਜ਼ੀ ਹੋ ਜਾਂਦੀ ਹੈ ਕਿ ਲੁੱਕ, ਰੋੜਾ ਆਦਿ ਨਹੀਂ ਮਿਲ ਰਿਹਾ। ਜਿਹੜੀਆਂ ਸੜਕਾਂ ਦਾ ਕੰਮ ਪਾਸ ਹੋ ਗਿਆ ਹੈ ਅਤੇ ਜਿਹੜੀਆਂ ਸੜਕਾਂ ਬਣਨ ਤੋਂ ਰਹਿੰਦੀਆਂ ਹਨ, ਉਨ੍ਹਾਂ ਨੂੰ ਪੂਰ ਕਰਵਾ ਦੇਵੋ। ਸਪੀਕਰ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਤਕਰੀਬਨ 294 ਕਿਲੋਮੀਟਰ ਸੜਕਾਂ ਦੋਵੇਂ ਮੰਤਰੀ ਸਾਹਿਬਾਨਾਂ ਨੇ 100 ਕਰੋੜ ਰੁਪਏ ਦੀ ਲਾਗਤ ਨਾਲ ਹਲਕਾ ਘਨੌਰ ਵਿੱਚ ਬਣਾਈਆਂ ਹਨ। ਇਸ ਲਈ ਮੈਂ ਧੰਨਵਾਦ ਕਰਦਾ ਹਾਂ ਅਤੇ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਰਹਿੰਦੀਆਂ ਸੜਕਾਂ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਹ ਪੁੱਛਿਆ ਹੈ ਕਿ ਰਹਿੰਦੀਆਂ ਸੜਕਾਂ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ, ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ 31.11.2026 ਤੱਕ ਲਾਸਟ ਡੇਟ ਹੈ।

**1240/Pawan sharma**

ਜਿਹੜੀ ਗੱਲ ਮਹਿਕਮੇ ਦੀ ਹੈ, ਉਸ ਨੂੰ ਜ਼ਰੂਰ ਦਰੁਸਤ ਕਰਿਆ ਜਾਵੇਗਾ, ਜੇਕਰ ਅਜਿਹੀ ਕੋਈ ਗੱਲ ਹੈ। ਲੁੱਕ ਦੀ ਜ਼ਰੂਰ ਦਿੱਕਤ ਆ ਗਈ ਸੀ, ਉਨ੍ਹਾਂ ਦੇ ਰੇਟ ਵੱਧ ਗਏ ਸਨ। ਉਸ ਕਰਕੇ ਉਸ ਮਾਮਲੇ ਦੀ ਰਿਵੀਜ਼ਨ ਹੋ ਗਈ ਹੈ ਅਤੇ ਸਾਰਾ ਮਸਲਾ ਹੱਲ ਹੋ ਗਿਆ ਹੈ। ਹੁਣ ਕੰਮ ਸਪੀਡ ਨਾਲ ਕੀਤਾ ਜਾਵੇਗਾ।

**ਮਾਣਯੋਗ ਸਪੀਕਰ:** ਧੰਨਵਾਦ। ਹਾਂ ਜੀ ਰੰਧਾਵਾ ਸਾਹਿਬ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ੍ਰੀਮਤੀ ਨੀਨਾ ਮਿੱਤਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹੁਣ ਰੰਧਾਵਾ ਜੀ ਖੜ੍ਹੇ ਹੋ ਗਏ ਹਨ। ਇੱਕੋ ਹੀ ਗੱਲ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਮਾਣਯੋਗ ਸਪੀਕਰ ਸਾਹਿਬ, ਜਿਵੇਂ ਸ੍ਰੀ ਗੁਰਲਾਲ ਸਿੰਘ ਘਨੌਰ ਜੀ ਨੇ ਗੱਲ ਕੀਤੀ ਹੈ, ਮੈਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਦਾ ਅਤੇ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਅੱਜ ਪਹਿਲੀ ਵਾਰੀ ਦੇਖਿਆ ਹੈ ਕਿ ਪੰਜਾਬ ਵਿੱਚ ਸੜਕਾਂ 10 ਫੁੱਟ ਤੋਂ 18 ਫੁੱਟ ਚੌੜੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਲਈ ਸਰਕਾਰ ਦਾ ਧੰਨਵਾਦ ਕਰਦਾ ਹਾਂ। ਜਿਵੇਂ ਮੇਰਾ, ਨੀਨਾ ਮਿੱਤਲ ਜੀ ਦਾ ਅਤੇ ਗੁਰਲਾਲ ਜੀ ਦਾ ਹਲਕਾ ਇਕੱਠਾ ਕਲੱਬ ਕਰਕੇ, ਅੱਜ ਪੰਜਾਬ ਦੇ ਲੋਕਾਂ ਨੇ ਸਰਕਾਰ ਦੀ ਵਾਹ ਵਾਹ ਕੀਤੀ ਹੈ, ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਪਰ ਗੱਲ ਉਹ ਹੀ ਹੈ ਕਿ ਬਿਟੂਮਨ ਲੁੱਕ ਦੀ ਪ੍ਰਾਬਲਮ ਕਰਕੇ ਠੇਕੇਦਾਰ ਥੋੜ੍ਹੇ ਹਨ ਅਤੇ ਸੜਕਾਂ ਦੇ ਕੰਮ ਇੰਨੇ ਪਛੜੇ ਹੋਏ ਹਨ। ਅਸੀਂ ਧੰਨਵਾਦ ਤਾਂ ਜ਼ਰੂਰ ਕਰਦੇ ਹਾਂ ਕਿਉਂਕਿ 10 ਫੁੱਟ ਦੀ ਸੜਕ 18 ਫੁੱਟ ਚੌੜੀ ਹੋਣੀ ਹੈ, ਸਰਕਾਰ ਦਾ ਮੈਟੀਰੀਅਲ ਡਬਲ ਲੱਗ ਗਿਆ ਅਤੇ ਖ਼ਰਚੇ ਵੀ ਡਬਲ ਹੋ ਗਏ ਲੇਕਿਨ ਸਾਡੇ ਕੋਲ ਸਰਸੀਣੀ ਤੋਂ ਲੈ ਕੇ ਟਿਵਾਣਾ ਸਿੱਧਾ ਰਾਜਪੁਰਾ ਤੇ ਘਨੌਰ ਹਲਕੇ ਨੂੰ ਸੜਕਾਂ ਟੱਚ ਕਰਦੀਆਂ ਹਨ, ਉਹ ਲਗਭਗ 60 ਪਰਸੈਂਟ ਕੰਮ ਹੋਇਆ ਹੈ। ਮੈਂ ਜ਼ਰੂਰ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਅਪੀਲ ਕਰਾਂਗਾ ਕਿ ਥੋੜ੍ਹੀ ਜਿਹੜੀ ਮਹਿਕਮੇ ਦੀ ਖਿਚਾਈ ਕੀਤੀ ਜਾਵੇ ਤਾਂ ਕਿ ਕੰਮ ਨੇਪਰੇ ਚਾੜ੍ਹਿਆ ਜਾ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸ੍ਰੀ ਨਰੇਸ਼ ਪੁਰੀ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1897**

**ਮਾਣਯੋਗ ਸਪੀਕਰ**: ਆਏ ਨਹੀਂ, ਇਨ੍ਹਾਂ ਦਾ ਆਪਣਾ ਸਵਾਲ ਸੀ ਪਰ ਹੁਣ ਚਲੇ ਗਏ ਹਨ।

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

**ਮਾਣਯੋਗ ਸਪੀਕਰ**: ਸ੍ਰੀ ਜਗਦੀਪ ਕੰਬੋਜ ਗੋਲਡੀ ਜੀ।

---

**ਕਨਸੋਲੀਡੇਸ਼ਨ ਡਾਇਰੈਕਟਰ ਦਫਤਰ ਵਿੱਚ ਲੰਬਿਤ ਕੇਸਾਂ ਦਾ ਵੇਰਵਾ**

***1919 . ਸ੍ਰੀ ਜਗਦੀਪ ਕੰਬੋਜ ਗੋਲਡੀ :** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕਨਸੋਲੀਡੇਸ਼ਨ ਡਾਇਰੈਕਟਰ ਦੇ ਦਫਤਰ ਵਿੱਚ ਕਿੰਨੇ ਕੇਸ ਲੰਬਿਤ ਪਏ ਹਨ ਅਤੇ ਇਨ੍ਹਾਂ ਦੇ ਨਿਪਟਾਰੇ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ ਹਨ;ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਕਨਸੋਲੀਡੇਸ਼ਨ ਡਾਇਰੈਕਟਰ ਦੇ ਦਫਤਰ ਵਿੱਚ ਕੁਲ 414 ਕੇਸ ਲੰਬਿਤ ਪਏ ਹਨ। ਇਨ੍ਹਾਂ ਕੇਸਾਂ ਦੇ ਨਿਪਟਾਰੇ ਲਈ ਰੈਗੂਲਰ ਅਦਾਲਤ ਲਗਾਈ ਜਾਂਦੀ ਹੈ। ਇਹ ਸਾਰੇ ਕੇਸ ਆਰ.ਸੀ.ਐਮ.ਐਸ. ਪੋਰਟਲ ਤੇ ਦਰਜ਼ ਕੀਤੇ ਜਾਂਦੇ ਹਨ ਅਤੇ ਕੇਸਾਂ ਦੀ ਸਾਰੀ ਕਾਰਵਾਈ ਵੀ ਪੋਰਟਲ ਤੇ ਆਮ ਲੋਕਾਂ ਲਈ ਅਪਲੋਡ ਕੀਤੀ ਜਾਂਦੀ ਹੈ।

**ਮਾਣਯੋਗ ਸਪੀਕਰ**: ਗੋਲਡੀ ਜੀ, ਕੁਝ ਪੁੱਛਣਾ ਚਾਹੁੰਦੇ ਹੋ?

**ਸ੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, ਇਹ ਕਨਸੋਲੀਡੇਸ਼ਨ ਦਾ ਮਸਲਾ ਹੈ। ਇੱਥੇ ਜਿਹੜੇ ਕੇਸਾਂ ਦੀ ਗੱਲ ਮਾਣਯੋਗ ਮੰਤਰੀ ਸਾਹਿਬ ਕਰ ਰਹੇ ਹਨ, ਸਰ ਕੇਸਾਂ ਨੂੰ 20-20 ਸਾਲ ਹੋ ਗਏ ਹਨ ਅਤੇ ਅੱਜ ਵੀ ਪੈਂਡਿੰਗ ਹਨ। ਸੋ ਸਾਡੀ ਇਹ ਬੇਨਤੀ ਹੈ ਕਿ ਜਿਹੜੇ ਸਾਡੇ ਜਲਾਲਾਬਾਦ ਦੇ ਕੇਸ ਤੁਹਾਡੇ ਕਨਸੋਲੀਡੇਸ਼ਨ ਵਿਭਾਗ ਵਿੱਚ ਪੈਂਡਿੰਗ ਹਨ, ਕਿਰਪਾ ਕਰਕੇ ਟਾਈਮ ਬਾਊਂਡ ਕਰ ਦਿਉ ਕਿ ਕਦੋਂ ਤੱਕ ਉਹ ਕਲੀਅਰ ਹੋਣਗੇ। ਬੰਦੇ ਮਰ ਜਾਂਦੇ ਹਨ ਅਤੇ ਕੇਸ ਉੱਥੇ ਹੀ ਰੁਲੇ ਰਹਿੰਦੇ ਹਨ। ਮੇਰੀ ਇੰਨੀ ਬੇਨਤੀ ਹੈ।

**ਮਾਣਯੋਗ ਸਪੀਕਰ**: ਧੰਨਵਾਦ। ਜੀ ਮੰਤਰੀ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਵੈਸੇ ਤਾਂ ਕਨਸੋਲੀਡੇਸ਼ਨ ਡਾਇਰੈਕਟਰ ਦੇ ਦਫਤਰ ਵਿੱਚ ਕੁੱਲ 414 ਕੇਸ ਲੰਬਿਤ ਹਨ, ਇਨ੍ਹਾਂ ਕੇਸਾਂ ਵਿੱਚੋਂ 01 ਜਨਵਰੀ, 2026 ਨੂੰ 384 ਕੇਸ ਬਕਾਇਆ ਸਨ। 01 ਜਨਵਰੀ ਤੋਂ ਹੁਣ ਤੱਕ ਕੁੱਲ 67 ਕੇਸ ਨਵੇਂ ਪ੍ਰਾਪਤ ਹੋਏ ਹਨ ਅਤੇ 37 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ। ਪਰ ਮਾਣਯੋਗ ਸਾਡੇ ਮੈਂਬਰ ਸਾਹਿਬ, ਮੇਰੇ ਵੀਰ, ਇਨ੍ਹਾਂ ਦੇ ਜਿਹੜੇ ਜਲਾਲਾਬਾਦ ਦੇ ਕੇਸ ਹਨ, ਮੈਂ ਤਿੰਨ ਮਹੀਨੇ ਦੇ ਅੰਦਰ ਅੰਦਰ ਕੇਸ ਕਲੀਅਰ ਕਰਵਾ ਦੇਵਾਂਗਾ।

**ਮਾਣਯੋਗ ਸਪੀਕਰ**: ਧੰਨਵਾਦ। ਹਾਂ ਜੀ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ**: ਸਪੀਕਰ ਸਾਹਿਬ, ਬਹੁਤ ਧੰਨਵਾਦ। ਮਾਣਯੋਗ ਮੰਤਰੀ ਮੁੰਡੀਆਂ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਗੱਲ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਇੱਕ ਪਿੰਡ ਗੋਰਖਨਾਥ ਹੈ। ਜਦੋਂ ਮੁਰੱਬਾਬੰਦੀ ਹੋਈ ਸੀ ਤਾਂ ਗੋਰਖਨਾਥ ਪਿੰਡ ਦੀ ਮੁਰੱਬਾਬੰਦੀ ਨਹੀਂ ਕੀਤੀ ਗਈ ਸੀ। ਅੱਜ ਉੱਥੋਂ ਦੇ ਕਿਸਾਨਾਂ ਨੇ ਜੇਕਰ ਜ਼ਮੀਨ ਦੀ ਕੋਈ ਵੇਚ ਕਰਨੀ ਹੈ ਜਾਂ ਖਰੀਦ ਕਰਨੀ ਹੈ, ਪਿੰਡ ਵਿੱਚ ਕੋਈ ਰਜਿਸਟਰੀ ਨਹੀਂ ਹੋ ਰਹੀ ਹੈ। ਨਹਿਰੀ ਪਾਣੀ ਦੀ ਵੰਡ, ਜ਼ਮੀਨ ਦੀ ਤਕਸੀਮ ਜਾਂ ਗਿਰਦਾਵਰੀ ਵਿੱਚ ਬਹੁਤ ਅੜਿੱਕੇ ਲੱਗ ਰਹੇ ਹਨ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਕਨਸੋਲੀਡੇਸ਼ਨ ਡਿਪਾਰਟਮੈਂਟ, ਜਲੰਧਰ ਦਾ ਹੈ, ਉਹ ਗੋਰਖਨਾਥ ਪਿੰਡ ਦੀ ਮੁਰੱਬੇਬੰਦੀ ਦੇ ਮਸਲੇ ਹਨ, ਕੋਰਟ ਵਿੱਚ ਕੋਈ ਸਟੇਅ ਚੱਲ ਰਹੀ ਹੈ, ਜਿਸ ਨੂੰ ਕਿ 20 ਸਾਲ ਹੋ ਗਏ ਹਨ, ਕਿਰਪਾ ਕਰਕੇ ਉਹ ਸਟੇਅ ਤੁੜਵਾ ਕੇ, ਵਕੇਟ ਕਰਵਾ ਕੇ, ਗੋਰਖਨਾਥ ਪਿੰਡ ਦੀ ਮੁਰੱਬਾਬੰਦੀ ਦੁਬਾਰਾ ਕਰਕੇ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ। ਸਰਦਾਰ ਕਰਮਬੀਰ ਸਿੰਘ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1870**

**ਮਾਣਯੋਗ ਸਪੀਕਰ** : ਇਹ ਪ੍ਰਸ਼ਨ ਮਿਤੀ 04.08.2026 ਲਈ ਮੁਲਤਵੀ ਕੀਤਾ ਗਿਆ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1911**

**ਮਾਣਯੋਗ ਸਪੀਕਰ**: ਇਨ੍ਹਾਂ ਦਾ ਪ੍ਰਸ਼ਨ ਵੀ ਮੁਲਤਵੀ ਕੀਤਾ ਗਿਆ।

---

**ਹਲਕਾ ਜਗਰਾਉਂ ਦੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਦੀਆਂ ਅਸਾਮੀਆਂ ਦੇ ਵੇਰਵੇ**

***1901. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਗਰਾਉਂ ਦੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰੀਆਂ ਜਾਣਗੀਆਂ, ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ**: ਸ਼੍ਰੀਮਤੀ ਜੀ,

ਹਲਕਾ ਜਗਰਾਓ ਦੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਅਧੀਨ ਆਉਂਦੇ ਸਟਾਫ ਦੀਆਂ ਅਸਾਮੀਆਂ ਅਤੇ ਉਹਨਾਂ ਨੂੰ ਭਰਨ ਦਾ ਵੇਰਵਾ :

- ਸੀਨੀਅਰ ਮੈਡੀਕਲ ਅਫਸਰ ਦੀਆਂ 02 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜੋ ਕਿ ਭਰੀਆਂ ਹੋਈਆਂ ਹਨ।
- ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 17 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨਾਂ ਵਿੱਚੋਂ 10 ਅਸਾਮੀਆਂ ਭਰੀਆਂ ਅਤੇ 07 ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ 01 ਪੀ.ਜੀ. ਡਾਕਟਰ (ਐਨਾਥੀਸੀਆ) ਬਾਂਡ ਅਧੀਨ ਸੇਵਾ ਨਿਭਾ ਰਿਹਾ ਹੈ ਅਤੇ 01 ਮੈਡੀਸਨ ਦਾ ਮਾਹਿਰ ਡਾਕਟਰ ਇੰਨਪੈਨਲਡ ਕੀਤਾ ਗਿਆ ਹੈ। ਇਹ ਵੀ ਦੱਸਣਯੋਗ ਹੈ ਕਿ ਮੈਡੀਕਲ ਅਫਸਰ (ਸਪੈਸਲਿਸਟ) ਦੀ 160 ਅਸਾਮੀਆਂ ਨੂੰ ਪੀ.ਪੀ.ਐਸ.ਸੀ ਪਟਿਆਲਾ ਦੇ ਰਾਹੀਂ ਭਰਨ ਸਬੰਧੀ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਾਹੀ ਹੈ ਅਤੇ ਜਿਲ੍ਹਾ ਹਸਪਤਾਲ ਅਤੇ ਸਬ ਡਵੀਜਨਲ ਹਸਪਤਾਲਾਂ ਵਿੱਚ 300 ਮੈਡੀਕਲ ਅਫਸਰ (ਸਪੈਸਲਿਸਟ) ਨੂੰ ਇੰਨਪੈਨਲ ਕਰਨ ਸਬੰਧੀ ਭਰਤੀ ਪ੍ਰੀਕਿਰਿਆ ਚੱਲ ਰਹੀ ਹੈ।

- ਮੈਡੀਕਲ ਅਫਸਰ (ਜਨਰਲ) ਦੀਆਂ 33 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨਾਂ ਵਿੱਚੋਂ 12 ਅਸਾਮੀਆਂ ਭਰੀਆਂ ਅਤੇ 21 ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ 02 ਮੈਡੀਕਲ ਅਫਸਰ ਐੱਨ.ਐੱਚ.ਐੱਮ ਅਧੀਨ ਅਤੇ 06 ਆਮ ਆਦਮੀ ਕਲੀਨਿਕ ਜ਼ਿੱਥੇ 06 ਮੈਡੀਕਲ ਅਫਸਰ (ਜਨਰਲ) ਸਿਹਤ ਸਹੂਲਤਾ ਦੇਣ ਲਈ ਤੈਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ 630 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਸਬੰਧੀ ਇਸ਼ਤਿਹਾਰ ਵੀ ਜਾਰੀ ਕੀਤਾ ਜਾ ਚੁੱਕਾ ਹੈ।
- ਮੈਡੀਕਲ ਅਫਸਰ ਡੈਂਟਲ ਦੀ 02 ਅਸਾਮੀ ਮੰਨਜ਼ੂਰਸ਼ੁਦਾ ਹੈ ਜੋ ਕਿ ਭਰੀਆਂ ਹੋਈਆਂ ਹਨ।
- ਕੰਮਿਊਨਿਟੀ ਹੈਲਥ ਅਫਸਰ ਦੀਆਂ 31 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ ਵਿੱਚੋਂ 28 ਅਸਾਮੀਆਂ ਭਰੀਆਂ ਅਤੇ 03 ਅਸਾਮੀਆਂ ਖਾਲੀ ਹਨ।
- ਸਟਾਰ ਨਰਸ ਦੀਆਂ 22 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ ਵਿੱਚੋਂ 19 ਅਸਾਮੀਆਂ ਭਰੀਆਂ ਅਤੇ 03 ਅਸਾਮੀਆਂ ਖਾਲੀ ਹਨ, ਇਸ ਤੋਂ ਇਲਾਵਾ 03 ਸਟਾਫ ਨਰਸ (ਐਨ.ਐੱਚ.ਐੱਮ) ਅਧੀਨ ਡੇਪੂਟੇਸ਼ਨ ਤੇ ਕੰਮ ਕਰ ਰਹੀ ਰਹੀਆਂ ਹਨ ਅਤੇ ਨਰਸਿੰਗ ਸਿਸਟਰ ਦੀਆਂ 02 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜੋ ਕਿ ਭਰੀਆਂ ਹੋਈਆਂ ਹਨ।
- ਸੀਨੀਅਰ ਫਾਰਮੇਸੀ ਅਫਸਰ ਦੀਆਂ 02 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜੋ ਕਿ ਭਰੀਆਂ ਹੋਈਆਂ ਹਨ, ਫਾਰਮੇਸੀ ਅਫਸਰ ਦੀਆਂ 08 ਮੰਨਜ਼ੂਸ਼ੁਦਾ ਹਨ, ਜਿਹਨ੍ਹਾਂ ਵਿੱਚੋਂ 03 ਭਰੀਆਂ ਅਤੇ 05 ਅਸਾਮੀਆਂ ਖਾਲੀ ਹਨ। 05 ਫਾਰਮਾਸਿਸਟ ਜ਼ਿਲ੍ਹਾ ਪ੍ਰੀਸ਼ਦ ਤੋਂ ਰੀਵਰਟਡ ਹੋ ਕੇ ਲਗਾਏ ਹਨ ਅਤੇ 03 ਫਾਰਮਾਸਿਸਟ ਆਊਟ-ਸੋਰਸ ਤੇ ਕੰਮ ਕਰ ਰਹੇ ਹਨ। ਫਾਰਮੇਸੀ ਅਫਸਰ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਅਧੀਨ ਮਾਮਲਾ ਚੱਲ ਰਿਹਾ ਹੈ। ਭਰਤੀ ਪ੍ਰੀਕ੍ਰਿਆ ਪੂਰੀ ਹੋਣ ਉਪਰੰਤ ਖਾਲੀ ਅਸਾਮੀਆਂ ਨੂੰ ਭਰ ਦਿੱਤਾ ਜਾਵੇਗਾ।
- ਐੱਮ.ਐੱਲ.ਟੀ ਦੀਆਂ 10 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ ਵਿੱਚੋਂ 05 ਅਸਾਮੀਆਂ ਭਰੀਆਂ ਹਨ, 05 ਅਸਾਮੀਆਂ ਖਾਲੀ ਹਨ। ਐੱਮ.ਐੱਲ.ਟੀ ਗ੍ਰੇਡ ਦੀਆਂ 119 ਅਸਾਮੀਆਂ ਦੀ ਭਰਤੀ ਕੀਤੀ ਜਾ ਰਹੀ ਹੈ। ਜਿਸ ਵਿੱਚੋਂ 77 ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਅਸਾਮੀਆਂ ਦੀ ਪ੍ਰੀਕ੍ਰਿਆ ਚੱਲ ਰਹੀ ਹੈ।
- ਅਪਥਾਲਮਿਕ ਅਫਸਰ ਦੀਆਂ 02 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ ਵਿੱਚੋ 01 ਅਸਾਮੀਆਂ ਭਰੀ, 01 ਅਸਾਮੀ ਖਾਲੀ ਹੈ ।

- ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀਆਂ 33 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ 27 ਅਸਾਮੀਆਂ ਭਰੀਆਂ ਅਤੇ 06 ਅਸਾਮੀਆਂ ਖਾਲੀ ਹਨ ਅਤੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) ਦੀਆਂ 08 ਅਸਾਮੀਆਂ ਮੰਨਜ਼ੂਰਸ਼ੁਦਾ, ਜਿਨ੍ਹਾਂ ਵਿੱਚੋਂ 07 ਭਰੀਆਂ ਅਤੇ 01 ਅਸਾਮੀ ਖਾਲੀ ਹੈ। ਭਵਿੱਖ ਵਿੱਚ ਇਹਨਾਂ ਖਾਲੀ ਪਈਆਂ ਅਸਾਮੀਆਂ ਨੂੰ ਭਰਤੀ ਅਤੇ ਪਦ-ਉੱਨਤੀ ਦੇ ਦੋਰਾਨ ਭਰ ਦਿੱਤਾ ਜਾਵੇਗਾ।
- ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 35 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜਿਹਨ੍ਹਾਂ ਵਿੱਚੋਂ 14 ਅਸਾਮੀਆਂ ਭਰੀਆਂ ਅਤੇ 21 ਅਸਾਮੀਆਂ ਖਾਲੀ ਹਨ। ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਮੇਲ) ਦੀਆ 04 ਅਸਾਮੀਆਂ ਮੰਨਜ਼ੂਰਸੁਦਾ ਹਨ, ਜੋ ਕਿ ਭਰੀਆਂ ਹੋਈਆਂ ਹਨ। 270 ਮ.ਪ.ਹ.ਵ (ਮੇਲ) ਦੀ ਭਰਤੀ ਪ੍ਰੀਕ੍ਰਿਆ ਵਿਚਾਰ ਅਧੀਨ, ਭਰਤੀ ਪ੍ਰੀਕ੍ਰਿਆ ਪੂਰੀ ਹੋਣ ਉਪਰੰਤ ਖਾਲੀ ਅਸਾਮੀਆਂ ਨੂੰ ਭਰ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ**: ਕੋਈ ਸਪਲੀਮੈਂਟਰੀ ਹੈ? ਹਾਂ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਰ, ਜਿੱਥੇ ਮੰਤਰੀ ਸਾਹਿਬ ਦੀ ਪਹਿਲੀ ਨੌਕਰੀ ਸੀ, ਸਿਧਵਾਂ ਬੇਟ ਹਸਪਤਾਲ, ਇਹ ਪਿੰਡ ਮੇਰੇ ਹਲਕੇ ਵਿੱਚ ਪੈਂਦਾ ਹੈ, ਮੰਤਰੀ ਦੀ ਇੱਕ ਤਾਂ ਉਸ ਦੀ ਬਿਲਡਿੰਗ ਵੱਲ ਧਿਆਨ ਦਿਉ

**1245/Beant kaur**

ਦੂਜਾ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਸਾਡੇ ਹਸਪਤਾਲ ਵਿੱਚ ਹੁਣ ਤੱਕ 108 ਡਿਲੀਵਰੀਜ਼ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਸੀਜ਼ੇਰੀਅਨ ਘੱਟ ਸਨ ਅਤੇ ਨਾਰਮਲ ਜ਼ਿਆਦਾ ਹੋਈਆਂ ਹਨ। ਮੇਜਰ 17 surgeries ਹੋ ਚੁੱਕੀਆਂ ਹਨ ਅਤੇ 13 ਦੀ knee replacement ਹੋ ਚੁੱਕੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਮੰਗ ਕਰਦੀ ਹਾਂ ਕਿ ਜਗਰਾਓਂ ਹਸਪਤਾਲ ਵਾਸਤੇ ਇਕ ਇਕ Eye, Skin ਅਤੇ MS ਸਰਜਨ ਦਿੱਤਾ ਜਾਵੇ ਅਤੇ ਦੋ ਐਮਬੀਬੀਐਸ ਡਾਕਟਰ ਦੇ ਦਿੱਤੇ ਜਾਣ। ਸਿਧਵਾਂ ਬੇਟ ਦੀ ਬਿਲਡਿੰਗ ਵੀ ਖਰਾਬ ਹੋ ਚੁੱਕੀ ਹੈ। ਕਿਰਪਾ ਕਰਕੇ ਦੱਸਿਆ ਜਾਵੇ ਕਿ ਇਹ ਕਿੰਨੇ ਸਮੇਂ ਵਿੱਚ ਦੇ ਦਿਓਗੇ?

**ਮੰਤਰੀ** : ਸਰ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹਸਪਤਾਲ ਵਿੱਚ ਐਸਐਮਓ ਲੱਗਿਆ ਹੋਇਆ ਹੈ। ਇਨ੍ਹਾਂ ਕੋਲ ਬਾਕੀ ਸਾਰੇ ਸਪੈਸ਼ੇਲਿਸਟ ਵੀ ਹਨ, ਦਿੱਕਤ ਇਹ ਹੈ ਕਿ ਇਨ੍ਹਾਂ ਕੋਲ ਮੈਡੀਸਨ ਦਾ ਸਪੈਸ਼ੇਲਿਸਟ ਨਹੀਂ ਸੀ। ਇਨ੍ਹਾਂ ਨੇ ਵੀ ਮਦਦ ਕੀਤੀ ਹੈ ਅਤੇ ਅਸੀਂ ਵੀ ਹਿੰਮਤ ਕੀਤੀ ਹੈ, ਜਿਸ ਨਾਲ ਐਮਪੈਨਲਮੈਂਟ ਮੋਡ ਸ਼ੁਰੂ ਕੀਤਾ ਹੈ, ਹੁਣ ਇਸ ਰਾਹੀਂ ਇਕ ਡਾਕਟਰ ਦਿੱਤਾ ਗਿਆ ਹੈ, ਉਹ ਸਪੈਸ਼ੇਲਿਸਟ ਡਾਕਟਰ ਵੀ ਕੰਮ ਕਰ ਰਿਹਾ ਹੈ ਅਤੇ ਐਨੇਸਥੀਸੀਆ ਦੇ ਵਿੱਚ ਜਿਹੜੇ ਬੱਚੇ ਪੀਜੀ ਬੌਂਡ ਭਰਦੇ ਨੇ, ਉਹ ਵੀ ਹਨ, ਇਕ Ultrasonologist Doctor ਨੂੰ ਵੀ ਐਮਪੈਨਲ ਕਰ ਲਿਆ ਗਿਆ ਹੈ। ਅੱਖਾਂ ਦੇ ਮਾਹਿਰ ਡਾਕਟਰ ਦੀ ਮੈਂ ਉਥੇ ਡਿਊਟੀ ਲਗਾਵਾਂਗਾ। ਜਿਹੜਾ ਸਕਿਨ

ਵਾਸਤੇ ਸਪੈਸ਼ੇਲਿਸਟ ਕਿਹਾ ਹੈ, ਉਹ ਲਗਾ ਦਿੱਤਾ ਗਿਆ ਹੈ। ਉਥੇ ਐਮਬੀਬੀਐਸ ਦੇ 10 ਡਾਕਟਰ ਹਨ, ਅਸੀਂ ਇਨ੍ਹਾਂ ਵਾਸਤੇ ਮੈਕਸੀਮਮ ਡਾਕਟਰ recruit ਕੀਤੇ ਹਨ। ਹੋਰ ਐਮਬੀਬੀਐਸ ਡਾਕਟਰ ਵੀ ਦੇਵਾਂਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ :** ਠੀਕ ਹੈ, ਬੀਬਾ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਰ, ਹਠੂਰ ਵਿੱਚ ਚਾਰ ਐਮ.ਬੀ.ਬੀ.ਐਸ. ਡਾਕਟਰਾਂ ਦੀਆਂ ਪੋਸਟਾਂ ਹਨ ਪਰ ਅਜੇ ਉੱਥੇ ਦੋ ਹੀ ਐਮ.ਬੀ.ਬੀ.ਐਸ. ਡਾਕਟਰ ਹੀ ਹਨ। ਸਾਨੂੰ ਦੋ ਹੋਰ ਐਮ.ਬੀ.ਬੀ.ਐਸ. ਡਾਕਟਰ ਚਾਹੀਦੇ ਹਨ ਤਾਂ ਕਿ ਉੱਥੇ ਐਮਰਜੈਂਸੀ ਸੇਵਾਵਾਂ 24 ਘੰਟੇ ਦਿੱਤੀਆਂ ਜਾ ਸਕਣ।

**ਮੰਤਰੀ** : ਉਸ ਵਾਸਤੇ ਵੀ ਦੇਵਾਂਗੇ ਜੀ। ਇਸ਼ੂ ਇਹ ਹੈ ਕਿ ਡਾਕਟਰ ਉਥੇ ਜਾਂਦੇ ਨਹੀਂ ਹਨ। ਉਥੇ ਕੋਈ ਸਪੈਸ਼ੇਲਿਸਟ ਨਹੀਂ ਲੱਗਿਆ ਹੋਇਆ।

**ਮਾਣਯੋਗ ਸਪੀਕਰ :** ਠੀਕ ਹੈ ਜੀ। ਵਗਦੀ ਗੰਗਾ ਵਿੱਚ ਮੈਂ ਵੀ ਹੱਥ ਧੋ ਲਵਾਂ। ਫਰੀਦਕੋਟ ਹਸਪਤਾਲ ਵਿੱਚ ਇਕ ਸਾਈਕੈਟ੍ਰਿਸਟ ਵੀ ਲਗਾ ਦਿਓ ਜੀ। ਡੋਪ ਟੈਸਟ ਵਾਲਿਆਂ ਨੂੰ ਬੜਾ ਔਖਾ ਹੁੰਦਾ ਹੈ।

**ਮੰਤਰੀ** : ਸਰ, ਜਿਹੜਾ ਯੂਐਸਡੀ ਕਾਲਜ ਆਫ ਮੈਡੀਕਲ ਸਾਇੰਸ ਹੈ, ਉਥੋਂ ਟੈਂਪਰੇਰੀ ਡਾਕਟਰ ਲਗਾ ਦਿੰਦਾ ਹਾਂ। ਇਹ ਇਮੀਜੀਏਟਲੀ ਦੇ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ :** ਮੰਤਰੀ ਜੀ, thank you.(interruptions) ਧੰਨਵਾਦ ਜੀ। ਹੁਣ ਅਗਲੇ ਕੁਐਸਚਨ ਲੈ ਲਈਏ। ਆਪੋਜੀਸ਼ਨ ਦੇ ਸਾਰੇ ਇੰਨੇ ਸਿਆਣੇ ਬੰਦੇ ਹਨ, ਐਕਸਪੀਰੀਐਂਸਡ ਬੰਦੇ ਹਨ। ਸਾਡੇ ਮਾਣਯੋਗ ਮੈਂਬਰ ਸਾਹਿਬਾਨ ਨੇ ਪੰਜਾਬ ਦੇ ਲੋਕਾਂ ਦੇ ਕੁਐਸਚਨ ਲਾਏ ਹੋਏ ਹਨ, ਇਨ੍ਹਾਂ ਦੇ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹਲਕਿਆਂ ਦੇ ਕੁਐਸਚਨ ਲੱਗੇ ਹੋਏ ਹਨ, ਉਹ ਸਾਰਾ ਸਿਸਟਮ ਹੁਣ ਅਨਫਿਟ ਹੋ ਗਿਆ ਹੈ। ਹੁਣ ਆਪਾਂ ਕਰ ਲਈਏ, we should make it good. ਅਗਲਾ ਕੁਐਸਚਨ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਜੀ ਦਾ ਹੈ। ਕੋਟਲੀ ਸਾਹਿਬ ਅੱਜ ਕਿੰਨੀ ਸੋਹਣੀ ਪੱਗ ਬੰਨ੍ਹ ਕੇ ਆਏ ਸਨ। ਹੁਣ ਕੀ ਕਰੀਏ? ਉਨ੍ਹਾਂ ਦੇ ਹਲਕੇ ਦਾ ਸਵਾਲ ਸੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਧੰਨਵਾਦ। ਮੇਰੀ ਤੁਹਾਨੂੰ ਇਕ ਬੇਨਤੀ ਹੈ। ਇਹ just food for thought ਹੈ, ਤੁਸੀਂ ਇਸ ਤੇ ਸੋਚ ਲੈਣਾ। ਇਕ ਅਜਿਹਾ ਮੈਕੇਨਿਜ਼ਮ ਬਣਾਇਆ ਜਾਵੇ ਕਿ ਜਿਹੜੇ ਲੋਕ ਪਰਪਜ਼ ਲਈ ਕੁਐਸਚਨ ਲੱਗ ਜਾਂਦੇ ਹਨ ਪਰ ਆਪਣੇ ਹਲਕੇ ਦਾ ਇਹ ਲੋਕ ਸਵਾਲ ਨਹੀਂ ਚੁੱਕਦੇ ਅਤੇ ਡਰਾਮਾ ਕਰਕੇ ਬਾਹਰ ਚਲੇ ਜਾਂਦੇ ਹਨ। ਕੋਈ ਅਜਿਹਾ mechanism devise ਕੀਤਾ ਜਾਵੇ, ਜਿਸ ਰਾਹੀਂ ਉਨ੍ਹਾਂ ਦੇ ਕੁਐਸਚਨ ਮੁੜ ਕੇ ਘੱਟੋ ਘੱਟ ਛੇ ਮਹੀਨੇ, ਸਾਲ-ਦੋ ਸਾਲ ਨਾ ਲੱਗਣ। ਸਰ, ਇਹੋ ਜਿਹਾ ਸਿਸਟਮ ਚਾਹੀਦਾ ਹੈ। ਹੁਣ ਇਨ੍ਹਾਂ

ਦੇ ਚੱਕਰ ਵਿੱਚ ਜਿਹੜੇ ਇਹ ਬੈਠੇ ਹਨ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ), ਜਿਹੜੇ ਆਪਣੇ ਹਲਕੇ ਦੇ ਦੋ ਲੱਖ ਲੋਕਾਂ ਦੀ ਗੱਲ ਕਰਨ ਆਏ ਹਨ, ਉਨ੍ਹਾਂ ਦਾ ਕੀ ਕਸੂਰ ਹੈ? ਸਰ, ਕੋਈ ਇਹੋ ਜਿਹਾ ਸਿਸਟਮ ਜ਼ਰੂਰ devise ਕੀਤਾ ਜਾਵੇ, ਬਾਕੀ ਮਰਜ਼ੀ ਤੁਹਾਡੀ ਹੈ, ਤੁਸੀਂ ਸੋਚ ਲਓ।

**ਮਾਣਯੋਗ ਸਪੀਕਰ** : ਤੁਸੀਂ ਜਦੋਂ ਪਿਆਰ ਕਰਦੇ ਹੋ ਤਾਂ ਉਹ ਵੀ ਬਾਹਲਾ (ਬਹੁਤ) ਕਰਦੇ ਹੋ ਅਤੇ ਜਦੋਂ ਧੱਕਾ ਦੇਣ ਲਗਦੇ ਹੋ ਤਾਂ ਉਹ ਵੀ ਚੰਗਾ ਦਿੰਦੇ ਹੋ।(ਹਾਸਾ) ਥੈਂਕ ਯੂ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਰ, ਇਨ੍ਹਾਂ ਨੂੰ ਬਲੈਕ ਲਿਸਟ ਕਰ ਦਿਓ।

**ਮਾਣਯੋਗ ਸਪੀਕਰ** : ਬਲੈਕ ਲਿਸਟ ਕਰ ਦੇਈਏ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਗੱਲ ਤਾਂ ਮੇਰੀ ਠੀਕ ਹੈ। ਨਜਾਇਜ਼ ਤਾਂ ਨਹੀਂ ਹੈ।

**ਮਾਣਯੋਗ ਸਪੀਕਰ** : ਹਾਂ ਜੀ, ਗੱਲ ਤਾਂ ਠੀਕ ਹੈ ਪਰ ਇਸ ਤੇ ਹਾਲੇ ਮੈਂ ਫੈਸਲਾ ਨਹੀਂ ਦੇਣਾ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਹਾਲੇ ਫੈਸਲਾ ਨਾ ਦਿਓ। ਮੈਂ ਤਾਂ ਤੁਹਾਨੂੰ food for thought ਦਿੱਤਾ ਹੈ। ਮੈਂ ਕਿਹਾ ਹੈ ਕਿ ਤੁਸੀਂ ਇਸ ਤੇ ਵਿਚਾਰ ਕਰ ਲਓ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਥੈਂਕ ਯੂ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਰ, ਗੱਲ ਇਕ ਹੋਰ ਹੈ ਜੀ। ਸਵਾਲ ਵੀ ਇਹੋ ਜਿਹੇ ਲਗਾਏ ਜਾਂਦੇ ਹਨ, ਜਿਨ੍ਹਾਂ ਦੀ ਕੋਈ relevancy ਨਹੀਂ ਹੈ ਅਤੇ ਜੋ ਬਿਨਾ ਲਾਜਿਕ ਤੋਂ ਹਨ। ਮੇਰੀ ਬੇਨਤੀ ਹੈ ਕਿ ਜੇਕਰ ਉਹ ਇਸ ਤਰ੍ਹਾਂ ਦੇ ਸਵਾਲ ਲਗਾ ਕੇ ਜਾਂਦੇ ਹਨ, ਉੱਠ ਕੇ ਭੱਜ ਗਏ ਹਨ, ਜਵਾਬ ਤਾਂ ਲੈਣ। ਹੁਣ ਵੀ ਕਿਤੇ ਤਾਂ ਬੈਠੇ ਸੁਣ ਰਹੇ ਹੋਣੇ, ਵਰਨਾ ਲੋਕ ਤਾਂ ਸੁਣਨਗੇ। ਇਹ ਮੇਰੀ ਬੇਨਤੀ ਹੈ, ਬਾਕੀ ਤੁਸੀਂ ਦੇਖ ਲਓ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਅਗਲਾ ਸਵਾਲ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1904

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਹਲਕਾ ਅੰਮ੍ਰਿਤਸਰ ਪੱਛਮੀ ਵਿਖੇ ਬਾਈਪਾਸ ਬਣਾ ਕੇ ਸੜਕ ਨੂੰ ਸੰਨ ਸਾਹਿਬ ਸੜਕ ਨਾਲ ਜੋੜਨਾ

***1889. ਡਾਕਟਰ ਜਸਬੀਰ ਸਿੰਘ ਸੰਧੂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ ਛੇਹਰਟਾ ਰੇਲਵੇ ਲਾਈਨ ਲੰਘਦੀ ਹੈ, ਜਿਸ ਉੱਤੇ ਮੇਨ ਬਜਾਰ ਵਿੱਚ ਫਾਟਕ ਹੈ ਅਤੇ ਰੇਲਵੇ ਵਾਸ਼ਿੰਗ ਸੈਂਟਰ ਨੇੜੇ ਹੋਣ ਕਾਰਨ ਰੇਲ ਗੱਡੀਆਂ ਦੀ ਆਵਾਜਾਈ ਜਿਆਦਾ ਰਹਿਣ ਕਾਰਨ ਫਾਟਕ ਅਕਸਰ ਬੰਦ ਹੀ ਰਹਿੰਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਥਾਨਕ ਲੋਕਾਂ ਦੀ ਪ੍ਰੇਸ਼ਾਨੀ ਨੂੰ ਵੇਖਦੇ ਹੋਏ ਬਾਈਪਾਸ ਬਣਾ ਕੇ ਇਸ ਸੜਕ ਨੂੰ ਸੰਨ ਸਾਹਿਬ ਸੜਕ ਨਾਲ ਜੋੜਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ :** ਸ਼੍ਰੀਮਾਨ ਜੀ,

(ੳ) ਹਾਂ ਜੀ, ਰੇਲਵੇ ਫਾਟਕ ਛੇਹਰਟਾ ਵਿਖੇ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ ਪੈਂਦਾ ਹੈ ਜੋ ਛੇਹਰਟਾ ਢੰਡ ਬੀਰ ਸੜਕ ਉਪਰ ਹੈ। ਇਸ ਸੜਕ ਦੀ ਲੰਬਾਈ 17.15 ਕਿਲੋਮੀਟਰ ਹੈ।

(ਅ) ਇਸ ਸੜਕ ਦਾ ਰੱਖ-ਰਖਾਅ ਪੰਜਾਬ ਮੰਡੀ ਬੋਰਡ ਵੱਲੋਂ ਕੀਤਾ ਜਾਂਦਾ ਹੈ। ਇਸ ਸੜਕ ਤੇ ਬਾਈਪਾਸ ਬਣਾ ਕੇ ਉਸਨੂੰ ਸੰਨ ਸਾਹਿਬ ਸੜਕ ਨਾਲ ਜੋੜਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ ਜਸਬੀਰ ਸਿੰਘ ਸੰਧੂ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਬਹੁਤ ਇਤਿਹਾਸਕ ਰੋਡ ਹੈ ਕਿਉਂਕਿ ਇਹ ਗੁਰਦੁਆਰਾ ਛੇਹਰਟਾ ਸਾਹਿਬ ਤੋਂ ਹੁੰਦੀ ਹੋਈ ਗੁਰੂ ਕੀ ਵਡਾਲੀ, ਜਨਮ ਅਸਥਾਨ ਗੁਰੂ ਹਰਗੋਬਿੰਦ ਪਾਤਸ਼ਾਹ ਅਤੇ ਉਸ ਤੋਂ ਬਾਅਦ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਜਨਮ ਅਸਥਾਨ ਬਾਸਰਕੇ ਗਿੱਲਾਂ ਉਪਰੰਤ ਬੀੜ ਬਾਬਾ ਬੁੱਢਾ ਸਾਹਿਬ ਨੂੰ ਨਿਕਲਦੀ ਹੈ। ਅੱਗੇ ਵੀ ਇਕ ਫਾਟਕ ਕਰਕੇ ਉਥੇ ਕਾਫੀ ਜ਼ਿਆਦਾ ਟ੍ਰੈਫਿਕ ਰਹਿੰਦੀ ਹੈ, ਜਿਸ ਨਾਲ ਉੱਧਰਲੇ 20-25 ਪਿੰਡਾਂ ਨੂੰ ਜਾਣ ਵਾਲਿਆਂ ਦਾ ਕਾਫਲਾ ਉਥੇ ਰੁਕਿਆ ਰਹਿੰਦਾ ਹੈ।

**1250/Karamjit kaur**

ਉਸ ਤੋਂ ਅਗਲੇ ਬੰਨੇ ਇੱਕ ਕਿਲੋਮੀਟਰ ਦੂਰ ਪਿੰਡ ਗੁਮਾਨਪੁਰਾ ਦਾ ਫਾਟਕ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਜੇ ਆਪਾਂ ਉਸ ਰੋਡ ਉੱਤੇ ਨਹੀਂ ਬਣਾ ਸਕਦੇ ਤਾਂ ਆਪਾਂ ਉਸ ਰੋਡ ਨੂੰ ਡਾਈਵਰਟ ਕਰ ਦੇਈਏ, ਇਸ ਦਾ ਕੋਈ ਨਾ ਕੋਈ ਤਰੀਕਾ ਕੱਢਿਆ ਜਾਵੇ। ਕਿਉਂਕਿ ਉਸ ਏਰੀਏ ਦੇ ਲੋਕਾਂ ਨੂੰ ਕਾਫ਼ੀ ਜ਼ਿਆਦਾ ਸਮੱਸਿਆ ਆ ਰਹੀ ਹੈ। ਮੈਂ ਸਰਕਾਰ ਦਾ ਧਿਆਨ ਇਸ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭੀਏ, ਕਿਉਂਕਿ ਪ੍ਰਾਬਲਮ ਕਾਫ਼ੀ ਵੱਡੀ ਹੈ।

**ਮਾਣਯੋਗ ਸਪੀਕਰ:** ਮੰਤਰੀ ਜੀ, ਇਸ ਦਾ ਉਨੀ ਦੇਰ ਤੱਕ ਕੋਈ ਹੋਰ ਆਲਟਰਨੇਟ ਅਰੇਂਜਮੈਂਟ ਕਰ ਦਿਉ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਅਸੀਂ ਇਸ ਤੇ ਇਸ ਤਰ੍ਹਾਂ ਲੈਂਦੇ ਹਾਂ ਜੀ ਕਿ ਮਾਣਯੋਗ ਐਮ.ਐਲ.ਏ. ਸਾਹਿਬ ਦੀ ਪ੍ਰਧਾਨਗੀ ਹੇਠ ਪੰਜਾਬ ਮੰਡੀ ਬੋਰਡ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇੱਕ ਸਾਂਝੀ ਕਮੇਟੀ ਗਠਿਤ ਕਰ ਦਿੰਦੇ ਹਾਂ। ਇਸ ਦੇ ਸਾਰੇ ਤਕਨੀਕੀ ਤੇ ਪ੍ਰਸ਼ਾਸਕੀ ਪਹਿਲੂਆਂ ਦੇ ਨਾਲ ਨਾਲ ਜ਼ਮੀਨ ਐਕਵਾਇਰ ਕਰਨੀ, ਯੂਟੇਲਿਟੀ ਸ਼ਿਫਟਿੰਗ ਆਦਿ ਬਾਰੇ ਸਾਰਾ ਕੁਝ ਉਸ ਕਮੇਟੀ ਵਿੱਚ ਤੈਅ ਹੋ ਜਾਵੇਗਾ। ਅਸੀਂ ਇੱਕ ਹਫ਼ਤੇ ਦੇ ਵਿੱਚ ਇਨ੍ਹਾਂ ਦੀ ਪ੍ਰਧਾਨਗੀ ਹੇਠ ਅਧਿਕਾਰੀਆਂ ਦੀ ਮੀਟਿੰਗ ਸਬੰਧੀ ਕਮੇਟੀ ਬਣਾ ਦਿੰਦੇ ਹਾਂ ਜੀ।

**ਮਾਣਯੋਗ ਸਪੀਕਰ:** ਮੈਂ ਤਾਂ ਸੋਚਿਆ ਕਿ ਕਿਤੇ ਨਾਂਹ ਹੀ ਕਰਨਗੇ ਪ੍ਰੰਤੂ ਤੁਸੀਂ ਤਾਂ ਹਾਂ ਹੀ ਕਰ ਦਿੱਤੀ ਹੈ ਜੀ। ਥੈਂਕ ਯੂ।

---

## ਨਹਿਰਾਂ ਆਦਿ ਤੇ ਪਸ਼ੂ ਚਾਰਨ ਤੇ ਪਾਬੰਦੀ ਲਗਾਉਣਾ

***1890. ਪ੍ਰੋਫੈਸਰ ਜਸਵੰਤ ਸਿੰਘ ਗੱਜਣ ਮਾਜਰਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਨਹਿਰਾਂ, ਖਾਲਾਂ ਅਤੇ ਨਾਲਿਆਂ ਦੇ ਕੰਢਿਆਂ 'ਤੇ ਪਸ਼ੂਆਂ ਨੂੰ ਚਰਾਉਣ ਦੀ ਇਜਾਜ਼ਤ ਹੈ; ਅਤੇ ਜੇਕਰ ਅਜਿਹਾ ਹੈ, ਤਾਂ ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਪ੍ਰਸਤਾਵ ਹੈ ਕਿ ਅਜਿਹੇ ਚਰਾਉਣ 'ਤੇ ਪਾਬੰਦੀ ਲਗਾਈ ਜਾਵੇ?

**ਸ੍ਰੀ ਬਰਿੰਦਰ ਕੁਮਾਰ ਗੋਇਲ:** ਸ਼੍ਰੀਮਾਨ ਜੀ, ਨਹਿਰਾਂ, ਖਾਲਿਆਂ ਅਤੇ ਨਾਲਿਆਂ ਦੇ ਕੰਢਿਆਂ 'ਤੇ ਪਸ਼ੂਆਂ ਨੂੰ ਚਰਾਉਣ ਦੀ ਇਜਾਜ਼ਤ ਨਹੀਂ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣ ਮਾਜਰਾ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਇਸ ਸਾਲ ਵੀ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ 550 ਪੌਦੇ ਲਗਾਏ ਸਨ। ਹੁਣ ਆਪਾਂ ਸ੍ਰੀ ਗੁਰੂ ਰਵੀਦਾਸ ਜੀ ਦਾ 650 ਸਾਲਾ ਦਿਵਸ ਮਨਾ ਰਹੇ ਹਾਂ। ਜੇ ਅਸੀਂ ਦਰੱਖਤਾਂ ਦੀ ਸੰਭਾਲ ਨਹੀਂ ਕਰਾਂਗੇ ਜਾਂ ਕੁਤਾਹੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਨਹੀਂ ਹੋਵੇਗੀ ਤਾਂ ਫਿਰ ਸਾਨੂੰ ਪੌਦੇ ਲਗਾਉਣ ਦਾ ਕੋਈ ਫਾਇਦਾ ਨਹੀਂ ਹੈ। ਇਸ ਕਰਕੇ ਮੈਂ ਮੰਤਰੀ ਜੀ ਤੋਂ ਇਹੀ ਆਸ ਕਰਦਾ ਹਾਂ ਕਿ ਸਖ਼ਤ ਹਦਾਇਤ ਕਰਕੇ ਪ੍ਰਸ਼ਾਸਨ ਨੂੰ ਲਿਖਤੀ ਰੂਪ ਵਿੱਚ ਜਾਵੇ ਤਾਂ ਜੋ ਪੰਜਾਬ ਵਿੱਚ ਨਹਿਰਾਂ ਅਤੇ

ਰਜਬਾਹਿਆਂ ਦੇ ਕੰਢੇ ਬਿਨਾਂ ਆਗਿਆ ਤੋਂ ਕੋਈ ਵੀ ਪਸ਼ੂਆਂ ਨੂੰ ਚਾਰਨ ਦੀ ਖੇਚਲ ਨਾ ਕਰੇ। ਕਿਉਂਕਿ ਇਸ ਦੇ ਨਾਲ ਨਹਿਰਾਂ ਤੇ ਰਜਬਾਹਿਆਂ ਦੇ ਕੰਢਿਆਂ ਵਿੱਚ ਤਕਨੀਕੀ ਨੁਕਸ ਵੀ ਪੈਂਦੇ ਹਨ, ਪਸ਼ੂਆਂ ਦੇ ਖੁਰਾਂ ਨਾਲ ਉੱਥੇ ਵੱਢਿਆ ਜਾਂਦਾ ਹੈ। ਵੱਡਾ ਕਾਰਨ ਇਹ ਹੈ ਕਿ ਸਾਡੇ ਲਗਾਏ ਹੋਏ ਪੌਦੇ ਵੀ ਖ਼ਤਮ ਹੋ ਜਾਂਦੇ ਹਨ, ਉੱਥੇ ਪਸ਼ੂਆਂ ਦੇ ਚਰਨ ਕਾਰਨ ਅਸੀਂ ਉਨ੍ਹਾਂ ਪੌਦਿਆਂ ਨੂੰ ਸੰਭਾਲ ਨਹੀਂ ਸਕਦੇ, ਭਾਵੇਂ ਹਰੇਕ ਸਾਲ ਇਹ ਪੌਦੇ ਲੱਗਦੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਤੁਹਾਡਾ ਪ੍ਰਸ਼ਨ ਆ ਗਿਆ ਹੈ। ਮੰਤਰੀ ਜੀ, ਤੁਸੀਂ ਇਸ ਦੇ ਹੱਲ ਵਾਸਤੇ ਕੋਈ ਮੈਕੇਨਿਜ਼ਮ ਬਣਾ ਦਿਉ।

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਨਹਿਰਾਂ, ਦਰਿਆਵਾਂ ਅਤੇ ਰੇਲਵੇ ਦੇ ਕਿਨਾਰੇ ਹਨ, ਇਨ੍ਹਾਂ ਸਬੰਧੀ ਸਾਲ 1958 ਵਿੱਚ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਫੋਰੈਸਟ ਡਿਪਾਰਟਮੈਂਟ ਨੂੰ ਦੇ ਦਿੱਤੇ ਗਏ ਸੀ। ਇਨ੍ਹਾਂ ਦੀ ਗੱਲ ਬਿਲਕੁਲ ਸਹੀ ਹੈ, ਕਿਉਂਕਿ ਪਸ਼ੂਆਂ ਦੀ ਆਵਾਜਾਈ ਦੇ ਨਾਲ ਉੱਥੇ ਸਾਰੇ ਦਰੱਖਤਾਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ, ਪਾਣੀ ਵੀ ਪੋਲਿਊਟਡ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਐਨ.ਜੀ.ਟੀ. ਵੀ ਖਾਸ ਤੌਰ ਤੇ ਇੰਸਟ੍ਰਕਸ਼ਨਾਂ ਜਾਰੀ ਕਰਦੀ ਹੈ ਕਿ ਇਸ ਤਰ੍ਹਾਂ ਨਾ ਹੋਣ ਦਿੱਤਾ ਜਾਵੇ। ਸੋ, ਅਸੀਂ ਐਨ.ਜੀ.ਟੀ. ਦੀਆਂ ਇੰਸਟ੍ਰਕਸ਼ਨਾਂ ਨੂੰ ਵੀ ਧਿਆਨ ਵਿੱਚ ਰੱਖਦੇ ਹਾਂ ਅਤੇ ਇਸ ਦੇ ਲਈ ਪੂਰੇ ਤਰੀਕੇ ਨਾਲ ਜਿਹੜੀ ਵੀ ਕਾਰਵਾਈ ਕਰਨੀ ਬਣਦੀ ਹੈ, ਉਹ ਕਾਰਵਾਈ ਵੀ ਕਰਦੇ ਹਾਂ। ਉੱਥੇ ਪਸ਼ੂਆਂ ਨੂੰ ਚਰਾਉਣ ਦੀ ਟੋਟਲੀ ਮਨਾਹੀ ਹੈ। ਇਸ ਦੇ ਲਈ ਅਸੀਂ ਸਾਰਾ ਸਿਸਟਮ ਲਾਗੂ ਕੀਤਾ ਹੋਇਆ ਹੈ।

**ਮਾਣਯੋਗ ਸਪੀਕਰ**: ਥੈਂਕ ਯੂ।

---

**ਐਸ.ਏ.ਐਸ.ਨਗਰ, ਸੈਕਟਰ 70 ਵਿਖੇ ਮਾਤਾ ਸੁੰਦਰੀ ਜੀ ਗੁਰਦੁਆਰਾ ਸਾਹਿਬ ਦੇ ਅੱਗੇ ਸੜਕ ਨੂੰ ਸਿੱਧਾ ਕਰਨਾ।**

***1864. ਸਰਦਾਰ ਕੁਲਵੰਤ ਸਿੰਘ**: ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਦੀ ਪੀ.ਆਰ.7 (ਏਅਰਪੋਰਟ ਰੋਡ) ਦਾ S Shape ਵਾਲਾ ਜੋ ਹਿੱਸਾ ਸੈਕਟਰ 70 ਵਿਖੇ ਗੁਰਦੁਆਰਾ ਸਾਹਿਬ ਮਾਤਾ ਸੁੰਦਰੀ ਜੀ ਦੇ ਅੱਗੇ ਪੈਂਦਾ ਹੈ, ਉਹ ਕਿੱਲਰ ਸਪਾਟ/ਐਕਸੀਡੈਂਟ ਪਰੋਨ ਏਰੀਆ ਬਣ ਚੁੱਕਾ ਹੈ? ਜੇਕਰ ਅਜਿਹਾ ਹੋਵੇ ਤਾਂ ਇਸ ਹਿੱਸੇ ਨੂੰ ਸਿੱਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ? ਜੇਕਰ ਹੈ ਤਾਂ ਕਦੋ ਤੱਕ ਇਸ ਤਜਵੀਜ਼ ਤੇ ਅਮਲ ਹੋਵੇਗਾ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ਼੍ਰੀਮਾਨ ਜੀ, ਗਮਾਡਾ ਅਥਾਰਟੀ ਵੱਲੋਂ ਮਿਤੀ 30.06.2011 ਨੂੰ ਹੋਈ 10ਵੀਂ ਮੀਟਿੰਗ ਦੇ ਅਜੰਡਾ ਆਈਟਮ ਨੰ. 10.12 ਰਾਹੀਂ ਸੈਕਟਰ-70 ਸਥਿਤ ਮਾਤਾ ਸੁੰਦਰੀ ਕੌਰ ਗੁਰਦੁਆਰਾ ਸਾਹਿਬ ਦੀ 1.78 ਏਕੜ ਜ਼ਮੀਨ ਦੇ ਬਦਲੇ ਸੈਕਟਰ-77 ਵਿੱਚ 2.67 ਏਕੜ ਜ਼ਮੀਨ ਅਲਾਟ ਕਰਨ ਦਾ ਫ਼ੈਸਲਾ ਲਿਆ ਗਿਆ ਅਤੇ ਇਸ ਸਬੰਧੀ

ਅਲਾਟਮੈਂਟ ਪੱਤਰ ਨੰ. 8957 ਮਿਤੀ 30.09.2011 ਜਾਰੀ ਕੀਤਾ ਗਿਆ। ਪਰੰਤੂ, ਗੁਰਦੁਆਰਾ ਸਾਹਿਬ ਦੇ ਮੁੱਖੀ ਸ੍ਰੀ ਬਲਵੀਰ ਸਿੰਘ ਵੱਲੋਂ ਉਕਤ ਅਲਾਟਮੈਂਟ ਸਵੀਕਾਰ ਨਾ ਕਰਦੇ ਹੋਏ 3 ਏਕੜ ਜ਼ਮੀਨ ਦੀ ਮੰਗ ਕੀਤੀ ਗਈ, ਜਿਸਨੂੰ ਕਾਰਜਕਾਰੀ ਕਮੇਟੀ ਦੀ 25ਵੀਂ ਮੀਟਿੰਗ ਦੇ ਅਜੰਡਾ ਆਈਟਮ ਨੰ. 25.17 ਰਾਹੀਂ ਪ੍ਰਵਾਨਗੀ ਦਿੱਤੀ ਗਈ। ਇਸ ਉਪਰੰਤ ਗਮਾਡਾ ਅਥਾਰਟੀ ਦੀ 28ਵੀਂ ਮੀਟਿੰਗ ਦੇ ਅਜੰਡਾ ਆਈਟਮ ਨੰ. 28.18 ਅਧੀਨ 3 ਏਕੜ ਜ਼ਮੀਨ ਦੇ ਨਾਲ ਪਹਿਲਾਂ ਪ੍ਰਵਾਨ ਕੀਤੀ ₹2,03,81,600/- ਦੀ ਉਸਾਰੀ ਰਕਮ ਵਿੱਚ 30% ਵਾਧਾ ਕਰਨ ਦੀ ਮਨਜ਼ੂਰੀ ਦਿੱਤੀ ਗਈ।

ਇਸ ਉਪਰੰਤ ਮਿਲਖ ਅਫ਼ਸਰ(ਪ) ਵੱਲੋਂ ਮਿਤੀ 13.03.2025 ਅਤੇ 25.04.2025 ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਦਫ਼ਤਰ ਵਿੱਚ ਹਾਜ਼ਰ ਹੋਣ ਲਈ ਪੱਤਰ ਜਾਰੀ ਕੀਤੇ ਗਏ, ਪਰੰਤੂ ਨਾ ਕੋਈ ਪ੍ਰਤੀਨਿਧੀ ਹਾਜ਼ਰ ਹੋਇਆ ਅਤੇ ਨਾ ਹੀ ਕੋਈ ਲਿਖਤੀ ਜਵਾਬ ਪ੍ਰਾਪਤ ਹੋਇਆ, ਜਿਸ ਕਾਰਨ ਕੇਸ ਵਿੱਚ ਅਗਲੇਰੀ ਕਾਰਵਾਈ ਨਹੀਂ ਹੋ ਸਕੀ।

ਇਸ ਤੋਂ ਇਲਾਵਾ, ਸਿਵਲ ਮੁਕੱਦਮਾ ਨੰ. 794/ 2015 (Surinder Singh v. Balbir Singh) ਮਾਣਯੋਗ ਸਿਵਲ ਅਦਾਲਤ ਵਿੱਚ ਵਿਚਾਰ ਅਧੀਨ ਹੈ। ਇਹ ਵੀ ਦੱਸਣਾ ਯੋਗ ਹੈ ਕਿ ਸੈਕਟਰ-77 ਦੀ ਪ੍ਰਸਤਾਵਿਤ ਸਾਈਟ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਗਮਾਡਾ ਵੱਲੋਂ ਨਿਲਾਮ ਕੀਤੀ ਜਾ ਚੁੱਕੀ ਹੈ ਅਤੇ ਇਸ ਉੱਪਰ ਉਸਾਰੀ ਜਾਰੀ ਹੈ।

ਜੇਕਰ ਭਵਿੱਖ ਵਿੱਚ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਹਿਮਤੀ ਪ੍ਰਾਪਤ ਹੁੰਦੀ ਹੈ ਤਾਂ ਲੋੜੀਂਦੀਆਂ ਪ੍ਰਵਾਨਗੀਆਂ ਉਪਰੰਤ ਸਹਿਮਤੀ ਅਨੁਸਾਰ ਢੁਕਵੀਂ ਬਦਲਵੀਂ ਥਾਂ ਦੀ ਅਲਾਟਮੈਂਟ ਲਈ ਕੇਸ ਵਿਚਾਰਿਆ ਜਾ ਸਕਦਾ ਹੈ।

ਸਪੀਕਰ ਸਾਹਿਬ, ਮੈਨੂੰ ਪ੍ਰਸ਼ਨ ਨੰਬਰ ਦਾ ਭੁਲੇਖਾ ਲੱਗ ਗਿਆ ਸੀ।

**ਮਾਣਯੋਗ ਸਪੀਕਰ:** ਜਦੋਂ ਸਰਦਾਰ ਕੁਲਵੰਤ ਸਿੰਘ ਜੀ ਆ ਜਾਂਦੇ ਹਨ ਤਾਂ ਭੁਲੇਖਾ ਲੱਗ ਹੀ ਜਾਂਦਾ ਹੈ। (ਹਾਸਾ) ਮੰਤਰੀ ਜੀ, ਤੁਸੀਂ ਲਿਖਤੀ ਤੌਰ ਤੇ ਜਵਾਬ ਭੇਜ ਚੁੱਕੇ ਹੋ। ਇਸ ਦੀ ਸਪਲੀਮੈਂਟਰੀ ਲੈ ਲੈਂਦੇ ਹਾਂ। ਮੈਂਬਰ ਸਾਹਿਬ, ਜੇ ਸਪਲੀਮੈਂਟਰੀ ਹੈ ਤਾਂ ਦੱਸੋ ਜੀ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਜਵਾਬ ਭੇਜਿਆ ਹੈ, ਇਸ ਦੇ ਵਿੱਚ ਇਨ੍ਹਾਂ ਨੇ ਪੂਰੀ ਡਿਟੇਲ ਦਿੱਤੀ ਹੋਈ ਹੈ। ਇਹ ਪੀ.ਆਰ.-7 ਹੈ, ਜਿਹੜੀ ਨੂੰ ਆਪਾਂ ਏਅਰਪੋਰਟ ਰੋਡ ਵੀ ਕਹਿ ਦਿੰਦੇ ਹਾਂ ਅਤੇ ਜਿਹੜੀ ਪੰਜਾਬ ਤੇ ਮੋਹਾਲੀ ਸ਼ਹਿਰ ਦੀ ਰੀੜ੍ਹ ਦੀ ਹੱਡੀ ਹੈ। ਉੱਥੇ ਮੈਕਸੀਮਮ ਟ੍ਰੈਫਿਕ ਹੁੰਦੀ ਹੈ। ਉੱਥੇ ਮਾਤਾ ਸੁੰਦਰੀ ਜੀ ਦੇ ਨਾਮ ਤੇ ਇੱਕ ਗੁਰਦੁਆਰਾ ਸਾਹਿਬ ਬਣੇ ਹੋਏ ਹਨ, ਉਹ ਗੁਰਦੁਆਰਾ ਸਾਹਿਬ ਉਸ ਰੋਡ ਦੇ ਵਿੱਚ ਪੈਂਦਾ ਹੈ । ਉਸ ਦੇ ਕਰਕੇ ਰੋਡ ਨੂੰ ਘੁਮਾਉਣਾ ਪਿਆ ਹੈ। ਉੱਥੇ ਰੋਡ ਕੂਹਣੀ ਮੋੜ ਤੋਂ ਵੀ ਪੂਰਾ S (ਐੱਸ) ਮੋੜ ਪੈਂਦਾ ਹੈ

**1255/harpreet singh**

ਜਿਸ ਕਾਰਨ ਬਹੁਤ ਸਾਰੇ ਐਕਸੀਡੈਂਟ ਹੋਏ ਹਨ। ਸੈਂਕੜੇ ਨਹੀਂ ਹਜ਼ਾਰਾਂ ਐਕਸੀਡੈਂਟ ਹੋ ਗਏ ਹਨ ਅਤੇ ਹਜ਼ਾਰਾਂ ਲੋਕ ਜ਼ਖਮੀ ਹੋ ਚੁੱਕੇ ਹਨ। ਇਸ ਤੋਂ ਇਲਾਵਾ 50-60 ਮੌਤਾਂ ਵੀ ਹੋ ਚੁੱਕੀਆਂ ਹਨ। ਇਸ ਦਾ ਅਸੀਂ ਸਾਲ 2011 ਵਿਚ ਫੈਸਲਾ ਕਰਵਾ ਦਿੱਤਾ ਸੀ। ਇਹ ਗੁਰਦੁਆਰਾ ਨਿਹੰਗ ਸਿੰਘਾਂ ਦਾ ਹੈ। ਅਸੀਂ ਬਾਬਾ ਬਲਬੀਰ ਸਿੰਘ ਜੀ ਨੂੰ ਬੇਨਤੀ ਕਰਕੇ ਉਨ੍ਹਾਂ ਤੋਂ ਸਹਿਮਤੀ ਲਈ ਕਿ ਅਸੀਂ ਗੁਰਦੁਆਰਾ ਸਾਹਿਬ ਇਕ ਪਾਸੇ ਕਰ ਦਿੰਦੇ ਹਾਂ, ਤੁਸੀਂ ਸਾਨੂੰ ਇਹ ਜਗ੍ਹਾ ਦੇ ਦਿਓ। ਸਾਲ 2011 ਵਿਚ ਅਥਾਰਟੀ ਨੇ ਇਹ ਹੁਕਮ ਪਾਸ ਕਰ ਦਿੱਤਾ ਕਿ 2.67 ਏਕੜ ਜਗ੍ਹਾ ਦੇ ਦਿੱਤੀ ਜਾਵੇ ਅਤੇ ਨਾਲ 2 ਕਰੋੜ 3 ਲੱਖ ਰੁਪਿਆ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਵਾਸਤੇ ਦੇ ਦਿੱਤਾ ਜਾਵੇ। ਉਸ ਤੋਂ ਬਾਅਦ ਬਾਬਾ ਬਲਬੀਰ ਸਿੰਘ ਜੀ ਨੇ ਕਿਹਾ ਕਿ ਸਾਨੂੰ 3 ਏਕੜ ਜ਼ਮੀਨ ਕਰ ਦਿਓ। ਅਥਾਰਟੀ ਨੇ ਉਹ ਵੀ ਮੰਗ ਮੰਨ ਲਈ ਅਤੇ 2 ਕਰੋੜ 93 ਲੱਖ ਦਾ ਮੁਆਵਜ਼ੇ ਦੀ ਸਹਿਮਤੀ ਦੇ ਦਿੱਤੀ। ਉਸ ਤੋਂ ਬਾਅਦ ਅੱਜ ਤੱਕ ਪ੍ਰਸ਼ਾਸ਼ਨ ਵੱਲੋਂ ਕਿਸੇ ਕਿਸਮ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਸੜਕ ਵੀ ਉੱਥੇ ਹੀ ਹੈ ਅਤੇ ਐਕਸੀਡੈਂਟ ਵੀ ਉਸੇ ਤਰ੍ਹਾਂ ਹੋ ਰਹੇ ਹਨ। ਹੁਣ ਵਿਭਾਗ ਨੇ ਇਸ ਸਵਾਲ ਦੇ ਮੁਤਾਬਿਕ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਦੋ ਚਿੱਠੀਆਂ ਪਾਈਆਂ ਕਿ ਸਾਡੇ ਕੋਲ ਆ ਕੇ ਦੱਸੋ ਕਿ ਕੀ ਕਰਨਾ ਹੈ। ਇਹ ਦੋ ਚਿੱਠੀਆਂ ਪਾ ਕੇ ਇਨ੍ਹਾਂ ਨੇ ਉਹ ਜਗ੍ਹਾ ਕੈਂਸਲ ਕਰ ਦਿੱਤੀ ਅਤੇ ਜਿਹੜੀ ਜਗ੍ਹਾ ਗੁਰਦੁਆਰਾ ਸਾਹਿਬ ਨੂੰ ਦੇਣੀ ਸੀ, ਉਹ ਕਿਸੇ ਹੋਰ ਨੂੰ ਅਲਾਟ ਕਰ ਦਿੱਤੀ। ਹੁਣ ਮਸਲਾ ਇਹ ਹੈ ਕਿ ਮੰਤਰੀ ਜੀ ਆਪਣੇ ਜਵਾਬ ਦੇ ਆਖਰ ਵਿਚ ਲਿਖਦੇ ਹਨ ਕਿ ਜੇਕਰ ਭਵਿੱਖ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਇਸ ਤਜਵੀਜ਼ ਤੇ ਸਹਿਮਤੀ ਪ੍ਰਾਪਤ ਹੁੰਦੀ ਹੈ ਤਾਂ ਲੋੜੀਂਦੀਆਂ ਪ੍ਰਵਾਨਗੀਆਂ ਉਪਰੰਤ ਸਹਿਮਤੀ ਅਨੁਸਾਰ ਬਦਲਵੀਂ ਥਾਂ ਦੇਣ ਲਈ ਕੇਸ ਵਿਚਾਰਿਆ ਜਾ ਸਕਦਾ ਹੈ। ਅਸਲ ਵਿਚ ਜ਼ਰੂਰਤ ਤਾਂ ਸਾਡੀ ਸੀ। ਅਸੀਂ ਹੀ ਬਾਬਾ ਜੀ ਕੋਲ ਜਾ ਕੇ ਉਨ੍ਹਾਂ ਨੂੰ ਬੇਨਤੀਆਂ ਕੀਤੀਆਂ ਅਤੇ ਉਨ੍ਹਾਂ ਨੇ ਪ੍ਰਵਾਨ ਵੀ ਕੀਤੀਆਂ। ਵਿਭਾਗ ਨੇ ਇਹ ਤਜਵੀਜ਼ ਕੈਂਸਲ ਕਰ ਦਿੱਤੀ। ਹੋਣਾ ਤਾਂ ਇਹ ਚਾਹੀਦਾ ਸੀ ਕਿ ਹੁਣ ਵਿਭਾਗ ਉਨ੍ਹਾਂ ਕੋਲ ਸਹਿਮਤੀ ਲੈਣ ਲਈ ਜਾਂਦਾ ਕਿਉਂਕਿ ਜਗ੍ਹਾਂ ਉਨ੍ਹਾਂ ਕੋਲ ਹੈ ਅਤੇ ਜ਼ਰੂਰਤ ਸਾਨੂੰ ਹੈ। ਤੁਸੀਂ ਵੇਖੋ ਕਿ 14-15 ਸਾਲ ਹੋ ਗਏ ਹਨ, ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਹੋਈ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਸਲੇ ਦਾ ਹੱਲ ਹੋਵੇਗਾ ਜਾਂ ਨਹੀਂ, ਇਹ ਕਿਸੇ ਤਣ ਪੱਤਣ ਲੱਗੇਗਾ ਜਾਂ ਨਹੀਂ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਸਵਾਲ ਦਾ ਜਵਾਬ ਮੈਂਬਰ ਸਾਹਿਬ ਨੂੰ ਮਿਲ ਗਿਆ ਹੈ। ਸਪਲੀਮੈਂਟਰੀ ਦਾ ਜਵਾਬ ਉਨ੍ਹਾਂ ਨੇ ਆਪ ਹੀ ਦੇ ਦਿੱਤਾ ਹੈ। ਪਰ ਫਿਰ ਵੀ ਮੈਂ ਇਨ੍ਹਾਂ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਅਫ਼ਸਰ ਸਾਹਿਬਾਨਾਂ ਨੂੰ ਨਾਲ ਬਿਠਾ ਕੇ ਮਸਲਾ ਵਿਚਾਰ ਲਵਾਂਗਾ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਅਥਾਰਟੀ ਦੇ ਚੇਅਰਮੈਨ ਹੁੰਦੇ ਹਨ, ਉਸ ਅਥਾਰਟੀ ਨੇ ਸਾਰੀ ਕਾਰਵਾਈ ਕੀਤੀ ਹੋਈ ਹੈ। ਹੁਣ ਤਾਂ ਮੰਤਰੀ ਜੀ ਘੱਟੋ ਘੱਟ ਦੱਸ ਦੇਣ ਕਿ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਕੀ ਪ੍ਰਬੰਧ ਕਰਨਾ ਹੈ। ਇਹ ਕੁੱਝ ਦੱਸਣ ਤਾਂ ਸਹੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਮੈਂ ਇਨ੍ਹਾਂ ਨੂੰ ਆਪਣੇ ਦਫ਼ਤਰ ਵਿਚ ਬੁਲਾਵਾਂਗਾ ਅਤੇ ਉੱਥੇ ਇਨ੍ਹਾਂ ਦੀ ਗੱਲ ਮੰਨੀ ਜਾਵੇਗੀ।

---

## ਕਮਿਊਨਿਟੀ ਹੈਲਥ ਸੈਂਟਰ ਦੋਰਾਹਾ ਵਿਖੇ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

***1925. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਕਮਿਊਨਿਟੀ ਹੈਲਥ ਸੈਂਟਰ (C.H.C.) ਦੋਰਾਹਾ ਵਿਖੇ ਡਾਕਟਰਾਂ ਦੀਆਂ ਮਨਜੂਰਸ਼ੁਦਾ ਕੁੱਲ ਕਿੰਨੀਆਂ ਅਸਾਮੀਆਂ ਹਨ, ਉਨਾਂ ਵਿਚੋ ਇਸ ਸਮੇਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ:

ਅ) C.H.C. ਦੋਰਾਹਾ ਵਿਖੇ ਖਾਲੀ ਪਈਆਂ ਡਾਕਟਰਾਂ ਦੀਆਂ ਪੋਸਟਾਂ ਨੂੰ ਭਰਨ ਲਈ ਸਰਕਾਰ ਵੱਲੋ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ: ਵੇਰਵੇ ਸਹਿਤ ਦੱਸਿਆ ਜਾਵੇ;

ੲ) ਕੀ C.H.C. ਦੋਰਾਹਾ ਵਿਖੇ ਰਾਤ ਸਮੇ (Night Shift) ਅਤੇ ਐਮਰਜੈਂਸੀ ਸਿਹਤ ਸੇਵਾਵਾਂ 24 ਘੰਟੇ ਉਪਲੱਬਧ ਰਹਿੰਦੀਆਂ ਹਨ, ਜੇਕਰ ਹਾਂ ਤਾਂ ਰਾਤ ਦੀ ਡਿਊਟੀ ਦੋਰਾਨ ਰੋਜਾਨਾ ਕਿੰਨੇ ਡਾਕਟਰ ਤਾਇਨਾਤ ਰਹਿੰਦੇ ਹਨ: ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,

ੳ) ਸੀ.ਐਚ.ਸੀ. ਦੋਰਾਹਾ ਵਿਖੇ ਮੈਡੀਕਲ ਅਫਸਰ (ਜਨਰਲ) ਦੀਆਂ ਕੁੱਲ 04 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 03 ਭਰੀਆਂ ਹੋਈਆਂ ਹਨ ਅਤੇ 01 ਅਸਾਮੀ ਖਾਲੀ ਹੈ।ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 05 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 01 ਭਰੀ ਹੋਈ ਹੈ ਅਤੇ 04 ਅਸਾਮੀਆਂ ਖਾਲੀ ਹਨ। ਮੈਡੀਕਲ ਅਫਸਰ (ਡੈਂਟਲ) ਦੀ 01 ਮਨਜ਼ੂਰਸ਼ੁਦਾ ਅਸਾਮੀ ਹੈ, ਜੋ ਕਿ ਭਰੀ ਹੋਈ ਹੈ।

ਅ) ਸਾਲ 2023 ਦੌਰਾਨ 271 ਮੈਡੀਕਲ ਅਫਸਰ (ਸਪੈਸ਼ਲਿਸਟ) ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਸ ਤੋਂ ਬਾਅਦ ਸਰਕਾਰ ਵੱਲੋਂ ਕੁੱਲ 1940 ਮੈਡੀਕਲ ਅਫਸਰਾਂ ਦੀਆਂ ਅਸਾਮੀਆਂ ਭਰਨ ਲਈ ਮਨਜ਼ੂਰੀ ਜਾਰੀ ਕੀਤੀ ਗਈ। ਇਸ ਭਰਤੀ ਪ੍ਰਕਿਰਿਆ ਦੇ ਪਹਿਲੇ ਪੜਾਅ ਦੌਰਾਨ ਸਾਲ 2024 ਵਿੱਚ 375, ਦੂਜੇ ਪੜਾਅ ਦੌਰਾਨ ਸਾਲ 2025 ਵਿੱਚ 873, ਅਤੇ ਤੀਜੇ ਪੜਾਅ ਦੌਰਾਨ ਸਾਲ 2026 ਵਿੱਚ ਵੇਟਿੰਗ ਲਿਸਟ (Waiting List) ਵਿੱਚੋਂ 177 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ 630 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਪ੍ਰਕਿਰਿਆ

ਸ਼ੁਰੂ ਕਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੂੰ ਲਿਖਿਆ ਜਾ ਚੁੱਕਾ ਹੈ। ਭਰਤੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਇਹ ਖਾਲੀ ਅਸਾਮੀਆਂ ਵੀ ਭਰ ਦਿੱਤੀਆਂ ਜਾਣਗੀਆਂ। ਮੈਡੀਕਲ ਅਫਸਰ (ਸਪੈਸ਼ਲਿਸਟ) ਦੀ ਭਰਤੀ ਸਬੰਧੀ 160 ਅਸਾਮੀਆਂ, ਜੋ ਲਗਭਗ ਇੱਕ ਸਾਲ ਤੋਂ ਘੱਟ ਸਮੇਂ ਤੋਂ ਖਾਲੀ ਹਨ, ਨੂੰ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.), ਪਟਿਆਲਾ ਰਾਹੀਂ ਭਰਨ ਲਈ ਕੇਸ ਸਰਕਾਰ ਨੂੰ ਅਗਲੇਰੀ ਕਾਰਵਾਈ ਵਾਸਤੇ ਭੇਜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਮੰਤਰੀ ਪ੍ਰੀਸ਼ਦ ਦੀ ਮਨਜ਼ੂਰੀ ਨਾਲ ਜ਼ਿਲ੍ਹਾ ਹਸਪਤਾਲਾਂ, ਸਬ-ਡਵੀਜ਼ਨਲ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ 300 ਮੈਡੀਕਲ ਅਫਸਰ (ਸਪੈਸ਼ਲਿਸਟ) ਨੂੰ ਇੰਪੈਨਲ ਕਰਨ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਅਤੇ ਭਰਤੀ ਪ੍ਰਕਿਰਿਆ ਜਾਰੀ ਹੈ। ਮੈਡੀਕਲ ਅਫਸਰ (ਜਨਰਲ) ਦੀ ਘਾਟ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਵੱਲੋਂ ਵੱਖ-ਵੱਖ ਸੰਸਥਾਵਾਂ ਵਿੱਚ 523 ਹਾਊਸ ਸਰਜਨਾਂ ਨੂੰ ਛੇ ਮਹੀਨੇ ਲਈ ਰੱਖਣ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 200 ਹਾਊਸ ਸਰਜਨਾਂ ਨੇ ਡਿਊਟੀ ਜੁਆਇਨ ਕਰ ਲਈ ਹੈ।

ੲ) ਇਸ ਸਮੇਂ ਸੀ.ਐਚ.ਸੀ. ਦੋਰਾਹਾ ਵਿਖੇ 24x7 ਐਮਰਜੈਂਸੀ ਸੇਵਾਵਾਂ ਉਪਲੱਬਧ ਨਹੀਂ ਹਨ, ਪ੍ਰੰਤੂ ਸਰਕਾਰ ਵੱਲੋ ਸੀ.ਐਚ.ਸੀ. ਦੋਰਾਹਾ ਵਿਖੇ 24 ਘੰਟੇ (24x7) ਐਮਰਜੈਂਸੀ ਅਤੇ ਜਰੂਰੀ ਕਲੀਨਿਕਲ ਸੇਵਾਵਾਂ ਦੇਣ ਲਈ JIS ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਨਾਲ MoU ਕੀਤਾ ਗਿਆ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਅੱਛਾ ਜਵਾਬ ਦਿੱਤਾ ਹੈ ਅਤੇ ਮੈਨੂੰ ਇਸ ਦੀ ਖੁਸ਼ੀ ਵੀ ਹੈ ਕਿ ਸਾਲ 2024 ਵਿਚ 375 ਡਾਕਟਰ ਰੱਖੇ, ਸਾਲ 2025 ਵਿਚ 873 ਡਾਕਟਰ ਰੱਖੇ ਅਤੇ ਸਾਲ 2026 ਵਿਚ 177 ਡਾਕਟਰ ਭਰਤੀ ਕੀਤੇ ਪਰ ਸਪੀਕਰ ਸਾਹਿਬ, ਡਾਕਟਰ ਸਾਹਿਬ ਦੀ ਮਾਲ ਪੂੜਿਆਂ ਦੀ ਥਾਲੀ ਨਾਲ ਮੇਰਾ ਢਿੱਡ ਨਹੀ ਭਰਦਾ। ਮੈਨੂੰ ਤਾਂ ਗਾਇਨੀ ਦਾ ਡਾਕਟਰ ਚਾਹੀਦਾ ਹੈ। ਨਾ ਪਾਇਲ ਵਿਚ ਗਾਇਨੀ ਡਾਕਟਰ ਹੈ, ਨਾ ਦੋਰਾਹੇ ਵਿਚ ਹੈ ਅਤੇ ਨਾ ਮਲੌਦ ਵਿਚ ਹੈ। ਸੋ, ਮੇਰੀ ਇਹੀ ਬੇਨਤੀ ਹੈ ਕਿ ਇਨ੍ਹਾਂ ਨੇ ਬਹੁਤ ਵਧੀਆ ਡਾਕਟਰ ਰੱਖੇ ਹਨ, ਇਨ੍ਹਾਂ ਦਾ ਬਹੁਤ ਧੰਨਵਾਦ ਹੈ। ਬਿਲਕੁਲ ਡਾਕਟਰਾਂ ਦੀ ਗਿਣਤੀ ਵਧੀ ਹੈ ਪਰ ਸਾਡੀ ਗਾਇਨੀ ਡਾਕਟਰ ਦੀ ਮੰਗ ਪੂਰੀ ਕਰ ਦਿਓ। ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜਿਹੜੀ ਸੀ.ਐਚ.ਸੀ. ਦੋਰਾਹਾ ਬਣੀ ਹੈ,ਉਹ ਨੈਸ਼ਨਲ ਹਾਈਵੇਅ ਤੇ ਹੈ। ਉੱਥੇ 4 ਵਿਚੋਂ 3 ਡਾਕਟਰ ਲਗਾ ਦਿੱਤੇ ਹਨ। ਦੂਜੇ ਵੀ ਲਗਾ ਦਿਆਂਗੇ। ਉੱਥੇ 5 ਸਪੈਸ਼ਲਿਸਟ ਦੀਆਂ ਪੋਸਟਾਂ ਹਨ, ਜਿਨ੍ਹਾਂ ਵਿਚੋਂ ਕੇਵਲ ਇਕ ਨੇ ਜੁਆਇਨ ਕੀਤਾ ਹੈ। ਅਸੀਂ ਇਸ ਦੇ ਬਾਵਜੂਦ 1940 ਡਾਕਟਰ ਆਲਰੇਡੀ ਭਰਤੀ ਕਰ ਚੁੱਕੇ ਹਾਂ ਅਤੇ 630 ਡਾਕਟਰਾਂ ਦੀ ਐਡਵਰਟਾਈਜ਼ਮੈਂਟ ਬਾਬਾ ਫਰੀਦ ਯੂਨੀਵਰਸਿਟੀ ਕੋਲ ਚਲੀ ਗਈ ਹੈ। ਸਪੀਕਰ ਸਾਹਿਬ, ਅਸੀਂ ਜਿੰਨੇ ਡਾਕਟਰ ਸਾਢੇ ਚਾਰ ਸਾਲਾਂ ਵਿਚ ਭਰਤੀ ਕੀਤੇ ਹਨ। ਪਿਛਲੀਆਂ ਸਰਕਾਰਾਂ ਨੇ 20 ਸਾਲਾਂ ਦੌਰਾਨ ਐਨੇ ਡਾਕਟਰ ਭਰਤੀ ਨਹੀਂ ਕੀਤੇ। ਇਸ ਨਾਲ ਸਾਡੀ ਡਾਕਟਰਾਂ ਦੀ ਕਮੀ ਪੂਰੀ ਹੋਵੇਗੀ। ਸਪੈਸ਼ਲਿਸਟ ਡਾਕਟਰਾਂ ਵਿਚ ਬਹੁਤ ਜ਼ਿਆਦਾ ਕਮੀ ਸੀ, ਜਦੋਂ ਅਸੀਂ ਟੇਕਓਵਰ ਕੀਤਾ ਸੀ। ਅਸੀਂ 160 ਸਪੈਸ਼ਲਿਸਟ

ਡਾਕਟਰਾਂ ਦੀ ਐਡਵਰਟਾਈਜ਼ਮੈਂਟ ਪੀ.ਪੀ.ਐਸ.ਸੀ. ਨੂੰ ਭੇਜ ਦਿੱਤੀ ਹੈ। ਅਸੀਂ ਸਪੈਸ਼ਲ ਅਰੇਂਜਮੈਂਟ ਕਰਕੇ 300 ਇੰਪੈਨਲਡ ਡਾਕਟਰ ਭਰਤੀ ਕੀਤੇ ਹਨ, ਜਿਨ੍ਹਾਂ ਵਿਚੋਂ 182 ਜੁਆਇਨ ਕੀਤੇ ਹਨ। ਮੈਂ ਆਪਣੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਅਤੇ ਅਫ਼ਸਰ ਸਾਹਿਬਾਨਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਲੋਕਲ ਐਮ.ਐਲ.ਏ. ਥੋੜ੍ਹਾ ਜਿਹਾ ਆਪ ਐਫ਼ਰਟ ਅਤੇ ਜੇਕਰ ਉਸ ਦੇ ਹਲਕੇ ਵਿਚ ਕੋਈ ਡਾਕਟਰ ਲੋਕਲ ਪ੍ਰੈਕਟਿਸ ਕਰਦਾ ਹੈ ਤਾਂ ਅਸੀਂ ਉਨ੍ਹਾਂ ਨੂੰ ਪਾਰਟ ਟਾਈਮ ਹਾਇਰ ਕਰ ਸਕਦੇ ਹਾਂ।

**1300/amandeep kaur**

**ਮਾਣਯੋਗ ਸਪੀਕਰ**: ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਅਜੰਡੇ ਦੀ ਅਗਲੀ ਆਈਟਮ ਲਵਾਂਗੇ।

---

## WRITTEN ANSWERS TO STARRED QUESTIONS UNDER RULE 38

### ਘਨੌਰ ਸਬ-ਤਹਿਸੀਲ ਨੂੰ ਸਬ-ਡਵੀਜ਼ਨ ਬਣਾਉਣਾ

***1867 ਸ੍ਰੀ ਗੁਰਲਾਲ ਘਨੌਰ**: ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘਨੌਰ ਸਬ-ਤਹਿਸੀਲ ਨੂੰ ਸਬ-ਡਵੀਜ਼ਨ ਬਣਾਉਣ ਅਤੇ ਪਟਵਾਰ ਖਾਨੇ ਦੀ ਨਵੀਂ ਬਿਲਡਿੰਗ ਉਸਾਰਨ ਸਬੰਧੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਸ ਤੇ ਅਮਲ ਹੋ ਜਾਵੇਗਾ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ੍ਰੀ ਮਾਨ ਜੀ,

"ਨਹੀਂ ਜੀ"।

---

### ਜਗਰਾਓ ਹਲਕੇ ਦੇ ਪਿੰਡਾਂ ਵਿੱਚ ਲਿੰਕ ਸੜਕਾਂ ਦੀ ਉਸਾਰੀ ਦੇ ਵੇਰਵੇ

***1899 ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਓਂ ਹਲਕੇ ਦੇ ਪਿੰਡਾਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਲਿੰਕ ਸੜਕਾਂ ਦੀ ਉਸਾਰੀ ਜਾਂ ਮੁਰੰਮਤ ਲਈ ਕਿੰਨੀ ਰਕਮ ਮਨਜ਼ੂਰ ਕੀਤੀ ਗਈ, ਕਿੰਨੀ ਖਰਚ ਹੋਈ ਅਤੇ ਕਿਹੜੇ ਕੰਮ ਅਜੇ ਬਕਾਇਆ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਵਿਧਾਨ ਸਭਾ ਹਲਕਾ ਜਗਰਾਓਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 134.58 ਕਰੋੜ ਰੁਪਏ ਦੀ ਰਾਸ਼ੀ ਲਿੰਕ ਸੜਕਾਂ ਦੀ ਉਸਾਰੀ/ਮੁਰੰਮਤ ਲਈ ਮਨਜ਼ੂਰ ਕੀਤੀ ਗਈ ਸੀ। ਜਿਸ ਵਿੱਚੋਂ 56.59 ਕਰੋੜ ਰੁਪਏ

ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ। ਇਸ ਰਾਸ਼ੀ ਵਿਰੁੱਧ ਮੁਕੰਮਲ ਹੋ ਚੁੱਕੇ ਕੰਮਾਂ ਅਤੇ ਬਕਾਇਆ ਕੰਮਾਂ ਦੇ ਵੇਰਵੇ "ਅਨੁਲੱਗ ੳ" ਤੇ ਨੱਥੀ ਕੀਤੇ ਜਾਂਦੇ ਹਨ।

---

**ਸੰਗਰੂਰ ਵਿਧਾਨ ਸਭਾ ਹਲਕੇ ਦੇ ਸਰਕਾਰੀ ਹਸਪਤਾਲ, ਭਵਾਨੀਗੜ੍ਹ ਵਿਖੇ 30 ਬੈਡਾਂ ਦਾ ਵਿਸਥਾਰ**

* **1880 ਸ਼੍ਰੀਮਤੀ ਨਰਿੰਦਰ ਕੌਰ ਭਰਾਜ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਹਲਕਾ ਸੰਗਰੂਰ ਦੇ ਸ਼ਹਿਰ ਭਵਾਨੀਗੜ੍ਹ ਦੇ ਸਰਕਾਰੀ ਹਸਪਤਾਲ ਵਿੱਚ ਸਰਕਾਰ ਵੱਲੋਂ 30 ਬੈਡਾਂ ਦੀ ਐਕਸਟੈਸ਼ਨ ਐਨ.ਐਚ.ਐਮ. ਪੀ.ਆਈ.ਪੀ. ਪ੍ਰੋਗਰਾਮ ਅਧੀਨ ਵਿੱਤੀ ਵਰ੍ਹੇ 2024-25 ਅਤੇ 2025-26 ਵਿੱਚ ਮਨਜ਼ੂਰ ਕੀਤੀ ਗਈ ਸੀ ਪਰ ਇਸ ਲਈ ਫੰਡ ਜਾਰੀ ਨਹੀਂ ਕੀਤੇ ਗਏ; ਜੇਕਰ ਅਜਿਹਾ ਹੈ ਤਾਂ ਫੰਡ ਕਦੋਂ ਤੱਕ ਜਾਰੀ ਹੋਣਗੇ?

**ਡਾਕਟਰ ਬਲਬੀਰ ਸਿੰਘ:** ਸ੍ਰੀਮਤੀ ਜੀ, ਕਮਿਊਨਿਟੀ ਹੈਲਥ ਸੈਂਟਰ (CHC), ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦੇ 30 ਬਿਸਤਰਿਆਂ ਵਾਲੇ ਹਸਪਤਾਲ ਦੇ ਵਿਸਥਾਰ (extension) ਨੂੰ ਵਿੱਤੀ ਵਰ੍ਹੇ 2024–25 ਲਈ ਰਾਸ਼ਟਰੀ ਸਿਹਤ ਮਿਸ਼ਨ (NHM) ਪ੍ਰੋਗਰਾਮ ਇੰਪਲੀਮੈਂਟੇਸ਼ਨ ਪਲਾਨ (PIP) ਤਹਿਤ ਪ੍ਰਵਾਨਗੀ ਦਿੱਤੀ ਗਈ ਸੀ।

ਹਾਲਾਂਕਿ, ਭਾਰਤ ਸਰਕਾਰ ਵੱਲੋਂ ਵਿੱਤੀ ਵਰ੍ਹੇ 2024–25 ਲਈ NHM ਅਧੀਨ ਫੰਡਾਂ ਦੇ ਜਾਰੀ ਹੋਣ ਵਿੱਚ ਦੇਰੀ ਹੋਈ ਸੀ ਅਤੇ ਫੰਡਾਂ ਦੀ ਪ੍ਰਾਪਤੀ ਵਿੱਤੀ ਵਰ੍ਹੇ ਦੀ ਆਖਰੀ ਤਿਮਾਹੀ ਵਿੱਚ ਹੀ ਸੰਭਵ ਹੋ ਸਕੀ। ਇਸ ਤੋਂ ਬਾਅਦ ਘੱਟ ਸਮਾਂ ਬਚਣ ਦੇ ਕਾਰਨ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ।

ਪੰਜਾਬ ਸਰਕਾਰ ਨੇ ਇਸ ਮਾਮਲੇ ਨੂੰ ਪਹਿਲ ਦੇ ਅਧਾਰ 'ਤੇ ਲਿਆ ਹੈ। ਇਸ ਅਨੁਸਾਰ, 30 ਬਿਸਤਰਿਆਂ ਵਾਲੇ CHC ਭਵਾਨੀਗੜ੍ਹ ਨੂੰ ਫਰਸਟ ਰੈਫਰਲ ਯੂਨਿਟ (FRU) ਵਜੋਂ ਅੱਪਗ੍ਰੇਡ ਕਰਨ ਲਈ ਵਿੱਤੀ ਵਰ੍ਹੇ 2026–27 ਵਾਸਤੇ "Financial Assistance to the State of Punjab for Public Health Infrastructure" ਸਕੀਮ ਅਧੀਨ

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਭਾਰਤ ਸਰਕਾਰ ਨੂੰ ਇੱਕ ਨਵਾਂ ਪ੍ਰਸਤਾਵ ਭੇਜਿਆ ਗਿਆ ਹੈ। ਇਸ ਪ੍ਰਸਤਾਵ ਨੂੰ ਭਾਰਤ ਸਰਕਾਰ ਵੱਲੋਂ ਸਿਧਾਂਤਕ ਪ੍ਰਵਾਨਗੀ (in-principle approval) ਮਿਲ ਗਈ ਹੈ।

ਰਾਜ ਸਰਕਾਰ ਭਵਾਨੀਗੜ੍ਹ ਵਿੱਚ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ, ਅਤੇ ਭਾਰਤ ਸਰਕਾਰ ਤੋਂ ਰਸਮੀ ਪ੍ਰਵਾਨਗੀ ਅਤੇ ਫੰਡ ਪ੍ਰਾਪਤ ਹੁੰਦੇ ਹੀ ਕੰਮ ਤੁਰੰਤ ਸ਼ੁਰੂ ਕਰ ਦਿੱਤਾ ਜਾਵੇਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1906**

(ਇਸ ਪ੍ਰਸ਼ਨ ਦਾ ਜਵਾਬ ਨੇਵਾ ਦੀ ਵੈੱਬਸਾਈਟ ਤੇ ਉਪਲਬਧ ਨਹੀਂ ਹੈ।)

---

## ANNOUNCEMENT BY THE SPEAKER REGARDING PANEL OF CHAIRMEN

**ਮਾਣਯੋਗ ਸਪੀਕਰ** : ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ :

1. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ

2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ

3. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ

4. ਡਾਕਟਰ ਨਛੱਤਰ ਪਾਲ, ਐਮ.ਐਲ.ਏ

---

## ANNOUNCEMENT BY THE SECRETARY

**ਮਾਣਯੋਗ ਸਪੀਕਰ** : ਹੁਣ ਸਕੱਤਰ ਜੀ ਐਲਾਨ ਕਰਨਗੇ।

**ਸ਼੍ਰੀ ਸਕੱਤਰ :** ਸ਼੍ਰੀਮਾਨ ਜੀ, ਮੈਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਪੰਜਾਬ ਨਮਿੱਤਣ (ਨੰਬਰ 1) ਬਿਲ, 2026
2. ਪੰਜਾਬ ਨਮਿੱਤਣ (ਨੰਬਰ 2) ਬਿਲ, 2026
3. ਪੰਜਾਬ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦਾ ਵਿਨਯਮ (ਸੋਧ) ਬਿਲ, 2026
4. ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026
5. ਪੰਜਾਬ ਪ੍ਰੀਜ਼ਨ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026
6. ਸ੍ਰੀ ਗੁਰੂ ਤੇਗ ਬਹਾਦੁਰ ਵਰਲਡ ਕਲਾਸ ਯੂਨੀਵਰਸਿਟੀ ਪੰਜਾਬ ਬਿਲ, 2026

---

## MATTERS RAISED DURING ZERO HOUR AND STATEMENT MADE BY THE MINISTER THEREON

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ। ਕੁਝ ਦਿਨ ਪਹਿਲਾਂ “ਸਤਲੁਜ” ਫਿਲਮ ਰਿਲੀਜ਼ ਹੋਈ ਹੈ। ਪਹਿਲਾਂ ਇਹ “ਪੰਜਾਬ 95” ਦੇ ਨਾਂ ਤੇਰਿਲੀਜ਼ ਹੋਣੀ ਸੀ, ਬਾਅਦ ਵਿੱਚ “ਸਤਲੁਜ” ਦੇ ਨਾਂ ਤੇ ਰਿਲੀਜ਼ ਹੋਈ ਤੇ ਕੇਂਦਰ ਸਰਕਾਰ ਵੱਲੋਂ ਰੋਕ ਲਗਾ ਦਿੱਤੀ ਗਈ। ਲੇਕਿਨ ਇਹ ਫਿਲਮ ਨੂੰ ਪੰਜਾਬ ਦੇ ਹਰ ਪਿੰਡ ਵਿੱਚ ਲੋਕਾਂ ਵੱਲੋਂ ਵੇਖੀ ਗਈ। ਵੱਡੇ ਵੱਡੇ ਇੱਕਠ ਕਰਕੇ ਸਕਰੀਨਾਂ ਲਗਾ ਕੇ ਲੋਕਾਂ ਨੂੰ ਵਿਖਾਈ ਗਈ। ਸਾਡੇ ਜਿਹੜੇ ਵੀ ਪੰਥਕ ਸੋਚ ਵਾਲੇ ਪਿੰਡ ਵਿੱਚ ਲੋਕ ਬੈਠੇ ਸੀ, ਉਨ੍ਹਾਂ ਵੱਲੋਂ ਵੀ ਦਿਖਾਈ ਗਈ ਕਿ 1984 ਤੋਂ ਲੈ ਕੇ 1995 ਤੱਕ ਪੰਜਾਬ ਵਿੱਚ ਉਸ ਸਮੇਂ ਕਾਂਗਰਸ ਦੀ ਸਰਕਾਰ ਦੇ ਦੌਰਾਨ ਕੇ.ਪੀ.ਐਸ ਗਿੱਲ ਜੋ ਕਿ ਪੰਜਾਬ ਦੇ ਉਦੋਂ ਡੀ.ਜੀ.ਪੀ ਸਨ ਵੱਲੋਂ ਕਿਸ ਤਰ੍ਹਾਂ ਸਾਡੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੇ ਵਿੱਚ ਉਨ੍ਹਾਂ ਨੂੰ ਕੋਹ ਕੋਹ ਕੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇੱਕਲੇ ਨੌਜਵਾਨ ਹੀ ਨਹੀਂ ਸਨ, ਬਹੁਤ ਸਾਰੀਆਂ ਬੁਜ਼ੁਰਗ ਔਰਤਾਂ ਵੀ ਸਨ, ਮਾਤਾਵਾਂ ਵੀ ਸਨ ਅਤੇ ਸਾਡੇ ਬੱਚੇ, ਬੁਜ਼ੁਰਗਾਂ ਨੂੰ ਵੀ ਸ਼ਹੀਦ ਕੀਤਾ ਗਿਆ ਅਤੇ ਉਨ੍ਹਾਂ ਦਾ ਲਾਵਾਰਸ ਲਾਸ਼ਾ ਕਹਿ ਕੇ ਸਸਕਾਰ ਕੀਤਾ ਗਿਆ। ਲੇਕਿਨ ਉਸ ਸਮੇਂ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਜੋ ਕਿ Human Right Activist ਸਨ, ਮਨੁੱਖੀ ਅਧਿਕਾਰਾਂ ਦੀ ਉਸ ਸਮੇਂ ਜੋ ਉਲਘੰਣਾ ਹੋ ਰਹੀ ਸੀ, ਉਸ ਦੀ ਪੈਰਵਾਈ ਕਰ ਰਹੇ ਸਨ ਕਿ ਜਿਹੜੇ ਨੌਜਵਾਨ ਲਾਪਤਾ ਹੋਏ ਹਨ ਉਹ ਕਿੱਥੇ ਗਏ। ਫਿਰ ਹਜ਼ਾਰਾਂ ਹੀ ਲੋਕਾਂ ਦੀਆਂ ਲਿਸਟਾਂ ਤਿਆਰ ਹੋਈਆਂ। ਉਹ ਸ਼ਮਸ਼ਾਨਘਾਟਾਂ ਦੇ ਵਿੱਚ ਗਏ। ਕਾਰਪੋਰੇਸ਼ਨਾਂ ਵਿੱਚ ਜਾਂ ਮਿਉਂਸਪਲ ਕਮੇਟੀਆਂ ਵਿੱਚ ਗਏ ਸਨ ਅਤੇ ਉਥੋਂ ਉਨ੍ਹਾਂ ਨੂੰ ਡੀਟੇਲ ਮਿਲੀ ਕਿ ਕਿੱਥੇ ਇਨ੍ਹਾਂ ਲਾਵਾਰਸ ਲਾਸ਼ਾਂ ਦਾ ਸਸਕਾਰ ਕਰਨ ਲਈ ਲੱਕੜਾ ਜਾਰੀ ਕੀਤੀਆਂ ਜਾਂਦੀਆਂ ਸਨ। ਉਹ ਸਾਰੀ ਡੀਟੇਲ ਇੱਕਠੀ ਕਰ ਰਹੇ ਸੀ। ਉਨ੍ਹਾਂ ਨੇ ਕੈਨੇਡਾ ਦੀ ਪਾਰਲੀਮੈਂਟ ਜਾ ਕੇ ਵੀ ਸਾਰਾ ਕੁਝ ਦੱਸਿਆ। ਉਸ ਤੋਂ ਬਾਅਦ ਜਦੋਂ 1995 ਦੇ ਵਿੱਚ ਉਹ ਵਾਪਸ ਇੰਡੀਆ ਆਏ ਉਨ੍ਹਾਂ ਨੂੰ ਪੁਲਿਸ ਵੱਲੋਂ ਅਰੈਸਟ ਕੀਤਾ ਗਿਆ ਅਤੇ ਉਸ ਤੋਂ ਬਾਅਦ ਉਨ੍ਹਾਂ ਤੇ ਤਸ਼ਦੱਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਉਹ ਵੀ ਇੱਕ ਲਾਵਾਰਸ ਲਾਸ਼ ਹੀ ਬਣ ਗਏ। 25000 ਦੇ ਕਰੀਬ ਲਾਵਾਰਸ ਲਾਸ਼ਾਂ ਲੱਭਦੇ ਲੱਭਦੇ ਉਹ ਖੁਦ ਇੱਕ ਲਾਵਾਰਸ ਲਾਸ਼ ਬਣ ਗਏ। ਸਮਾਂ ਕਾਫੀ ਲੰਘ ਗਿਆ। ਲੋਕ ਇਹ ਗੱਲਾਂ ਭੁੱਲ ਜਾਂਦੇ ਹਨ। ਲੇਕਿਨ ਇਸ ਫਿਲਮ ਨੇ ਸਾਰੀਆਂ ਗੱਲਾਂ ਫਿਰ ਤਾਜ਼ਾ ਕਰਵਾ ਦਿੱਤੀਆਂ ਕਿ ਸਾਡੇ

ਨਾਲ ਕਿਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਇਸ ਆਜ਼ਾਦ ਭਾਰਤ ਵਿੱਚ ਹੋਈਆਂ, ਕਿਸ ਤਰ੍ਹਾਂ ਸਾਡੇ ਨੌਜਵਾਨਾਂ ਨੂੰ, ਬੁਜ਼ੁਰਗਾਂ ਨੂੰ, ਮਾਤਾਵਾਂ ਨੂੰ ਉਸ ਸਮੇਂ ਸ਼ਹੀਦ ਕੀਤਾ ਗਿਆ। ਇਸ ਦੇ ਨਾਲ ਬਹੁਤ ਵੱਡੀ ਅੱਜ ਦੀ ਸਾਡੀ ਨੌਜਵਾਨ ਪੀੜ੍ਹੀ ਦੇ ਮਨਾਂ ਨੂੰ ਠੇਸ ਪਹੁੰਚੀ ਹੈ। ਦੁਨੀਆਂ ਨੂੰ ਵੀ ਪਤਾ ਲੱਗਿਆ ਕਿ ਕਿਸ ਤਰ੍ਹਾਂ ਉਸ ਸਮੇਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਗਿਆ।

**1305/Tarlochan Singh**

ਕਿਸ ਤਰ੍ਹਾਂ ਸ਼ਰੇਆਮ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ। ਇਸ ਤੋਂ ਬਾਅਦ ਪੈਰਵਾਈ ਕੀਤੀ ਗਈ, ਖਾਲੜਾ ਮਿਸ਼ਨ ਬਣਿਆ। (ਘੰਟੀ) ਇਸ ਕੇਸ ਵਿੱਚ ਜਿਹੜੇ ਦੋਸ਼ੀ ਸਨ, ਉਨ੍ਹਾਂ ਨੂੰ ਸੀ.ਬੀ.ਆਈ. ਕੋਰਟ ਨੇ ਸਜ਼ਾ ਦਿੱਤੀ, ਜਿਸ ਵਿੱਚ ਡੀ.ਐਸ.ਪੀ. ਜਸਪਾਲ ਸਿੰਘ, ਸਤਨਾਮ ਸਿੰਘ, ਸਬ ਇੰਸਪੈਕਟਰ, ਜਸਵੀਰ ਸਿੰਘ, ਸਬ ਇੰਸਪੈਕਟਰ ਦੀ ਸਜ਼ਾ ਹਾਈ ਕੋਰਟ ਤੋਂ ਬਾਅਦ ਸੁਪਰੀਕ ਕੋਰਟ ਤੋਂ ਵੀ ਬਹਾਲ ਰਹੀ ਹੈ। ਇਨ੍ਹਾਂ ਤਿੰਨਾਂ ਬਾਰੇ ਬੀਬੀ ਪਰਮਜੀਤ ਕੌਰ ਖਾਲੜਾ ਜੀ ਨੇ ਟਵੀਟ ਕੀਤਾ ਕਿ ਇਨ੍ਹਾਂ ਬਾਰੇ ਦੱਸਿਆ ਜਾਵੇ ਕਿ ਇਹ ਕਿੱਥੇ ਹਨ? ਕੀ ਉਨ੍ਹਾਂ ਨੂੰ ਬੇਲ ਦਿੱਤੀ ਗਈ ਹੈ, ਪੈਰੋਲ ਤੇ ਰਿਹਾ ਹੋਏ ਹਨ? ਉਹ ਅੱਜ ਕਿੱਥੇ ਰਹਿ ਰਹੇ ਹਨ, ਅੱਜ ਉਨ੍ਹਾਂ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਸੋ, ਬੀਬੀ ਪਰਮਜੀਤ ਕੌਰ ਖਾਲੜਾ ਜੀ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਟਵੀਟ ਕਰਕੇ ਜਾਣਕਾਰੀ ਮੰਗੀ ਸੀ ਪਰ ਹਾਲੇ ਤੱਕ ਕੋਈ ਵੀ ਜਾਣਕਾਰੀ ਨਹੀਂ ਮਿਲੀ ਹੈ। ਇਸ ਵਿੱਚ ਜਿੱਥੇ ਕਾਂਗਰਸ ਦੋਸ਼ੀ ਹੈ, ਉਥੇ ਅਕਾਲੀ ਦਲ ਦੇ ਆਗੂਆਂ ਨੂੰ ਵੀ ਬੀਬੀ ਪਰਮਜੀਤ ਕੌਰ ਖਾਲੜਾ ਜੀ ਨੇ ਕਟਿਹਰੇ ਵਿੱਚ ਖੜ੍ਹਾ ਕੀਤਾ ਹੈ। ਬੀ.ਜੇ.ਪੀ. ਇਸ ਕਰਕੇ ਦੋਸ਼ੀ ਹੈ ਕਿ ਉਸ ਨੇ ਇਸ ਫਿਲਮ ਤੇ ਰੋਕ ਲਗਾਈ ਹੈ, ਲੋਕਾਂ ਵਿੱਚ ਇਸ ਗੱਲ ਦਾ ਰੋਸ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਸ ਕਰਕੇ ਦੋਸ਼ੀ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਦੋਸ਼ੀਆਂ ਨੂੰ ਰਿਹਾਅ ਕੀਤਾ ਗਿਆ ਹੈ ਅਤੇ ਉਨ੍ਹਾਂ ਬਾਰੇ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਗਈ ਅਤੇ ਲੋਕਾਂ ਨੂੰ ਨਹੀਂ ਦੱਸਿਆ ਗਿਆ ਕਿ ਉਹ ਕਿੱਥੇ ਹਨ? ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਸਰਕਾਰ ਇਸ ਗੱਲ ਨੂੰ ਕਲੀਅਰ ਕਰੇ ਕਿ ਇਹ ਦੋਸ਼ੀ ਅੱਜ ਕਿੱਥੇ ਹਨ ਅਤੇ ਇਹ ਕਿਵੇਂ ਰਿਹਾਅ ਹੋਏ ਹਨ। ਇਸ ਬਾਰੇ ਜ਼ਰੂਰ ਲੋਕਾਂ ਨੂੰ ਦੱਸਿਆ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ। (ਵਿੱਤ ਮੰਤਰੀ ਨੂੰ) ਕੀ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਹਾਂ ਜੀ। ਸਪੀਕਰ ਸਾਹਿਬ, ਇਆਲੀ ਸਾਹਿਬ ਨੇ ਕਾਫੀ ਗੰਭੀਰ ਮੁੱਦੇ ਤੇ ਚਰਚਾ ਕੀਤੀ ਹੈ।

**ਮਾਣਯੋਗ ਸਪੀਕਰ** : ਜ਼ੀਰੋ ਆਵਰ ਵਿੱਚ ਜਵਾਬ ਨਹੀਂ ਹੁੰਦਾ ਪਰੰਤੂ ਮੁੱਦਾ ਗੰਭੀਰ ਹੈ, ਇਸ ਲਈ ਤੁਸੀਂ ਜਵਾਬ ਦੇ ਸਕਦੇ ਹੋ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਾਂਗਰਸ ਸਰਕਾਰ ਦੇ ਸਮੇਂ ਕਿਸ ਤਰ੍ਹਾਂ ਪੰਜਾਬ ਦੇ ਲੋਕਾਂ ਤੇ ਤਸ਼ੱਦਦ ਹੋਇਆ, ਕਿਸ ਤਰ੍ਹਾਂ ਵੱਡੀ ਪੱਧਰ ਤੇ ਵੱਖ ਵੱਖ ਫਿਰਕਿਆਂ ਨੂੰ ਲੜਾ ਕੇ ਪੰਜਾਬ ਵਿੱਚ ਖੂਨ ਦੀਆਂ ਨਦੀਆਂ

ਵਹਾਈਆਂ ਗਈਆਂ ਸਨ। ਅੱਜ ਸਾਡੇ ਸਤਿਕਾਰਯੋਗ ਸੱਜਣ ਇਆਲੀ ਸਾਹਿਬ ਨੇ ਆਪਣਾ ਪਾਸਾ ਬਦਲਿਆ ਹੈ ਅਤੇ ਪਾਸਾ ਬਦਲ ਕੇ ਦੂਜੀ ਜਮਾਤ ਵਿੱਚ ਖੜ੍ਹੇ ਹਨ ਪਰ ਇਹ ਖੁਦ ਵੀ ਦੋਸ਼ੀ ਹਨ। ਜਦੋਂ ਇਹ ਉਸ ਸਰਕਾਰ ਦਾ ਹਿੱਸਾ ਸਨ, ਇਹ ਖੁਦ ਉਸ ਸਮੇਂ ਵਿਧਾਇਕ ਸਨ ਜਦੋਂ ਪੰਜਾਬ ਵਿੱਚ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਸੀ। ਅਕਾਲੀ ਦਲ-ਬੀ.ਜੇ.ਪੀ. ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਲਿਖਿਆ ਸੀ ਕਿ ਅਸੀਂ ਕਾਂਗਰਸ ਪਾਰਟੀ ਦੇ ਕਾਲੇ ਦੌਰ ਦਾ ਇਨਸਾਫ ਦਿਵਾਵਾਂਗੇ ਲੇਕਿਨ ਇਨ੍ਹਾਂ ਨੇ ਵੀ ਉਸ ਸਮੇਂ ਚੁੱਪੀ ਧਾਰੀ ਰੱਖੀ। ਉਸ ਸਮੇਂ ਦੀ ਇਨ੍ਹਾਂ ਦੀ ਚੁੱਪੀ ਬਹੁਤ ਵੱਡੇ ਸਵਾਲ ਖੜ੍ਹੇ ਕਰਦੀ ਹੈ। ਹੁਣ ਇਨ੍ਹਾਂ ਨੂੰ ਲੱਗਦਾ ਹੈ ਕਿ ਇਸ ਮੁੱਦੇ ਤੇ ਰੋਟੀਆਂ ਸੇਕ ਕੇ ਅੱਗੇ ਵਧਿਆ ਜਾ ਸਕਦਾ ਹੈ ਲੇਕਿਨ ਇਹ ਖੁਦ, ਇਨ੍ਹਾਂ ਦੀ ਪਾਰਟੀ ਅਕਾਲੀ ਦਲ-ਬੀ.ਜੇ.ਪੀ. ਇਸ ਮਾਮਲੇ ਵਿੱਚ ਕਾਂਗਰਸ ਪਾਰਟੀ ਤੋਂ ਵੱਧ ਦੋਖੀ ਹਨ, ਦੋਸ਼ੀ ਹਨ ਕਿਉਂਕਿ ਇਨ੍ਹਾਂ ਲੋਕਾਂ ਨੇ ਇਹ ਮੁੱਦਾ ਕਾਂਗਰਸ ਪਾਰਟੀ ਨਾਲ ਰਲ ਕੇ ਦਬਾ ਕੇ ਰੱਖਿਆ ਸੀ। ਅੱਜ ਇਹ ਜੋ ਮਰਜ਼ੀ ਕਹੀ ਜਾਣ, ਅੱਜ ਸਮਾਂ ਲੰਘ ਗਿਆ ਹੈ, ਸਮਾਂ ਲੰਘਣ ਤੋਂ ਬਾਅਦ ਇਹ ਗੱਲਾਂ ਕਰ ਰਹੇ ਹਨ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਲੋਕਾਂ ਨੇ ਬੇਕਸੂਰ ਲੋਕਾਂ ਨੂੰ, ਉਨ੍ਹਾਂ ਦੀ ਆਵਾਜ਼ ਦਬਾਉਣ ਦਾ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਇਨਸਾਫ ਨਾ ਦੇਣ ਦੀ ਜ਼ਿੰਮੇਵਾਰੀ ਇਨ੍ਹਾਂ ਲੋਕਾਂ ਨੇ ਨਿਭਾਈ ਹੈ। ਧੰਨਵਾਦ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਰ, ਮੈਂ ਤਾਂ ਆਪ ਹੀ ਮੰਨ ਰਿਹਾ ਹਾਂ ਜੀ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਰ, ਜਿਹੜਾ ਸਵਾਲ ਪੁੱਛਿਆ ਗਿਆ ਹੈ, ਉਸ ਬਾਰੇ ਜਾਣਕਾਰੀ ਮੰਗੀ ਹੈ ਕਿ ਉਹ ਬੰਦੇ ਕਿੱਥੇ ਹਨ? ਸਰਕਾਰ ਇਹ ਦੱਸੇ ਕਿ ਉਹ ਦੋਸ਼ੀ ਕਿੱਥੇ ਹਨ?

(ਇਸ ਸਮੇਂ ਮਾਣਯੋਗ ਮੈਂਬਰ ਦਾ ਮਾਈਕ ਬੰਦ ਹੋ ਗਿਆ ਪਰੰਤੂ ਉਹ ਲਗਾਤਾਰ ਬੋਲ ਰਹੇ ਸਨ। ਮਾਈਕ ਬੰਦ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ ਜੀ। ਆਪਾਂ ਸਾਰੇ ਅਰਦਾਸ ਕਰੀਏ ਕਿ ਉਸ ਤਰ੍ਹਾਂ ਦਾ ਕਾਲਾ ਦੌਰ ਫਿਰ ਤੋਂ ਪੰਜਾਬ ਨੂੰ ਨਾ ਦੇਖਣਾ ਪਵੇ। ਬਹੁਤੇ ਪਿੰਡਾਂ ਵਿੱਚ ਉਸ ਸਮੇਂ ਜੰਨਾਂ ਨਹੀਂ ਚੜ੍ਹੀਆਂ ਸਨ ਅਤੇ ਇਹ ਬਹੁਤ ਵੱਡਾ ਧੱਕਾ ਹੋਇਆ ਹੈ, ਬੜਾ ਕਾਲਾ ਦੌਰ ਸੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਡਾਕਟਰ ਸਾਹਿਬ, ਕਿਸੇ ਮੈਂਬਰ ਨੂੰ ਬੋਲ ਲੈਣ ਦਿਉ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਬੱਸ ਇੱਕ ਮਿੰਟ। ਜਿਹੜਾ ਤੁਸੀਂ ਕਿਹਾ ਸੀ, ਉਸ ਦਾ ਜਵਾਬ ਦੇਣਾ ਹੈ। ਸਰ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਹ ਮੁੱਦਾ ਚੁੱਕਿਆ ਸੀ। ਸਰ, ਫਰੀਦਕੋਟ ਵਿੱਚ ਦੋ Psychiatrist ਹਨ,

ਡਾਕਟਰ ਕਪਿਲ ਸ਼ਰਮਾ ਅਤੇ ਡਾਕਟਰ ਅਕਰਮ। ਤੁਸੀਂ ਸ਼ਾਇਦ ਕੋਟਕਪੂਰਾ ਦੀ ਗੱਲ ਕੀਤੀ ਹੋਵੇਗੀ। ਉਨ੍ਹਾਂ ਦੋਵਾਂ ਵਿੱਚੋਂ ਇੱਕ ਦੀ ਡਿਊਟੀ ਤੁਹਾਡੇ ਉਥੇ ਲਗਾ ਰਿਹਾ ਹਾਂ। ਇਸ ਦੇ ਨਾਲ ਹੀ ਇੱਕ ਜਲੰਧਰ ਦਾ ਇਸ਼ੂ ਸੀ, ਉਥੇ ਵੀ ਮੈਂ ਆਲਰੇਡੀ ਡਿਊਟੀ ਲਗਾ ਦਿੱਤੀ ਹੈ ਜੀ। ਸਰ, ਇਹ ਤੁਹਾਡੀ ਪਾਵਰ ਹੈ ਜੀ, ਤੁਹਾਡਾ ਹੁਕਮ ਪੂਰਾ ਕਰ ਦਿੱਤਾ ਹੈ ਜੀ।

**ਮਾਣਯੋਗ ਸਪੀਕਰ** : ਤੁਹਾਡਾ ਧੰਨਵਾਦ ਹੈ ਜੀ। ਉਥੇ ਡਾਕਟਰ ਟੈਂਪਰੇਰੀ ਹਨ, ਉਨ੍ਹਾਂ ਨੂੰ ਫੁੱਲ ਟਾਈਮ ਕਰ ਦਿਉ। ਜਿਹੜੇ ਬਠਿੰਡੇ ਤੋਂ ਡਾਕਟਰ ਜਾਂਦੇ ਹਨ, ਉਹ ਟੈਂਪਰੇਰੀ ਹਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਸਰ, ਸ਼ਾਰਟੇਜ ਹੈ ਜੀ।

**ਮਾਣਯੋਗ ਸਪੀਕਰ** : ਤੁਸੀਂ ਸ਼ਾਰਟੇਜ ਪੂਰੀ ਕਰ ਦਿਉ। ਤੁਸੀਂ ਮਿਹਰਬਾਨ ਹੋ, ਇਸ ਲਈ ਤੁਹਾਨੂੰ ਬੇਨਤੀ ਕਰ ਦਿੰਦੇ ਹਾਂ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਰ, ਇਹ ਪ੍ਰਸ਼ਨ ਤਾਂ ਮੇਰਾ ਸੀ, ਮੇਰੇ ਵੀ ਇਹ ਕੰਮ ਕਰ ਦਿਉ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਕਰ ਦਿੰਦਾ ਹਾਂ ਜੀ।

**ਮਾਣਯੋਗ ਸਪੀਕਰ** : ਭੈਣ ਜੀ, ਤੁਹਾਨੂੰ ਕਿਹੜਾ ਕੋਈ ਮਨ੍ਹਾ ਕਰਦਾ ਹੈ ਜੀ।

**ਸਰਦਾਰ ਫੌਜਾ ਸਿੰਘ ( ਗੁਰੂ ਹਰ ਸਹਾਏ)** : ਧੰਨਵਾਦ ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਮੈਨੂੰ ਇਲੈਕਸ਼ਨ ਵੇਲੇ ਤੁਹਾਡੇ ਇਲਾਕੇ ਦੇ ਇੱਕ ਨਾਅਰੇ ਦਾ ਪਤਾ ਲੱਗਾ ਸੀ। ਮੈਨੂੰ ਗੋਲਡੀ ਨੇ ਦੱਸਿਆ ਸੀ।

**ਸਰਦਾਰ ਫੌਜਾ ਸਿੰਘ** : ਸਰ, ਬਿਲਕੁਲ ਠੀਕ ਹੈ ਪਰ ਜਿਹੜੀ ਗੱਲ ਮੈਂ ਅੱਜ ਕਰਨ ਲੱਗਾ ਹਾਂ ਇਹ ਪੂਰੇ ਪੰਜਾਬ ਦਾ ਮਸਲਾ ਹੈ। ਇਹ ਇਕੱਲਾ ਮੇਰੇ ਹਲਕੇ ਦਾ ਮਸਲਾ ਨਹੀਂ ਹੈ। ਪਿਛਲੇ 15 ਸਾਲ (10 ਸਾਲ ਅਕਾਲੀ ਦਲ ਅਤੇ 5 ਸਾਲ ਕਾਂਗਰਸ ਸਰਕਾਰ) ਵਿੱਚ ਇੰਨੇ ਨਾਜਾਇਜ਼ ਪਰਚੇ ਹੋਏ ਹਨ ਕਿ ਜਦੋਂ ਕੋਈ ਬੱਚਾ ਨੌਕਰੀ ਲੱਗਦਾ ਹੈ ਤਾਂ ਪੁਲਿਸ ਰਿਪੋਰਟ ਕਰ ਦਿੰਦੀ ਹੈ ਕਿ ਪਰਚਾ ਦਰਜ ਹੈ, ਨੌਕਰੀ ਨਹੀਂ ਮਿਲਦੀ।

**1310/mehak**

ਜੇ ਕੋਈ ਅਸਲਾ ਲਾਈਸੈਂਸ ਅਪਲਾਈ ਕਰਦਾ ਹੈ ਤਾਂ ਪੁਲਿਸ ਰਿਪੋਰਟ ਕਰ ਦਿੰਦੀ ਹੈ ਕਿ ਪਰਚਾ ਦਰਜ ਹੈ ਤਾਂ ਉਸ ਦਾ ਲਾਇਸੈਂਸ ਨਹੀਂ ਬਣਦਾ ਹੈ। ਮਿਸਾਲ ਦੇ ਤੌਰ ਤੇ ਸਾਡੇ ਗੁਰਚਰਨ ਸਿੰਘ, ਸਿੱਖ ਧਰਮ ਦੇ ਪ੍ਰਚਾਰਕ ਹਨ ਤੇ ਉਹ ਤੁਹਾਡੇ ਕੋਲ ਵੀ ਆਏ ਸੀ, ਉਨ੍ਹਾਂ ਤੇ ਅਕਾਲੀ ਦਲ ਦੀ ਸਰਕਾਰ ਵੇਲੇ ਦਾ ਇੱਕ ਝੂਠਾ ਪਰਚਾ ਦਰਜ ਸੀ, ਉਹ ਕਿਸੇ ਪਾਸੇ ਨਹੀਂ

ਲਗਾਇਆ ਹੈ। ਮੇਰੀ ਬੇਨਤੀ ਇਹ ਹੈ ਕਿ ਪਿਛਲੇ 15 ਸਾਲਾਂ ਵਿੱਚ ਜਿਹੜੇ ਗਲਤ ਪਰਚੇ ਦਰਜ ਹੋਏ ਹਨ ਉਹ ਕਿਸੇ ਪਾਸੇ ਲਗਾਏ ਜਾਣ ਕਿਉਂਕਿ ਅੱਧ ਤੋਂ ਵੱਧ ਪਰਚੇ ਗਲਤ ਹਨ ਔਰ ਉਹ ਪੁਲੀਟੀਕਲ ਪ੍ਰਭਾਵ ਥੱਲੇ ਆ ਕੇ, ਬਦਲੇ ਦੀ ਰਾਜਨਿਤੀ ਨਾਲ ਜਾਂ ਦਬਾਉਣ ਦੀ ਰਾਜਨਿਤੀ ਨਾਲ ਕੀਤੇ ਗਏ ਹਨ ਕਿ ਇਸ ਨੂੰ ਪਾਰਟੀ ਵਿੱਚ ਸ਼ਾਮਿਲ ਕਰਨਾ ਹੈ, ਇਸ ਦੇ ਖਿਲਾਫ ਪਰਚਾ ਦਰਜ ਕੀਤਾ ਜਾਵੇ। ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਸਰ, ਮੇਰੀ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਸਪੈਸ਼ਲ ਟੀਮਾਂ ਬਣਾ ਕੇ ਉਹ ਮੁਕੱਦਮੇ ਕਿਸੇ ਪਾਸੇ ਲਗਾਏ ਜਾਣ ਤਾਂ ਜੋ ਲੋਕਾਂ ਨੂੰ ਇਨਸਾਫ ਮਿਲ ਸਕੇ ਅਤੇ ਨੌਜਵਾਨ ਨੌਕਰੀ ਲਈ ਦਰ ਦਰ ਨਾ ਭਟਕਣ ਅਤੇ ਨੌਕਰੀ ਤੋਂ ਵਾਂਝੇ ਨਾ ਰਹਿਣ।

**ਮਾਣਯੋਗ ਸਪੀਕਰ**: ਧੰਨਵਾਦ, ਧੰਨਵਾਦ। ਇੱਥੋਂ ਮੈਨੂੰ ਇੱਕ ਗੱਲ ਹੋਰ ਯਾਦ ਆਉਂਦੀ ਹੈ ਕਿ ਜਿਹੜੇ ਸਾਡੇ ਐਨ.ਆਰ.ਆਈਜ਼ ਹਨ, ਉਨ੍ਹਾਂ ਤੇ ਵੀ ਕਈ ਵਾਰ ਐਫ.ਆਈ.ਆਰ. ਦਰਜ ਹੋ ਜਾਂਦੀ ਹੈ। ਨਿੱਕੀ ਨਿੱਕੀ ਗੱਲ ਤੇ ਐਫ.ਆਈ.ਆਰ. ਦਰਜ ਕਰਕੇ ਉਨ੍ਹਾਂ ਦੇ ਪਾਸਪੋਰਟ ਜ਼ਬਤ ਕਰ ਲਏ ਜਾਂਦੇ ਹਨ। ਇਸ ਵਾਸਤੇ ਕੋਈ ਮਕੈਨੀਜ਼ਮ ਬਣਾਇਆ ਜਾਵੇ ਕਿ ਕਈ ਵਾਰ ਐਫ.ਆਈ.ਆਰ. ਦੇ ਬੇਸ ਤੇ ਪਾਸਪੋਰਟ ਜ਼ਬਤ ਕਰ ਲੈਣ ਨਾਲ ਕੰਮ ਖਰਾਬ ਹੁੰਦਾ ਹੈ। ਇਸ ਸਬੰਧੀ ਸਰਕਾਰ ਵੱਲੋਂ ਕੋਈ ਕਮੇਟੀ ਬਣਾ ਕੇ ਵਿਚਾਰ ਕੀਤਾ ਜਾਵੇ। ਸੁਪਰੀਮ ਕੋਰਟ ਦੀਆਂ ਗਾਈਡਲਾਈਨਜ਼ ਮੁਤਾਬਿਕ ਤਾਂ ਐਫ.ਆਈ.ਆਰ. ਰਾਈਟ ਹੈ ਅਤੇ ਇਹ ਤਾਂ ਕਦੇ ਵੀ ਕਿਸੇ ਤੇ ਵੀ ਦਰਜ ਹੋ ਸਕਦੀ ਹੈ। ਉਸ ਕਰਕੇ ਪਾਸਪੋਰਟ ਜ਼ਬਤ ਕਰਕੇ ਕਿਸੇ ਐਨ.ਆਰ.ਆਈ. ਦੀ ਟਰੈਵਲ ਬੈਨ ਕਰ ਦੇਣਾ ਠੀਕ ਨਹੀਂ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਧਿਆਨ ਰੱਖਿਆ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੜਾ ਅਹਿਮ ਸਮਾਂ ਦਿੱਤਾ ਅਤੇ ਉਸ ਵੇਲੇ ਸਮਾਂ ਦਿੱਤਾ ਜਦੋਂ ਮਨਪ੍ਰੀਤ ਇਯਾਲੀ ਹੋਰਾਂ ਨੇ ਹੁਣੇ ਹੀ ਪੰਜਾਬ ਦੇ ਬਹੁਤ ਗੰਭੀਰ ਮੁੱਦੇ ਤੇ ਗੱਲ ਕੀਤੀ ਹੈ। ਮੇਰੀ ਬੇਨਤੀ ਹੈ ਕਿ ਦੇਖੋ ਜਿਹੜੇ ਬੰਦੇ ਕਾਂਗਰਸੀ, ਅਕਾਲੀ, ਬੀ.ਜੇ.ਪੀ. ਵਾਲੇ ਜਿਹੜੇ ਬੇਗੁਨਾਹ ਨੌਜਵਾਨਾਂ ਨੂੰ ਕਤਲ ਕਰਨ ਵਾਲੇ, ਕਾਤਲਾਂ ਨੂੰ ਜ਼ਬਤ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਪਾਲਦੇ ਰਹੇ, ਸਰ, ਤੁਸੀਂ ਉਸ ਪਾਰਟੀ ਦਾ ਹਿੱਸਾ ਰਹੇ ਹੋ। (ਸਰਦਾਰ ਮਨਪ੍ਰੀਤ ਸਿੰਘ ਇਯਾਲੀ ਵੱਲ ਇਸ਼ਾਰਾ) ਤੁਸੀਂ ਲੰਮਾ ਸਮਾਂ ਉਸ ਪਾਰਟੀ ਦਾ ਹਿੱਸਾ ਰਹੇ ਹੋ। ਤੁਸੀਂ ਉਸ ਸਮੇਂ ਆਵਾਜ਼ ਕਿਉਂ ਨਹੀਂ ਉਠਾਈ ਕਿ ਸੈਣੀ ਨੂੰ ਡੀ.ਜੀ.ਪੀ. ਕਿਉਂ ਲਗਾਇਆ?

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਬਿਨਾਂ ਮਾਈਕ ਤੋਂ ਬੋਲਦੇ ਹੋਏ)**: ਬਿਲਕੁਲ ਆਵਾਜ਼ ਉਠਾਈ ਸੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਤੁਸੀਂ ਕਦੋਂ ਆਵਾਜ਼ ਉਠਾਈ ਹੈ? ਇਜ਼ਹਾਰ ਆਲਮ ਸਾਹਿਬ ਦੀ ਘਰ ਵਾਲੀ ਨੂੰ ਟਿਕਟ ਮਿਲੀ ਹੈ, ਇਹ ਤੁਸੀਂ ਕਦੋਂ ਬੋਲੇ ਹੋ? ਇਜ਼ਹਾਰ ਆਲਮ ਦੀ ਵਾਈਫ ਨੂੰ ਟਿਕਟ ਦਿੱਤੀ ਕੀ ਤੁਸੀਂ ਉਦੋਂ ਇੱਕ ਲਫਜ਼ ਵੀ ਬੋਲੇ ਹੋ? ਤੁਸੀਂ ਸਾਡੀ ਪਾਰਟੀ ਨੂੰ ਬਿਨਾਂ ਗੱਲ ਤੋਂ ਕਹੀ ਜਾਂਦੇ ਹੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ**: ਚਲੋ ਠੀਕ ਹੈ ਜੀ, ਇਸ਼ੂ ਆ ਗਿਆ ਹੈ। ਧਾਲੀਵਾਲ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਸਰ, ਸਾਰਾ ਕੁਝ ਕਾਂਗਰਸ ਨੇ ਅਤੇ ਅਕਾਲੀ ਦਲ ਨੇ ਕੀਤਾ। ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ ਕਿ ਤੁਹਾਨੂੰ ਇਹ ਗੱਲ ਪੁੱਛਣ ਦਾ ਅਧਿਕਾਰ ਤਾਂ ਹੈ ਜੇ ਤੁਸੀਂ ਕਦੇ ਸੁਮੇਧ ਸੈਣੀ ਦੇ ਖਿਲਾਫ ਆਵਾਜ਼ ਚੁੱਕੀ ਹੋਵੇ।

**ਮਾਣਯੋਗ ਸਪੀਕਰ**: ਸਰਦਾਰ ਕੁਲਵੰਤ ਸਿੰਘ ਪੰਡੋਰੀ। ਠੀਕ ਹੈ ਜੀ, ਹੋ ਗਿਆ ਜੀ। ਠੀਕ ਹੈ ਜੀ, ਆ ਗਿਆ। ਕੁਲਵੰਤ ਸਿੰਘ ਸਿੱਧੂ ਸਾਹਿਬ। (ਵਿਘਨ, ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਆਪਸ ਵਿੱਚ ਬਹਿਸ ਕਰ ਰਹੇ ਸਨ।)

**ਸਰਦਾਰ ਕੁਲਵੰਤ ਸਿੰਘ ਸਿੱਧੂ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ। ਧਾਲੀਵਾਲ ਸਾਹਿਬ, ਬੇਨਤੀ ਹੈ ਜੀ।

**ਮਾਣਯੋਗ ਸਪੀਕਰ**: ਇੱਕ ਮਿੰਟ ਸਿੱਧੂ ਸਾਹਿਬ। ਧਾਲੀਵਾਲ ਸਾਹਿਬ, ਤੁਹਾਡੀ ਗੱਲ ਆ ਗਈ ਹੈ ਜੀ। ਹਾਂ ਜੀ, ਕੁਲਦੀਪ ਸਿੰਘ ਧਾਲੀਵਾਲ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਉਹ ਚਲੇ ਗਏ ਕਾਂਗਰਸੀ, ਕਾਂਗਰਸੀ ਉਠ ਕੇ ਚਲੇ ਗਏ ਹਨ।

**ਮਾਣਯੋਗ ਸਪੀਕਰ**: ਠੀਕ ਹੈ, ਤੁਹਾਡੀ ਗੱਲ ਆ ਗਈ ਹੈ ਜੀ, ਧਾਲੀਵਾਲ ਸਾਹਿਬ ਬੈਠੋ। ਹਾਂ ਜੀ, ਕੁਲਵੰਤ ਸਿੰਘ ਸਿੱਧੂ ਸਾਹਿਬ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹੈ ਕਿ ਪੰਜਾਬ ਸਕੂਟਰ ਮੋਟਰ ਸਾਈਕਲ ਟ੍ਰੇਡਰ ਐਸੋਸੀਏਸ਼ਨ ਦੇ ਨੁਮਾਇੰਦੇ ਮੇਰੇ ਕੋਲ ਲੁਧਿਆਣਾ ਮਿਲਣ ਆਏ ਸੀ ਕਿਉਂਕਿ ਦੀਪਕ ਅਰੋੜਾ ਜੀ ਮੇਰੇ ਹਲਕੇ ਤੋਂ ਪ੍ਰਧਾਨ ਬਣੇ ਹਨ। ਉਨ੍ਹਾਂ ਨੇ ਮੈਨੂੰ ਇੱਕ ਮੈਮੋਰੰਡਮ ਦਿੱਤਾ ਹੈ ਕਿ ਕੇਂਦਰ ਵੱਲੋਂ ਇੱਕ ਨਾਦਰ ਸ਼ਾਹੀ ਫੁਰਮਾਨ ਜਾਰੀ ਕੀਤਾ ਗਿਆ ਹੈ ਕਿ ਕੋਈ ਵੀ ਜਦੋਂ ਸਕੂਟਰ ਮੋਟਰ ਸਾਈਕਲ ਖਰੀਦਿਆ ਜਾਂ ਵੇਚਿਆ ਜਾਂਦਾ ਹੈ ਤਾਂ 29 ਨੰਬਰ, 30 ਨੰਬਰ ਫਾਰਮ ਤੇ ਸਾਈਨ ਕਰਵਾ ਕੇ ਰੱਖ ਲੈਂਦੇ ਹਨ ਤੇ ਜਦੋਂ ਉਸ ਦਾ ਕੋਈ ਗ੍ਰਾਹਕ ਲਭਦਾ ਹੈ ਤਾਂ ਉਹ ਫਾਰਮ ਭਰ ਕੇ ਅੱਗੇ ਸੇਲ ਕਰ ਦਿੰਦੇ ਹਨ ਪਰ ਨਵਾਂ ਹੁਕਮ ਇਹ ਹੈ ਕਿ ਉਸ ਦਾ ਆਧਾਰ ਕਾਰਡ ਉਦੋਂ ਅਟੈਸਟ ਕੀਤਾ ਜਾਵੇ ਤੇ ਉਸ ਆਧਾਰ ਕਾਰਡ ਤੇ ਓ.ਟੀ.ਪੀ. ਆਉਂਦਾ ਹੈ। ਸਰ, ਜਿਹੜਾ ਅੱਜ ਤੋਂ ਛੇ ਮਹੀਨੇ ਪਹਿਲਾਂ ਸਕੂਟਰ,

ਮੋਟਰ ਸਾਈਕਲ ਵੇਚ ਕੇ ਚਲਾ ਗਿਆ ਤਾਂ ਜਦੋਂ ਉਸ ਤੋਂ ਆਧਾਰ ਕਾਰਡ ਤੇ ਓ.ਟੀ.ਪੀ. ਮੰਗਿਆ ਜਾਂਦਾ ਹੈ ਤਾਂ ਉਹ ਓ.ਟੀ.ਪੀ. ਨਹੀਂ ਦਿੰਦੇ ਹਨ ਕਿਉਂਕਿ ਸਮਾਂ ਇਹੋ ਜਿਹਾ ਆ ਗਿਆ ਹੈ ਕਿ ਹਰੇਕ ਬੰਦਾ ਧੋਖਾਧੜੀ ਤੋਂ ਡਰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਾਂ ਤਾਂ ਇਨ੍ਹਾਂ ਨੂੰ ਛੋਟ ਦਿੱਤੀ ਜਾਵੇ ਜਾਂ ਸਰਕਾਰ ਸਿਫਾਰਸ਼ ਕਰੇ ਕਿ ਇਹ ਹੁਕਮ ਵਾਪਿਸ ਲਿਆ ਜਾਵੇ। ਸਰ, ਦੂਸਰੀ ਬੇਨਤੀ ਵੀ ਹੈ।

**1315/Sukhpiar Singh**

**ਮਾਣਯੋਗ ਸਪੀਕਰ:** ਬਸ ਜੀ, ਹੁਣ ਬਹੁਤ ਹੈ, ਇੱਕੋ ਹੀ ਬਹੁਤ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ):** ਸਰ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਖੇਤੀਬਾੜੀ ਸਟੇਟ ਹੈ ਤੇ ਪੰਜਾਬ ਵਿੱਚ ਸ਼ੈਲਰ ਇੰਡਸਟਰੀ ਬਹੁਤ ਵੱਡੀ ਹੈ। ਕੇਂਦਰ ਸਰਕਾਰ ਲਗਾਤਾਰ ਪੰਜਾਬ ਤੇ ਅਟੈਕ ਕਰ ਰਹੀ ਹੈ ਕਿ ਪੰਜਾਬ ਦੀ ਖੇਤੀਬਾੜੀ ਨੂੰ ਖਰਾਬ ਕੀਤਾ ਜਾਵੇ, ਪੰਜਾਬ ਦੀ ਸ਼ੈਲਰ ਇੰਡਸਟਰੀ ਨੂੰ ਖਰਾਬ ਕੀਤਾ ਜਾਵੇ। ਇਸ ਇੰਡਸਟਰੀ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਲਗਾਤਾਰ ਪੰਜਾਬ ਸਰਕਾਰ ਸੈਂਟਰ ਨੂੰ ਡਿਮਾਂਡ ਕਰ ਰਹੀ ਹੈ ਕਿ ਜਿਹੜਾ ਮਾਲ ਸਾਡੇ ਪੰਜਾਬ ਦੇ ਗੁਦਾਮਾਂ ਵਿੱਚ ਪਿਆ ਹੈ, ਉਸ ਨੂੰ ਸਪੈਸ਼ਲਾਂ ਲਗਾ ਕੇ ਜਲਦੀ ਤੋਂ ਜਲਦੀ ਗੁਦਾਮ ਖਾਲੀ ਕੀਤੇ ਜਾਣ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਦੁਬਾਰਾ ਫਿਰ ਪੰਜਾਬ ਵਿੱਚ ਝੋਨੇ ਦੀ ਫਸਲ ਆ ਜਾਣੀ ਹੈ। ਮੈਨੂੰ ਪਤਾ ਹੈ, ਸਾਡੇ ਮੰਤਰੀ ਸਾਹਿਬਾਨ, 4-5 ਮੰਤਰੀ with officers ਟੀਮਾਂ ਬਣਾ ਕੇ ਆਪਾਂ ਸੈਂਟਰ ਕੋਲ ਜਾਂਦੇ ਵੀ ਹਾਂ ਪਰ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸੈਂਟਰ ਤਾਂ ਕਿਸਾਨਾਂ ਨੂੰ ਮਾਰਨ ਤੇ ਤੁਰੀ ਹੋਈ ਹੈ। ਆਪਾਂ ਕਿਸਾਨ ਨੂੰ ਨਾਲ ਲੈ ਕੇ ਚੱਲੀਏ, ਸ਼ੈਲਰ ਮਾਲਕ ਵੀ ਨਾਲ ਜਾਣਾ ਚਾਹੁੰਦੇ ਹਨ, ਅਸੀਂ ਵੀ ਨਾਲ ਜਾਈਏ, ਅਸੀਂ ਸਾਰੇ ਜਣੇ ਇਕੱਠੇ ਹੋ ਕੇ ਇਸ ਦਾ ਹੱਲ ਕਰਕੇ ਆਈਏ, ਇਸ ਨਾਲ ਸਾਡੀ ਸ਼ੈਲਰ ਇੰਡਸਟਰੀ ਬਚੇਗੀ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਧਿਆਨ ਦਿਵਾਊ ਨੋਟਿਸ। ਡਾਕਟਰ ਚਰਨਜੀਤ ਸਿੰਘ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ, ਡਾਕਟਰ ਨਛੱਤਰ ਪਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਬਸ ਹੋ ਗਿਆ ਜੀ। ਕੋਈ ਨਹੀਂ ਅਸੀਂ ਡਿਸਕਸ਼ਨ ਤੇ ਆ ਜਾਵਾਂਗੇ। (ਵਿਘਨ) ਡਾਕਟਰ ਸਾਹਿਬ ਡਿਸਕਸ਼ਨ ਵਿੱਚ ਗੱਲ ਕਰ ਲੈਣਾ। ਆਪਾਂ ਗੱਲ ਕਰ ਲਵਾਂਗਾ, 7 ਦਿਨ ਕੰਮ ਚੱਲਣਾ ਹੈ। (ਵਿਘਨ) ਤੁਹਾਨੂੰ ਸਮਾਂ ਦੇ ਦੇਵਾਂਗੇ, ਤੁਹਾਨੂੰ ਕਦੇ ਮਨ੍ਹਾ ਕੀਤਾ ਹੀ ਨਹੀਂ ਹੈ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ, ਡਾਕਟਰ ਨਛੱਤਰ ਪਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਲਗਾਤਾਰ ਬੋਲ ਰਹੇ ਸਨ ਅਤੇ ਉਨ੍ਹਾਂ ਦਾ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਡਾਕਟਰ ਸਾਹਿਬ, ਸਾਰਿਆਂ ਦੇ ਹੀ urgent ਹੁੰਦੇ ਹਨ। ਤੁਸੀਂ ਕੱਲ੍ਹ ਜ਼ੀਰੋ ਆਵਰ ਤੇ ਬੋਲ ਲੈਣਾ। ਤੁਹਾਨੂੰ ਕੱਲ੍ਹ ਸਮਾਂ ਦੇ ਦੇਵਾਂਗੇ। ਧੰਨਵਾਦ ਜੀ। ਡਾਕਟਰ ਚਰਨਜੀਤ ਸਿੰਘ।

---

## CALLING ATTENTION NOTICES UNDER RULE 66

**(ਕ੍ਰਮ ਨੰ: 2)**

**ਡਾਕਟਰ ਚਰਨਜੀਤ ਸਿੰਘ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੇਰੇ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ, ਦੀ ਲਿੰਕ ਸੜਕ ਪ੍ਰੋਜੈਕਟ ਦਾ ਨਾਮ - ਖਰੜ ਬੱਸੀ ਪਲਾਨ ਰੋਡ ਅਤੇ SYL ਤੇ HL ਪੁਲ ਦੀ ਉਸਾਰੀ ਰੋਡ ਕੋਡ: ODR 12 (ਪਲਾਨ ਰੋਡ) ਸੜਕ ਦੀ ਲੰਬਾਈ: 7.69 ਕਿਲੋਮੀਟਰ ਹੈ। ਉਪਰੋਕਤ ਵਰਣਿਤ ਸੜਕ, ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੀ ਇਕ ਅਤਿ ਮਹੱਤਵਪੂਰਨ ਸੜਕ ਹੈ, ਜਿਸ ਦੀ ਕੁਲ ਲੰਬਾਈ 7.69 ਕਿ:ਮੀ ਅਤੇ ਚੌੜਾਈ 23 ਫੁੱਟ ਹੈ। ਇਹ ਸੜਕ ਕਈ ਪਿੰਡਾਂ ਨੂੰ ਜੋੜਦੀ ਹੈ। ਇਸ ਤੋਂ ਇਲਾਵਾ ਪਿੰਡ ਘੜੂੰਆਂ ਵਿਖੇ ਚੰਡੀਗੜ੍ਹ ਯੂਨੀਵਰਸਿਟੀ ਜਾਣ ਲਈ ਵੀ ਇਸੇ ਸੜਕ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਦੋ ਜਿਲ੍ਹਿਆਂ ਨੂੰ ਵੀ ਜੋੜਦੀ ਹੈ ਜਿਸ ਕਾਰਨ ਭਾਰੀ ਟ੍ਰੈਫਿਕ ਇਸ ਸੜਕ ਉਪਰੋਂ ਲੰਘਦਾ ਹੈ। ਇਸ ਸੜਕ ਉੱਤੇ ਇੱਕ ਆਰਜੀ ਮਿੱਟੀ ਦਾ ਪੁੱਲ ਹੈ ਇਲਾਕੇ ਦੇ ਪੱਤਵੰਤਿਆਂ ਅਤੇ ਸਮਾਜ ਸੇਵੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਸ ਸੜਕ ਉੱਤੇ ਭਾਰੀ ਟ੍ਰੈਫਿਕ ਹੋਣ ਕਰਕੇ ਸਥਾਨਕ ਲੋਕਾਂ ਦੇ ਨਾਲ ਨਾਲ ਰਾਹਗੀਰਾਂ ਨੂੰ ਵੀ ਮੁਸ਼ਕਿਲਾ ਦਰਪੇਸ਼ ਆ ਰਹੀਆਂ ਹਨ। ਲੋਕਾ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸੜਕ ਉੱਤੇ ਪੱਕਾ ਪੁਲ ਪਾਸ ਹੋ ਚੁੱਕਾ ਹੈ ਪਰ ਕੁਝ ਕਾਰਨਾਂ ਕਰਕੇ ਇਸ ਦੀ ਉਸਾਰੀ ਚਾਰ ਸਾਲਾਂ ਤੋਂ ਰੁਕੀ ਹੋਈ ਹੈ।

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਵੇਖਦੇ ਹੋਏ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਕੇ ਇਸ ਦੀ ਉਸਾਰੀ ਕਦੋਂ ਸ਼ੁਰੂ ਕੀਤੀ ਜਾਵੇਗੀ।

ਸਪੀਕਰ ਸਾਹਿਬ, ਇਹ ਸੜਕ ਤਕਰੀਬਨ 35 ਪਿੰਡਾਂ ਅਤੇ 2 ਜ਼ਿਲ੍ਹਿਆਂ ਨੂੰ ਜੋੜਦੀ ਹੈ ਔਰ ਇਸ ਸੜਕ ਤੋਂ ਬਹੁਤ ਹੈਵੀ ਟ੍ਰੈਫਿਕ ਲੰਘਦਾ ਹੈ ਪਰ ਜਦੋਂ ਦੀ ਐਸ.ਵਾਈ.ਐਲ. ਬਣੀ ਹੈ, ਇਸ ਸੜਕ ਤੇ ਪੁਲ ਨਹੀਂ ਬਣਿਆ। ਇੱਕ ਮਿੱਟੀ ਦਾ ਆਰਜ਼ੀ ਪੁਲ ਬਣਿਆ ਹੋਇਆ ਹੈ ਜਿਸ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਹੈ ਅਤੇ ਇਹ ਸੜਕ ਹਮੇਸ਼ਾ ਹੀ ਹਾਦਸਿਆਂ ਨੂੰ ਜਨਮ ਦੇ ਰਹੀ ਹੈ। ਇਸ ਸੜਕ ਉੱਤੇ ਇੱਕ ਪੱਕਾ ਪੁਲ ਸਾਲ 2021 ਵਿੱਚ ਪਾਸ ਹੋਇਆ ਸੀ ਜੋ ਕਿ

ਜਾਂਦੇ ਜਾਂਦੇ ਸਾਬਕਾ ਮੁੱਖ ਮੰਤਰੀ ਪਾਸ ਕਰ ਗਏ ਸੀ ਪਰ ਉਸ ਤੇ ਕੋਈ ਕਾਰਵਾਈ ਨਹੀਂ ਹੋਈ ਅਤੇ 4 ਸਾਲ ਤੋਂ ਇਸ ਪੁਲ ਦੀ ਉਸਾਰੀ ਰੁਕੀ ਹੋਈ ਹੈ। ਸੋ, ਮੈਂ ਮਾਣਯੋਗ ਲੋਕ ਨਿਰਮਾਣ ਮੰਤਰੀ ਜੀ ਨੂੰ ਇਹ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਆਪਣਾ ਬਿਆਨ ਦੇਣ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ):** ਮਾਣਯੋਗ ਸਪੀਕਰ ਸਾਹਿਬ, ਖਰੜ ਬੱਸੀ ਰੋਡ ਓ.ਡੀ.ਆਰ-12 ਅਧੀਨ ਇੱਕ ਪਲਾਨ ਰੋਡ ਹੈ। ਜਿਵੇਂ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਇਸ ਦੀ ਲੰਬਾਈ 7.69 ਕਿਲੋਮੀਟਰ ਹੈ ਅਤੇ 7 ਮੀਟਰ ਚੌੜਾਈ ਹੈ। ਇਹ ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਮੋਹਾਲੀ ਨੂੰ ਆਪਸ ਵਿੱਚ ਜੋੜਨ ਵਾਲਾ ਸੰਪਰਕ ਮਾਰਗ ਹੈ। ਇਸ ਸੜਕ ਦੇ ਪਿੰਡ ਮਲਿਕਪੁਰ ਨੇੜੇ ਐਸ.ਵਾਈ.ਐਲ. ਨਹਿਰ ਲੰਘਦੀ ਹੈ। ਇਸ ਸਥਾਨ ਤੇ ਅਸਥਾਈ ਪੁਲ ਨਾ ਹੋਣ ਕਾਰਨ ਸਥਾਨਕ ਰਾਹਗੀਰਾਂ, ਕਿਸਾਨਾਂ ਅਤੇ ਵਸਨੀਕਾਂ ਨੂੰ ਆਵਾਜਾਈ ਲਈ ਦਿੱਕਤ ਆਉਂਦੀ ਹੈ। ਇਸ ਥਾਂ ਤੇ ਹਾਈਲੈਵਲ ਪੁਲ ਬਣਾਉਣ ਦਾ ਕੰਮ ਦਸੰਬਰ 2021 ਵਿੱਚ ਅਲਾਟ ਕੀਤਾ ਗਿਆ ਸੀ ਪਰ ਸਥਾਨਕ ਲੋਕਾਂ ਨੇ ਅਲਾਈਨਮੈਂਟ ਸਬੰਧੀ ਵਿਰੋਧ ਕਰ ਦਿੱਤਾ ਸੀ। ਇਸ ਕਰਕੇ ਇਸ ਪ੍ਰਾਜੈਕਟ ਨੂੰ ਮਾਰਚ, 2025 ਵਿੱਚ ਰੱਦ ਕਰਨਾ ਪਿਆ ਸੀ। ਇਸ ਬਾਬਤ ਡਿਪਟੀ ਕਮਿਸ਼ਨਰ, ਫਤਹਿਗੜ੍ਹ ਸਾਹਿਬ ਅਤੇ ਐਸ.ਏ.ਐਸ. ਨਗਰ ਵੱਲੋਂ ਵੀ ਵੱਖ ਵੱਖ ਮੀਟਿੰਗਾਂ ਕੀਤੀਆਂ ਗਈਆਂ। ਹਾਲ ਦੀ ਘੜੀ ਆਵਾਜਾਈ ਲਈ ਸਥਾਨਕ ਲੋਕਾਂ ਵੱਲੋਂ ਆਰਜ਼ੀ ਤੌਰ ਤੇ ਬੰਨ੍ਹ ਬਣਾਇਆ ਗਿਆ ਹੈ। ਇਸ ਸਥਾਨ ਤੇ ਹਾਈ ਲੈਵਲ ਪੁਲ ਦੀ ਉਸਾਰੀ ਲਈ ਮਾਣਯੋਗ ਵਿਧਾਇਕ ਨੇ ਮੈਨੂੰ ਪਹਿਲਾਂ ਡੀ.ਓ. ਵੀ ਲਿਖਿਆ ਸੀ। ਇਨ੍ਹਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਅਤੇ ਸਥਾਨਕ ਲੋਕਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ 61 ਮੀਟਰ ਪੁਲ ਦੀ ਥਾਂ ਤੇ ਨਵੀਂ ਅਲਾਈਨਮੈਂਟ 82 ਮੀਟਰ ਦੀ ਕਰ ਦਿੱਤੀ ਗਈ ਹੈ।

**1320/Manika Rani**

ਅਤੇ ਇਸ ਦੀ ਪ੍ਰਸ਼ਾਸ਼ਕੀ ਮਨਜ਼ੂਰੀ ਵਿਚਾਰ-ਅਧੀਨ ਹੈ। ਸਪੀਕਰ ਸਾਹਿਬ, ਇਹ 6 ਕਰੋੜ 72 ਲੱਖ 66 ਹਜ਼ਾਰ ਰੁਪਏ ਦਾ ਪ੍ਰਾਜੈਕਟ ਹੈ ਅਤੇ ਇਸ ਦੀ ਡਿਟੇਲਡ ਪ੍ਰਾਜੈਕਟ ਰਿਪੋਰਟ ਤਿਆਰ ਹੋ ਚੁੱਕੀ ਹੈ। ਸਪੀਕਰ ਸਾਹਿਬ, ਇਸ ਦਾ ਟੈਂਡਰ ਲਗਾ ਕੇ ਕੰਮ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇਗਾ ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੇਰਾ ਖਿਆਲ ਹੈ ਕਿ ਡਾਕਟਰ ਸਾਹਿਬ, ਤੁਹਾਡਾ ਕੰਮ ਤਾਂ ਹੋ ਗਿਆ ਹੈ।

**ਡਾਕਟਰ ਚਰਨਜੀਤ ਸਿੰਘ:** ਹਾਂ ਜੀ। ਮੈਂ ਮੰਤਰੀ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਅਤੇ ਇਨ੍ਹਾਂ ਦਾ ਖਾਸ ਧੰਨਵਾਦ ਇਸ ਲਈ ਵੀ ਕਰਦਾ ਹਾਂ ਕਿ ਮੰਤਰੀ ਜੀ, ਸਾਡੇ ਹਲਕੇ ਤੇ ਬੜੇ ਮਿਹਰਬਾਨ ਰਹੇ ਹਨ। ਇਨ੍ਹਾਂ ਦੇ ਯਤਨਾਂ ਸਦਕਾ ਅੰਡਰ ਬ੍ਰਿਜ, ਮੋਰਿੰਡਾ ਵਿਖੇ ਪੂਰਾ ਹੋਇਆ। ਉਸ ਤੋਂ ਬਾਅਦ ਬੇਲਾ ਬਹਿਰਾਮਪੁਰ ਵਿਖੇ 22 ਫੁੱਟ ਦੀ ਇੱਕ ਰੋਡ ਬਣਾਈ, ਜਿਸ ਉੱਤੇ 6 ਕਰੋੜ ਰੁਪਏ ਦੀ ਲਾਗਤ ਲੱਗੀ ਹੈ। ਇਸ ਤੋਂ ਇਲਾਵਾ ਇੱਕ ਅਹਿਮ ਸੜਕ, ਜੋ ਕਿ ਮੋਰਿੰਡਾ-ਰੋਪੜ ਰੋਡ ਹੈ, ਉਸ ਲਈ 16 ਕਰੋੜ ਰੁਪਏ ਦਿੱਤਾ ਅਤੇ ਉਹ ਸੜਕ ਵੀ ਬਹੁਤ ਵਧੀਆ ਬਣ ਗਈ ਹੈ। ਇਸ ਲਈ ਮੈਂ ਮੰਤਰੀ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ:** ਹਾਂ ਜੀ, ਡਾਕਟਰ ਜਸਬੀਰ ਸਿੰਘ ਸੰਧੂ ਜੀ।

---

**(ਕ੍ਰਮ ਨੰ: 3 )**

**ਡਾਕਟਰ ਜਸਬੀਰ ਸਿੰਘ ਸੰਧੂ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬਾ ਸਰਕਾਰ ਵੱਲੋਂ 10 ਲੱਖ ਰੁਪਏ ਦੇ ਸਿਹਤ ਬੀਮਾ ਅਧੀਨ ਕਈ ਬੀਮਾਰੀਆਂ ਕਵਰ ਹੁੰਦੀਆਂ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਅੱਖਾਂ ਦਾ ਮੋਤੀਆ ਬਿੰਦ (CATARACT DISEASE) ਅੱਖਾਂ ਦੀ ਬੀਮਾਰੀ ਲਗਭਗ 40 ਸਾਲ ਦੀ ਉਮਰ ਤੋਂ ਸ਼ੁਰੂ ਹੋ ਜਾਂਦੀ ਹੈ। ਇਸ ਇਲਾਜ ਲਈ ਇਸ ਕਾਰਡ ਅਧੀਨ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਨਹੀਂ ਕੀਤਾ ਜਾਂਦਾ। ਮੈਂ ਸਰਕਾਰ ਦਾ ਧਿਆਨ ਇਸ ਸਿਹਤ ਬੀਮਾ ਯੋਜਨਾ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਅੱਖਾਂ ਦੇ ਮੋਤੀਆ ਬਿੰਦ ਦੀ ਬੀਮਾਰੀ ਨੂੰ ਇਸ ਸਕੀਮ ਅਧੀਨ ਲਿਆਂਦਾ ਜਾਵੇ ਜਿੱਥੇ ਇਹ ਦਿਲ ਦੀਆਂ ਅਤੇ ਹੋਰ ਵੱਡੀਆਂ ਬੀਮਾਰੀਆਂ ਦਾ ਇਲਾਜ ਕਰ ਰਿਹਾ ਹੈ ਉੱਥੇ ਹੀ ਇਸ ਰੋਗ ਉੱਤੇ 25 ਤੋਂ 40 ਹਜਾਰ ਰੁਪਏ ਖਰਚ ਆਉਂਦਾ ਹੈ। ਮੈਂ ਸਰਕਾਰ ਨੂੰ ਗੁਜਾਰਿਸ਼ ਕਰਦਾ ਹਾਂ ਕਿ ਇਸਨੂੰ ਜਲਦ ਤੋਂ ਜਲਦ ਇਸ ਸਕੀਮ ਅਧੀਨ ਲਿਆਂਦਾ ਜਾਵੇ। ਪੰਜਾਬ ਦੇ ਵਸਨੀਕਾਂ ਨੂੰ ਇਸ ਸਕੀਮ ਅਧੀਨ ਹੋਰ ਵੀ ਲਾਭ ਹੋ ਸਕੇ।

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

**ਮਾਣਯੋਗ ਸਪੀਕਰ:** ਅੱਜ ਤਾਂ ਤੁਸੀਂ ਪੂਰੇ ਮਿਹਰਬਾਨ ਹੋ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਹਾਂ ਜੀ। ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ, ਡਾਕਟਰ ਜਸਬੀਰ ਸਿੰਘ ਸੰਧੂ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਮੋਤੀਆਬਿੰਦ ਦੀ Cataract surgery ਹੈ, ਇਹ ਪਹਿਲੇ ਦਿਨ ਤੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਕਵਰਡ ਹੈ। ਇਹ ਰਿਜ਼ਰਵ ਪੈਕੇਜ ਵਿੱਚ ਹੈ। ਰਿਜ਼ਰਵ ਪੈਕੇਜ ਦਾ ਮਤਲਬ ਹੈ ਕਿ ਸਰਕਾਰੀ ਹਸਪਤਾਲ ਵਿੱਚ ਸਰਜਰੀ ਕਰਵਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਸਰਜਰੀ ਮੈਡੀਕਲ ਕਾਲਜ ਵਿੱਚ ਵੀ ਕਰਵਾਈ ਜਾ ਸਕਦੀ ਹੈ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਜਿਹੜੇ ਪ੍ਰਾਈਵੇਟ ਮੈਡੀਕਲ ਕਾਲਜ ਹਨ, ਉਨ੍ਹਾਂ ਨੂੰ ਵੀ ਜਨਰਲ ਪੈਕੇਜ ਭਾਵ ਸਰਕਾਰ ਵਾਲਾ ਪੈਕੇਜ ਦੇ ਦਿੱਤਾ ਗਿਆ ਹੈ। So, except for DMC ਪਰੰਤੂ ਉਨ੍ਹਾਂ ਦਾ ਵੀ ਬੜੀ ਜਲਦੀ ਹੋ ਜਾਵੇਗਾ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਇਹ ਕਿਸੇ ਵੀ ਪ੍ਰਾਈਵੇਟ ਮੈਡੀਕਲ ਕਾਲਜ ਵਿੱਚ, ਸਰਕਾਰੀ ਮੈਡੀਕਲ ਕਾਲਜ ਵਿੱਚ ਅਤੇ ਜ਼ਿਲ੍ਹਾ ਹਸਪਤਾਲ ਵਿੱਚ ਆਪਣਾ ਆਪਰੇਸ਼ਨ ਕਰਵਾ ਸਕਦੇ ਹਨ। ਸਰ, ਉਸ ਵਿੱਚ ਲੈਟੇਸਟ Phacoemulsification ਕਰਕੇ ਅਸੀਂ hydrophobic clinical lens

ਪਾਉਂਦੇ ਹਾਂ। ਇਸ ਤਰ੍ਹਾਂ ਸਮਾਰਟ ਮੋਤੀਆਬੰਦ ਸਰਜਰੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਅੱਜ ਤੋਂ 40-50 ਸਾਲ ਪਹਿਲਾਂ ਬੜੀ ਪੁਰਾਣੀ The National Programme for Control of Blindness ਸਕੀਮ ਚੱਲਦੀ ਹੈ, ਜਿਸ ਵਿੱਚ 2000/- ਰੁਪਏ ਦਿੱਤਾ ਜਾਂਦਾ ਹੈ। ਮੈਂ ਉਸ ਦੇ ਵਿੱਚ ਬੜੇ ਆਪਰੇਸ਼ਨ ਕੀਤੇ ਹਨ। ਸਪੀਕਰ ਸਾਹਿਬ, ਉਸ ਵਿੱਚ ਚੈਰੀਟੇਬਲ ਟਰੱਸਟ, ਐਨ.ਜੀ.ਓਜ਼ ਜਾਂ ਪ੍ਰਾਈਵੇਟ ਹਸਪਤਾਲ ਹਨ, ਉਨ੍ਹਾਂ ਨੇ 25555 ਆਪਰੇਸ਼ਨ ਕੀਤੇ ਹਨ। ਸੋ, ਜਿਹੜੇ ਗਰੀਬ ਲੋਕ ਹਨ, ਉਹ ਇਸ ਸਕੀਮ ਵਿੱਚ ਵੀ ਆਪਰੇਸ਼ਨ ਕਰਵਾ ਸਕਦੇ ਹਨ। ਇਹ ਸਿਰਫ ਸਰਕਾਰੀ ਹਸਪਤਾਲ ਵਿੱਚ ਹੀ ਹੋਵੇਗਾ, ਇਹ ਪ੍ਰਾਈਵੇਟ ਹਸਪਤਾਲ ਵਿੱਚ ਅਲਾਊਡ ਨਹੀਂ ਹੈ। ਇਨ੍ਹਾਂ ਨੇ 25-30 ਹਜ਼ਾਰ ਰੁਪਏ ਦੇ ਪੈਕੇਜ ਦੀ ਗੱਲ ਕੀਤੀ ਹੈ ਪਰੰਤੂ ਸਰਕਾਰ ਵੱਲੋਂ ਕੁਝ ਪੈਕੇਜ ਸਾਢੇ ਸੱਤ ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਅਸੀਂ ਸਟੇਕ ਹੋਲਡਰਜ਼ ਨਾਲ ਮੀਟਿੰਗ ਕਰਦੇ ਹਾਂ। ਜਿਹੜੇ Eye Surgeon ਸਨ, ਉਨ੍ਹਾਂ ਨੇ ਡਿਕਲਾਈਨ ਕਰ ਦਿੱਤਾ ਸੀ ਕਿ ਇਹ ਸਾਨੂੰ ਨਹੀਂ ਚਾਹੀਦਾ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਸਰਦਾਰ ਬਲਕਾਰ ਸਿੰਘ ਸਿੱਧੂ ਸਾਹਿਬ।

---

**(ਕ੍ਰਮ ਨੰ: 14)**

**ਸ਼੍ਰੀ ਬਲਕਾਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਹਲਕਾ ਰਾਮਪੁਰਾ ਫੂਲ ਦੇ ਸਰਕਾਰੀ ਮਿਡਲ ਸਕੂਲ, ਰਾਮਪੁਰਾ ਫੂਲ (ਗਰਾਊਂਡ ਵਾਲਾ ਸਕੂਲ) ਦੀ ਇਮਾਰਤ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ ਕਿਸੇ ਵੀ ਵਕਤ ਕੋਈ ਅਣਸੁਖਾਵੀ ਘਟਨਾ ਵਾਪਰ ਸਕਦੀ ਹੈ। ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਅਤੇ ਹੋਰ ਸਟਾਫ ਦੀ ਜਾਨ ਨੂੰ ਵੀ ਖਤਰਾ ਬਣਿਆ ਹੋਇਆ ਹੈ ਇਲਾਕਾ ਵਾਸੀਆਂ ਵਿੱਚ ਵੀ ਇਸ ਸਬੰਧੀ ਬਹੁਤ ਸਹਿਮ ਅਤੇ ਰੋਸ ਪਾਇਆ ਜਾ ਰਿਹਾ ਹੈ। ਮੇਰੀ ਸਰਕਾਰ ਨੂੰ ਬੇਨਤੀ ਏ ਕਿ ਜਲਦ ਤੋਂ ਜਲਦ ਫੰਡ ਜਾਰੀ ਕਰਕੇ ਇਸ ਮੁਸ਼ਕਿਲ ਤੋਂ ਛੁਟਕਾਰਾ ਦਿਵਾਇਆ ਜਾਵੇ। ਬੇਨਤੀ ਹੈ ਕਿ ਮਾਮਲੇ ਵਿੱਚ ਬੇਲੋੜੀ ਦੇਰ ਕਰਕੇ ਕਿਸੇ ਅਣਸੁਖਾਵੀਂ ਘਟਨਾ ਘਟ ਜਾਣ ਦਾ ਇਤਜਾਰ ਨਾ ਕੀਤਾ ਜਾਵੇ।

ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

**ਸਕੂਲ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਪੀਕਰ ਸਾਹਿਬ, ਮੈਂ ਮਾਣਯੋਗ ਵਿਧਾਇਕ ਸਾਹਿਬ ਦੀ ਬਹੁਤ ਤਾਰੀਫ ਕਰਦਾ ਹਾਂ ਕਿ ਇਹ ਸਿੱਖਿਆ ਨੂੰ ਲੈ ਕੇ ਬੜਾ ਸੰਜੀਦਾ ਹਨ। ਸਪੀਕਰ ਸਾਹਿਬ, ਇਸ ਸਬੰਧੀ ਸੈਸ਼ਨ ਦੌਰਾਨ ਸਵਾਲ ਵੀ ਕੀਤਾ ਗਿਆ ਸੀ। ਮੈਨੂੰ ਇਹ ਸਕੂਲ ਖਾਸ ਤੌਰ ਤੇ ਯਾਦ ਸੀ ਅਤੇ ਜਦੋਂ ਇਨ੍ਹਾਂ ਨੇ ਇਸ ਸਕੂਲ ਬਾਰੇ ਦੱਸਿਆ ਸੀ ਤਾਂ ਅਸੀਂ for the safety of students and staff ਬੱਚੇ ਸ਼ਿਫਟ ਕਰ ਦਿੱਤੇ ਸਨ। ਪਿਛਲੇ ਦਿਨਾਂ ਦੇ ਵਿੱਚ

ਇੱਕ ਦਿਨ ਮਾਣਯੋਗ ਮੈਂਬਰ ਸਾਹਿਬ, ਮੇਰੇ ਕੋਲ ਆਏ ਸਨ ਤਾਂ ਮੈਨੂੰ ਅਚਾਨਕ ਯਾਦ ਆਇਆ ਅਤੇ ਮੈਂ ਇਨ੍ਹਾਂ ਨੂੰ ਪੁੱਛਿਆ ਕਿ ਤੁਹਾਡੇ ਸਕੂਲ ਦਾ ਕੀ ਬਣਿਆ।

**1325/Gurpreet kaur**

ਤਾਂ ਐਮ.ਐਲ.ਏ. ਸਾਹਿਬ ਨੇ ਮੈਨੂੰ ਸਭ ਕੁਝ ਦੱਸਿਆ। ਸਰ, ਇਸ ਵਿੱਚ ਕੰਸਰਨਡ ਸਟਾਫ ਦੀ ਅਣਗਹਿਲੀ ਹੈ। ਡਿਪਾਰਟਮੈਂਟ ਵੱਲੋਂ ਤਿੰਨ ਵਾਰ ਪੈਸੇ ਭੇਜੇ ਗਏ ਹਨ for the new construction ਪਰ ਉੱਥੋਂ ਦੇ ਸਟਾਫ ਨੇ ਕੋਈ ਜ਼ਿੰਮੇਵਾਰੀ ਨਹੀਂ ਲਈ। ਉਨ੍ਹਾਂ ਨੇ ਜ਼ਿੰਮੇਵਾਰੀ ਲੈਣ ਦੀ ਬਜਾਏ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ, ਬਠਿੰਡਾ ਨੂੰ ਵੀ ਇਸ ਵਿੱਚ ਇਨਵਾਲਵ ਕੀਤਾ ਗਿਆ। ਅਸੀਂ 50 ਲੱਖ ਰੁਪਿਆ ਜਾਰੀ ਕਰ ਰਹੇ ਹਾਂ। ਮੈਂ ਐਸ਼ਿਓਰ ਕਰਦਾ ਹਾਂ ਕਿ ਮੈਂ ਖੁਦ ਆ ਕੇ ਚੈੱਕ ਕਰਾਂਗਾ ਅਤੇ ਅਸੀਂ ਨਵੀਂ ਕੰਸਟਰੱਕਸ਼ਨ ਕਰਾਂਗੇ। ਮੇਰਾ ਪਰਸਨਲੀ ਇਸ ਸਕੂਲ ਤੇ ਧਿਆਨ ਹੈ। ਐਮ.ਐਲ.ਏ. ਸਾਹਿਬ ਨੂੰ ਵੀ ਪਤਾ ਹੈ। we will deliver it.

**ਸ੍ਰੀ ਬਲਕਾਰ ਸਿੰਘ ਸਿੱਧੂ** : ਇੱਥੇ ਹਰ ਰੋਜ਼ ਮੇਰੇ ਕੋਲ ਕੋਈ ਨਾ ਕੋਈ ਆਉਂਦਾ ਹੈ ਕਿ ਬਿਲਡਿੰਗ ਢਾਹੁਣੀ ਹੈ ਜਾਂ ਨਹੀਂ ਢਾਹੁਣੀ। ਕੀ ਇੱਥੇ ਭਰਤ ਪਵੇਗੀ। ਇੱਥੇ ਕੋਈ ਗ੍ਰਾਂਟ ਨਹੀਂ ਜਾਰੀ ਹੋਈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਕੰਮ ਲਈ ਸਾਨੂੰ ਦੋ ਸਾਲ ਦਾ ਸਮਾਂ ਹੋ ਗਿਆ ਹੈ। ਇਹ ਕੰਮ ਜਲਦੀ ਤੋਂ ਜਲਦੀ ਕੀਤਾ ਜਾਵੇ। ਡੀ.ਸੀ. ਸਾਹਿਬ ਨਾਲ ਵੀ ਗੱਲ ਕੀਤੀ ਪਰ ਕੁਝ ਹੱਲ ਨਹੀਂ ਹੋ ਰਿਹਾ।

**ਮਾਣਯੋਗ ਸਪੀਕਰ**: ਸਿੱਧੂ ਸਾਹਿਬ, ਤੁਸੀਂ ਤਾਂ ਮਨਾ ਹੀ ਲਵੋਗੇ।

-------

## PRESENTATION OF THE FIRST REPORT OF THE BUSINESS ADVISORY COMMITTEE

**ਮਾਣਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 03 ਅਗਸਤ, 2026 ਤੋਂ 10 ਅਗਸਤ, 2026 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਖਿਤ ਕੰਮ-ਕਾਰ ਕੀਤਾ ਜਾਵੇਗਾ-

ਮੰਗਲਵਾਰ, 04 ਅਗਸਤ, 2026 ਵਿਧਾਨਕ ਕੰਮ-ਕਾਰ

(10:00 ਵਜੇ ਸਵੇਰ)

| | |
|---|---|
| ਬੁੱਧਵਾਰ, 05 ਅਗਸਤ, 2026 | ਵਿਧਾਨਕ ਕੰਮ-ਕਾਰ |
| (10:00 ਵਜੇ ਸਵੇਰ) | |
| ਵੀਰਵਾਰ, 06 ਅਗਸਤ, 2026 | ਗੈਰ-ਸਰਕਾਰੀ ਕੰਮ-ਕਾਰ |
| (10:00 ਵਜੇ ਸਵੇਰ) | |
| ਸ਼ੁੱਕਰਵਾਰ, 07 ਅਗਸਤ, 2026 | ਵਿਧਾਨਕ ਕੰਮ-ਕਾਰ |
| (10:00 ਵਜੇ ਸਵੇਰ) | |
| ਸ਼ਨਿੱਚਰਵਾਰ, 08 ਅਗਸਤ, 2026 | ਛੁੱਟੀਆਂ |
| ਐਤਵਾਰ, 09 ਅਗਸਤ, 2026 | |
| ਸੋਮਵਾਰ, 10 ਅਗਸਤ, 2026 | i) ਵਿਧਾਨਕ ਕੰਮ-ਕਾਰ |
| (11:00 ਵਜੇ ਪੂਰਵ ਦੁਪਹਿਰ) | ii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਮਾਣਯੋਗ ਸਪੀਕਰ** : ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

---

## LEGISLATIVE BUSINESS

## PUNJAB COMMON INFRASTRUCTURE (REGULATION AND MAINTENANCE) AMENDMENT BILL, 2026

**ਮਾਨਯੋਗ ਸਪੀਕਰ :** ਸ੍ਰੀ ਅਮਨ ਅਰੋੜਾ, ਮਾਣਯੋਗ ਉਦਯੋਗ ਮੰਤਰੀ ਬਿਲ ਪੇਸ਼ ਕਰਨ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ) :** ਸ੍ਰੀਮਾਨ ਜੀ, ਮੈਂ ਪੰਜਾਬ ਕਾਮਨ ਇਨਫਰਾਸਟਰੱਕਚਰ (ਰੈਗੂਲੇਸ਼ਨ ਐਂਡ ਮੈਂਨਟੇਨੈਂਸ) ਸੋਧ ਬਿਲ, 2026 ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ** : ਇਸ ਦੀ ਬਹਿਸ ਕੱਲ੍ਹ ਕਰ ਲਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਾਡੇ ਕੋਲ ਖਰੜਾ ਨਹੀਂ ਆਇਆ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ):** ਆਪਣੇ ਦਸਤਾਵੇਜ਼ ਖੋਲ੍ਹ ਕੇ ਦੇਖੋ।

**ਮਾਣਯੋਗ ਸਪੀਕਰ:** ਤੁਸੀ ਚੈੱਕ ਕਰ ਲਿਓ ਜੀ। ਮਾਣਯੋਗ ਵਿਧਾਇਕ ਸਾਹਿਬ, ਇਹ ਖਰੜਾ 15 ਦਿਨ ਪਹਿਲਾਂ ਹੀ ਨੇਵਾ ਵਿੱਚ ਤੁਹਾਨੂੰ ਦਿੱਤੀ ਗਈ ਐਪਲ ਵਾਲੀ ਟੈਬਲੇਟ ਤੇ ਸਰਕੁਲੇਟ ਹੋ ਗਿਆ ਸੀ। ਇਸ ਦੀ ਤੁਸੀਂ ਤਿਆਰੀ ਕਰ ਲਵੋ। ਇਸ ਦੀ ਬਹਿਸ ਕੱਲ੍ਹ ਵਾਸਤੇ ਰੱਖ ਲਈ ਜਾਵੇਗੀ। ਇਸ ਦੀ ਬਹਿਸ ਕੱਲ੍ਹ ਕਰ ਲਵਾਂਗੇ।

**ਸ੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਇੱਕ ਰਿਕੁਐਸਟ ਹੈ ਕਿ ਇਹ ਖਰੜਾ 15 ਦਿਨ ਪਹਿਲਾਂ ਵਟਸਐਪ ਤੇ ਪਵਾ ਦਿਆ ਕਰੋ।

**ਮਾਣਯੋਗ ਸਪੀਕਰ:** ਮੈਂ ਟੈਕਨੀਕਲ ਸਟਾਫ ਨੂੰ ਕਹਿੰਦਾ ਹਾਂ। ਸੈਕਟਰੀ ਸਾਹਿਬ ਤੁਸੀਂ ਦੇਖ ਲਵੋ। ਇਸ ਨੂੰ ਵਟਸਐਪ ਤੇ ਵੀ ਪਵਾ ਦਿਆ ਕਰੋ। ਜੋ ਐਮ.ਐਲ.ਏਜ਼ ਦਾ ਗਰੁੱਪ ਬਣਿਆ ਹੋਇਆ ਹੈ, ਉਹ ਚੈੱਕ ਕਰ ਲਿਓ। ਉਸ ਤੇ ਵੀ ਆਇਆ ਹੋਵੇਗਾ।

**ਸ੍ਰੀ ਸੰਦੀਪ ਜਾਖੜ:** ਕੱਲ੍ਹ ਰਾਤ ਨੂੰ ਹੀ ਆਇਆ ਹੈ।

**ਮਾਣਯੋਗ ਸਪੀਕਰ:** 15 ਦਿਨ ਪਹਿਲਾਂ ਵਾਲਾ ਮੈਸੇਜ ਚੈੱਕ ਕਰ ਲਿਓ। ਕਈ ਵਾਰ ਟਾਈਮਰ ਲੱਗਾ ਹੁੰਦਾ ਹੈ ਤਾਂ ਮੈਸੇਜ ਡਿਲੀਟ ਹੋ ਜਾਂਦੇ ਹਨ। ਡਿਸਕਸ਼ਨ ਵਾਸਤੇ ਕੱਲ੍ਹ ਰੱਖ ਲੈਂਦੇ ਹਾਂ ਤਾਂ ਕਿ ਸਾਰੇ ਵਿਧਾਇਕ ਸਾਹਿਬਾਨ ਪੜ੍ਹ ਲੈਣ ਅਤੇ ਬਿਲ ਤੇ ਤਿਆਰੀ ਕਰਕੇ ਆਉਣ। ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਮਤਾ ਪੇਸ਼ ਕਰਨ।

**1330/Kuldeep kaur**

## CENSURE MOTION

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਮਾਣਯੋਗ ਸਪੀਕਰ ਸਾਹਿਬ ਜੋ ਪਿਛਲੇ ਕੁਝ ਦਿਨਾਂ ਦੇ ਅੰਦਰ ਦੇਸ਼ ਦੀ ਰਾਜਧਾਨੀ ਦਿੱਲੀ ਦੇ ਅੰਦਰ, ਬਿਹਾਰ ਦੇ ਅੰਦਰ, ਆਸਾਮ ਦੇ ਅੰਦਰ, ਵੈਸਟ ਬੰਗਾਲ ਦੇ ਅੰਦਰ ਮੱਧ ਪ੍ਰਦੇਸ਼ ਦੇ ਅੰਦਰ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਅੰਦਰ ਜਿੱਥੇ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਨ੍ਹਾਂ ਵਿੱਚ ਇਨਸਾਫ ਮੰਗ ਰਹੇ ਬੱਚਿਆਂ ਉੱਤੇ ਕਿਸ ਤਰ੍ਹਾਂ ਲਾਠੀਚਾਰਜ ਕੀਤਾ ਗਿਆ, ਕਿਸ ਤਰ੍ਹਾਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸੁਣਨ ਤੋਂ ਦੇਸ਼ ਦੀ ਕੇਂਦਰੀ ਸਰਕਾਰ ਬੀ.ਜੇ.ਪੀ. ਨੇ ਕਿਨਾਰਾ ਕੀਤਾ ਹੈ। ਮੈਂ ਉਸ ਸਬੰਧ ਵਿੱਚ ਇੱਕ ਨਿੰਦਾ ਪ੍ਰਸਤਾਵ ਇਸ ਪਵਿੱਤਰ ਸਦਨ ਅੰਦਰ ਰੱਖਣਾ ਚਾਹੁੰਦਾ ਹਾਂ ਕਿਉਂਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਸਾਡਾ ਭਵਿੱਖ ਹਨ। ਜੇਕਰ ਭਾਰਤੀ ਜਨਤਾ ਪਾਰਟੀ ਦੇ ਇਸ ਘਿਨਾਉਣੇ ਰਾਜ ਦੇ ਅੰਦਰ ਸਾਡੇ ਬੱਚੇ ਸੁਰੱਖਿਅਤ ਨਹੀਂ ਹਨ ਤਾਂ ਸਾਡਾ ਭਵਿੱਖ ਵੀ ਸੁਰੱਖਿਅਤ ਨਹੀਂ ਹੈ। ਅੱਜ ਦੇਸ਼ ਨੂੰ ਤਾਨਾਸ਼ਾਹੀ ਵੱਲ ਧੱਕਿਆ ਜਾ ਰਿਹਾ ਹੈ ਔਰ ਬੱਚਿਆਂ ਦੀ ਵੀ ਗੱਲ ਨਹੀਂ ਸੁਣੀ ਜਾ ਰਹੀ। ਆਪੋਜ਼ੀਸ਼ਨ ਪਾਰਟੀਆਂ ਦੀ ਗੱਲ ਛੱਡ ਦਿਓ, ਹੋਰਨਾਂ ਪਾਰਟੀਆਂ ਦੀ ਗੱਲ ਛੱਡ ਦਿਓ, ਕਿਸਾਨਾਂ ਦੀ ਗੱਲ ਛੱਡ ਦਿਓ ਲੇਕਿਨ ਜਿਹੜੇ ਸਾਡੇ ਮਾਸੂਮ 14 ਸਾਲ ਦੇ, 15 ਸਾਲ ਦੇ, 18 ਸਾਲ ਦੇ, 21 ਸਾਲ ਦੇ ਅਤੇ 25 ਸਾਲ ਦੇ ਬੱਚੇ ਹਨ, ਉਨ੍ਹਾਂ ਨੂੰ ਵੀ ਸੁਣਨ ਤੋਂ ਭਾਰਤੀ ਜਨਤਾ ਪਾਰਟੀ ਕਿਨਾਰਾ ਕਰ ਰਹੀ ਹੈ। ਮੈਂ ਇਸ ਦੇ ਸਬੰਧੀ ਇੱਕ ਮਤਾ ਸਦਨ ਦੇ ਸਨਮੁਖ ਰੱਖਦਾ ਹਾਂ।

ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

" ਕਿ ਇਹ ਮਾਣਯੋਗ ਸਦਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਭਾਜਪਾ ਸ਼ਾਸਿਤ ਵੱਖ-ਵੱਖ ਰਾਜਾਂ ਅਧੀਨ ਸਰਕਾਰੀ ਪ੍ਰੀਖਿਆਵਾਂ ਅਤੇ ਭਰਤੀ ਪ੍ਰਣਾਲੀ ਵਿੱਚ ਲਗਾਤਾਰ ਸਾਹਮਣੇ ਆ ਰਹੀਆਂ ਅਸਫਲਤਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ। ਵਾਰ-ਵਾਰ ਹੋ ਰਹੇ ਪ੍ਰਸ਼ਨ-ਪੱਤਰ ਲੀਕ, ਪ੍ਰੀਖਿਆਵਾਂ ਵਿੱਚ ਧੋਖਾਧੜੀ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਨੇ ਯੋਗਤਾ-ਆਧਾਰਿਤ ਪ੍ਰਣਾਲੀ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ ਅਤੇ ਲੱਖਾਂ ਨੌਜਵਾਨਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ।

ਪਿਛਲੇ ਇੱਕ ਦਹਾਕੇ ਦੌਰਾਨ ਭਾਜਪਾ ਸ਼ਾਸਨ ਹੇਠ ਪ੍ਰਸ਼ਨ-ਪੱਤਰ ਲੀਕ, ਡਿਜੀਟਲ ਰਿਮੋਟ-ਐਕਸੈੱਸ ਹੈਕਿੰਗ ਅਤੇ ਭਰਤੀ ਘੁਟਾਲਿਆਂ ਸਮੇਤ 70 ਤੋਂ ਵੱਧ ਵੱਡੇ ਪ੍ਰੀਖਿਆ ਘੁਟਾਲਿਆਂ ਨੇ ਪਾਰਦਰਸ਼ੀ ਅਤੇ ਨਿਰਪੱਖ ਭਰਤੀ ਪ੍ਰਣਾਲੀ ਵਿੱਚ ਲੋਕਾਂ ਦਾ ਵਿਸ਼ਵਾਸ ਗੰਭੀਰ ਰੂਪ ਵਿੱਚ ਕਮਜ਼ੋਰ ਕੀਤਾ ਹੈ। ਇਸ ਦੇ ਨਾਲ ਹੀ ਜਵਾਬਦੇਹੀ ਦੀ

ਮੰਗ ਕਰ ਰਹੇ ਸ਼ਾਂਤੀਪੂਰਨ ਵਿਦਿਆਰਥੀ ਪ੍ਰਦਰਸ਼ਨਾਂ ਦਾ ਜਵਾਬ ਅਤਿਆਧੁਨਿਕ ਪੁਲਿਸ ਬਲ, ਮਨਮਾਨੀਆਂ ਗ੍ਰਿਫ਼ਤਾਰੀਆਂ, ਫੌਜਦਾਰੀ ਕਾਰਵਾਈਆਂ ਅਤੇ ਬਲ ਦੀ ਵਰਤੋਂ ਨਾਲ ਦਿੱਤਾ ਗਿਆ ਹੈ, ਜਿਸ ਨਾਲ ਲੋਕਤੰਤਰੀ ਅਧਿਕਾਰਾਂ ਦੀ ਸੁਰੱਖਿਆ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋਈਆਂ ਹਨ।

ਇਹ ਮਾਣਯੋਗ ਸਦਨ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਸਿੱਖਿਆ ਸੁਧਾਰਕ ਸ੍ਰੀ ਸੋਨਮ ਵਾਂਗਚੁੱਕ ਨੂੰ ਮਨਮਾਨੇ ਢੰਗ ਨਾਲ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਖ਼ਤ ਨਿੰਦਾ ਕਰਦਾ ਹੈ। ਉਹ ਪ੍ਰਸ਼ਨ-ਪੱਤਰ ਲੀਕ ਮਾਮਲਿਆਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਵਰਤ ਰੱਖਣ ਵਾਲੇ ਵਿਦਿਆਰਥੀਆਂ ਨਾਲ ਏਕਤਾ ਪ੍ਰਗਟ ਕਰਨ ਕਾਰਨ ਜ਼ਬਰਦਸਤੀ ਹਿਰਾਸਤ ਵਿੱਚ ਲਏ ਗਏ ਅਤੇ ਰਾਜਕੀ ਦਮਨ ਦਾ ਸ਼ਿਕਾਰ ਬਣਾਏ ਗਏ।

ਮਾਣਯੋਗ ਸਪੀਕਰ ਸਾਹਿਬ, ਇਹ ਵੀ ਬਹੁਤ ਭਿਆਨਕ, ਇਹ ਵੀ ਬਹੁਤ ਚਿੰਤਾਜਨਕ ਅਤੇ ਨਿੰਦਣਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਸ਼ਾਂਤੀਪੂਰਨ ਅਤੇ ਨਿਹੱਥੇ ਨੌਜਵਾਨਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਦਿਆਂ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਵਿਰੁੱਧ ਪੈਲਟ ਗੰਨਾਂ, ਅੱਥਰੂ ਗੈਸ ਅਤੇ ਬਿਹਾਰ ਵਰਗੇ ਸਟੇਟਾਂ ਵਿੱਚ ਤਾਂ ਏ.ਕੇ.-47 ਅਸਾਲਟ ਰਾਈਫਲਾਂ ਤੱਕ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ, ਸੈਂਕੜੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਲੜਕੀਆਂ ਅਤੇ ਨਾਬਾਲਗ ਲੜਕੇ ਵੀ ਸ਼ਾਮਲ ਸਨ, ਉਨ੍ਹਾਂ ਵਿਰੁੱਧ ਭਾਰਤੀ ਨਿਆਂ ਸੰਹਿਤਾ ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਸਖ਼ਤ ਧਾਰਾਵਾਂ ਤਹਿਤ number of FIRs ਰਜਿਸਟਰਡ ਕੀਤੀਆਂ ਗਈਆਂ ਹਨ।

ਇਸ ਲਈ ਹੁਣ ਇਹ ਸਦਨ ਹੇਠ ਲਿਖੇ ਅਨੁਸਾਰ ਮਤਾ ਪਕਾਉਂਦਾ ਹੈ-

1. ਇਹ ਸਦਨ ਪ੍ਰਸ਼ਨ-ਪੱਤਰ ਲੀਕ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਸੰਸਥਾਗਤ ਅਸਫਲਤਾਵਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ, ਜਿਨ੍ਹਾਂ ਨੇ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਦੇਸ਼ ਦੇ ਨੌਜਵਾਨਾਂ ਦੀਆਂ ਆਸਾਂ ਨੂੰ ਠੇਸ ਪਹੁੰਚਾਈ ਹੈ।

**1335/Pawan sharma**

2. ਇਹ ਸਦਨ ਸ਼ਾਂਤੀਪੂਰਨ ਵਿਦਿਆਰਥੀਆਂ ਅਤੇ ਨਾਗਰਿਕਾਂ, ਜਿਨ੍ਹਾਂ ਵਿੱਚ ਪ੍ਰਸਿੱਧ ਸਿੱਖਿਆ ਸੁਧਾਰਕ ਅਤੇ ਵਾਤਾਵਰਣ ਪ੍ਰੇਮੀ ਸ੍ਰੀ ਸੋਨਮ ਵਾਂਗਚੁੱਕ ਵੀ ਸ਼ਾਮਲ ਹਨ, ਵਿਰੁੱਧ ਅਤਿਅਧਿਕ ਬਲ ਦੀ ਵਰਤੋਂ, ਮਨਮਾਨੀ ਹਿਰਾਸਤ ਅਤੇ ਫੌਜਦਾਰੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਾ ਹੈ।

3. ਇਹ ਸਦਨ ਦੇਸ਼ ਭਰ ਦੇ ਵਿਦਿਆਰਥੀਆਂ ਨਾਲ ਆਪਣੀ ਅਟੱਲ ਇਕਜੁੱਟਤਾ ਪ੍ਰਗਟ ਕਰਦਾ ਹੈ ਅਤੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਕੀਤੀਆਂ ਗਈਆਂ ਸਾਰੀਆਂ ਗੈਰ-ਵਾਜਬ ਫੌਜਦਾਰੀ ਕਾਰਵਾਈਆਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਾ ਹੈ।

4. ਇਹ ਸਦਨ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਸਰਕਾਰੀ ਪ੍ਰੀਖਿਆ ਪ੍ਰਣਾਲੀ ਦਾ ਵਿਆਪਕ ਪੁਨਰਗਠਨ ਕੀਤਾ ਜਾਵੇ, ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਵਰਗੀਆਂ ਸੰਸਥਾਵਾਂ ਦਾ ਵਿਕੇਂਦਰੀਕਰਨ ਅਤੇ ਸੁਧਾਰ ਕੀਤਾ ਜਾਵੇ, ਪ੍ਰਸ਼ਨ-ਪੱਤਰ ਲੀਕ ਗਿਰੋਹਾਂ ਵਿਰੁੱਧ ਸਖ਼ਤ ਅਤੇ ਮਿਸਾਲੀ ਕਾਰਵਾਈ ਕੀਤੀ ਜਾਵੇ ਅਤੇ ਪ੍ਰਦਰਸ਼ਨਾਂ ਦੌਰਾਨ ਜ਼ਖ਼ਮੀ ਹੋਏ ਵਿਦਿਆਰਥੀਆਂ ਨੂੰ ਉਚਿਤ ਇਲਾਜ, ਪੁਨਰਵਾਸ ਅਤੇ ਮੁਆਵਜ਼ਾ ਪ੍ਰਦਾਨ ਕੀਤਾ ਜਾਵੇ।

5. ਇਹ ਸਦਨ ਸਿਫ਼ਾਰਸ਼ ਕਰਦਾ ਹੈ ਕਿ ਇਸ ਮਤੇ ਦੀਆਂ ਕਾਪੀਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ, ਸਿੱਖਿਆ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜੀਆਂ ਜਾਣ ਤਾਂ ਜੋ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਅਤੇ ਵਿਦਿਆਰਥੀਆਂ ਦੇ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਸਬੰਧੀ ਪੰਜਾਬ ਵਿਧਾਨ ਸਭਾ ਦਾ ਵਿਚਾਰ ਉਨ੍ਹਾਂ ਤੱਕ ਪਹੁੰਚਾਇਆ ਜਾ ਸਕੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਕਿ ਇਹ ਮਾਣਯੋਗ ਸਦਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਭਾਜਪਾ ਸ਼ਾਸਿਤ ਵੱਖ-ਵੱਖ ਰਾਜਾਂ ਅਧੀਨ ਸਰਕਾਰੀ ਪ੍ਰੀਖਿਆਵਾਂ ਅਤੇ ਭਰਤੀ ਪ੍ਰਣਾਲੀ ਵਿੱਚ ਲਗਾਤਾਰ ਸਾਹਮਣੇ ਆ ਰਹੀਆਂ ਅਸਫਲਤਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ। ਵਾਰ-ਵਾਰ ਹੋ ਰਹੇ ਪ੍ਰਸ਼ਨ-ਪੱਤਰ ਲੀਕ, ਪ੍ਰੀਖਿਆਵਾਂ ਵਿੱਚ ਧੋਖਾਧੜੀ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਨੇ ਯੋਗਤਾ-ਆਧਾਰਿਤ ਪ੍ਰਣਾਲੀ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। ਅਤੇ ਲੱਖਾਂ ਨੌਜਵਾਨਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ।

ਪਿਛਲੇ ਇੱਕ ਦਹਾਕੇ ਦੌਰਾਨ ਭਾਜਪਾ ਸ਼ਾਸਨ ਹੇਠ ਪ੍ਰਸ਼ਨ-ਪੱਤਰ ਲੀਕ, ਡਿਜ਼ਿਟਲ ਰਿਮੋਟ-ਐਕਸੈੱਸ ਹੈਕਿੰਗ ਅਤੇ ਭਰਤੀ ਘੁਟਾਲਿਆਂ ਸਮੇਤ 70 ਤੋਂ ਵੱਧ ਵੱਡੇ ਪ੍ਰੀਖਿਆ ਘੁਟਾਲਿਆਂ ਨੇ ਪਾਰਦਰਸ਼ੀ ਅਤੇ ਨਿਰਪੱਖ ਭਰਤੀ ਪ੍ਰਣਾਲੀ ਵਿੱਚ ਲੋਕਾਂ ਦਾ ਵਿਸ਼ਵਾਸ ਗੰਭੀਰ ਰੂਪ ਵਿੱਚ ਕਮਜ਼ੋਰ ਕੀਤਾ ਹੈ। ਇਸ ਦੇ ਨਾਲ ਹੀ ਜਵਾਬਦੇਹੀ ਦੀ ਮੰਗ ਕਰ ਰਹੇ ਸ਼ਾਂਤੀਪੂਰਨ ਵਿਦਿਆਰਥੀ ਪ੍ਰਦਰਸ਼ਨਾਂ ਦਾ ਜਵਾਬ ਅਤਿਅਧਿਕ ਪੁਲਿਸ ਬਲ, ਮਨਮਾਨੀਆਂ ਗ੍ਰਿਫ਼ਤਾਰੀਆਂ, ਫੌਜਦਾਰੀ ਕਾਰਵਾਈਆਂ ਅਤੇ ਬਲ ਦੀ ਵਰਤੋਂ ਨਾਲ ਦਿੱਤਾ ਗਿਆ, ਜਿਸ ਨਾਲ ਲੋਕਤੰਤਰੀ ਅਧਿਕਾਰਾਂ ਦੀ ਸੁਰੱਖਿਆ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋਈਆਂ ਹਨ।

ਇਹ ਮਾਣਯੋਗ ਸਦਨ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਸਿੱਖਿਆ ਸੁਧਾਰਕ ਸ੍ਰੀ ਸੋਨਮ ਵਾਂਗਚੁੱਕ ਨੂੰ ਮਨਮਾਨੇ ਢੰਗ ਨਾਲ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਖ਼ਤ ਨਿੰਦਾ ਕਰਦਾ ਹੈ। ਉਹ ਪ੍ਰਸ਼ਨ-ਪੱਤਰ ਲੀਕ ਮਾਮਲਿਆਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਵਰਤ ਰੱਖਣ ਵਾਲੇ ਵਿਦਿਆਰਥੀਆਂ ਨਾਲ ਏਕਤਾ ਪ੍ਰਗਟ ਕਰਨ ਕਾਰਨ ਜ਼ਬਰਦਸਤੀ ਹਿਰਾਸਤ ਵਿੱਚ ਲਏ ਗਏ ਅਤੇ ਰਾਜਕੀ ਦਮਨ ਦਾ ਸ਼ਿਕਾਰ ਬਣਾਏ ਗਏ।

ਇਹ ਵੀ ਬਹੁਤ ਚਿੰਤਾਜਨਕ ਅਤੇ ਨਿੰਦਣਯੋਗ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਸ਼ਾਂਤੀਪੂਰਨ ਅਤੇ ਨਿਹੱਥੇ ਨੌਜਵਾਨਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਦਿਆਂ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਵਿਰੁੱਧ ਪੈਲਟ ਗੰਨਾਂ, ਅੱਥਰੂ ਗੈਸ ਅਤੇ ਬਿਹਾਰ ਵਿੱਚ ਤਾਂ ਏ.ਕੇ.-47 ਅਸਾਲਟ ਰਾਈਫਲਾਂ ਤੱਕ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ, ਸੈਂਕੜੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਲੜਕੀਆਂ ਅਤੇ ਨਾਬਾਲਗ ਵੀ ਸ਼ਾਮਲ ਸਨ, ਵਿਰੁੱਧ ਭਾਰਤੀ ਨਿਆਂ ਸੰਹਿਤਾ ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ।

ਇਸ ਲਈ ਹੁਣ ਇਹ ਸਦਨ ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ

1. ਇਹ ਸਦਨ ਪ੍ਰਸ਼ਨ-ਪੱਤਰ ਲੀਕ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਸੰਸਥਾਗਤ ਅਸਫਲਤਾਵਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ, ਜਿਨ੍ਹਾਂ ਨੇ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਦੇਸ਼ ਦੇ ਨੌਜਵਾਨਾਂ ਦੀਆਂ ਆਸਾਂ ਨੂੰ ਠੇਸ ਪਹੁੰਚਾਈ ਹੈ।

2. ਇਹ ਸਦਨ ਸ਼ਾਂਤੀਪੂਰਨ ਵਿਦਿਆਰਥੀਆਂ ਅਤੇ ਨਾਗਰਿਕਾਂ, ਜਿਨ੍ਹਾਂ ਵਿੱਚ ਪ੍ਰਸਿੱਧ ਸਿੱਖਿਆ ਸੁਧਾਰਕ ਅਤੇ ਵਾਤਾਵਰਣ ਪ੍ਰੇਮੀ ਸ੍ਰੀ ਸੋਨਮ ਵਾਂਗਚੁੱਕ ਵੀ ਸ਼ਾਮਲ ਹਨ, ਵਿਰੁੱਧ ਅਤਿਅਧਿਕ ਬਲ ਦੀ ਵਰਤੋਂ,s ਮਨਮਾਨੀ ਹਿਰਾਸਤ ਅਤੇ ਫੌਜਦਾਰੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਾ ਹੈ।

3. ਇਹ ਸਦਨ ਦੇਸ਼ ਭਰ ਦੇ ਵਿਦਿਆਰਥੀਆਂ ਨਾਲ ਆਪਣੀ ਅਟੱਲ ਇਕਜੁੱਟਤਾ ਪ੍ਰਗਟ ਕਰਦਾ ਹੈ ਅਤੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਕੀਤੀਆਂ ਗਈਆਂ ਸਾਰੀਆਂ ਗੈਰ-ਵਾਜਬ ਫੌਜਦਾਰੀ ਕਾਰਵਾਈਆਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਾ ਹੈ।

4. ਇਹ ਸਦਨ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਸਰਕਾਰੀ ਪ੍ਰੀਖਿਆ ਪ੍ਰਣਾਲੀ ਦਾ ਵਿਆਪਕ ਪੁਨਰਗਠਨ ਕੀਤਾ ਜਾਵੇ, ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਵਰਗੀਆਂ ਸੰਸਥਾਵਾਂ ਦਾ ਵਿਕੇਂਦਰੀਕਰਨ ਅਤੇ ਸੁਧਾਰ ਕੀਤਾ ਜਾਵੇ, ਪ੍ਰਸ਼ਨ-ਪੱਤਰ ਲੀਕ ਗਿਰੋਹਾਂ ਵਿਰੁੱਧ ਸਖ਼ਤ ਅਤੇ ਮਿਸਾਲੀ ਕਾਰਵਾਈ ਕੀਤੀ ਜਾਵੇ

ਅਤੇ ਪ੍ਰਦਰਸ਼ਨਾਂ ਦੌਰਾਨ ਜ਼ਖ਼ਮੀ ਹੋਏ ਵਿਦਿਆਰਥੀਆਂ ਨੂੰ ਉਚਿਤ ਇਲਾਜ, ਪੁਨਰਵਾਸ ਅਤੇ ਮੁਆਵਜ਼ਾ ਪ੍ਰਦਾਨ ਕੀਤਾ ਜਾਵੇ।

5. ਇਹ ਸਦਨ ਸਿਫ਼ਾਰਸ਼ ਕਰਦਾ ਹੈ ਕਿ ਇਸ ਮਤੇ ਦੀਆਂ ਕਾਪੀਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ, ਸਿੱਖਿਆ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜੀਆਂ ਜਾਣ ਤਾਂ ਜੋ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਅਤੇ ਵਿਦਿਆਰਥੀਆਂ ਦੇ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਸਬੰਧੀ ਪੰਜਾਬ ਵਿਧਾਨ ਸਭਾ ਦਾ ਵਿਚਾਰ ਉਨ੍ਹਾਂ ਤੱਕ ਪਹੁੰਚਾਇਆ ਜਾ ਸਕੇ।

**ਮਾਣਯੋਗ ਸਪੀਕਰ**: ਬਹਿਸ, ਹਾਂ ਜੀ, ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ਼ੁਕਰੀਆ ਜੀ। ਸਰ, ਮੈਂ ਇਹ ਮਤਾ ਅੱਜ ਇਸ ਪਵਿੱਤਰ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ ਕਿਉਂਕਿ ਜਦੋਂ ਤੋਂ ਦੇਸ਼ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਾਲ 2014 ਤੋਂ ਆਈ ਹੈ, ਹੁਣ ਤੱਕ ਲਗਭਗ 70 ਪ੍ਰੀਖਿਆਵਾਂ ਲੀਕ ਹੋਈਆਂ ਹਨ। ਸਾਡੇ ਬੱਚਿਆਂ ਦੇ ਨਾਲ, ਉਨ੍ਹਾਂ ਦੇ ਫਿਊਚਰ ਨਾਲ ਖਿਲਵਾੜ ਕੀਤਾ ਗਿਆ ਹੈ। ਮੈਂ ਦੱਸ ਰਿਹਾ ਸੀ ਕਿ ਜਦੋਂ ਤੋਂ ਦੇਸ਼ ਅਤੇ ਕੇਂਦਰ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ ਜਾਂ ਵੱਖ ਵੱਖ ਰਾਜਾਂ ਦੇ ਅੰਦਰ ਸਰਕਾਰ ਆਈ ਹੈ, ਲਗਾਤਾਰ ਸਾਡੇ ਬੱਚਿਆਂ ਦਾ ਫਿਊਚਰ ਵੇਚਿਆ ਜਾ ਰਿਹਾ ਹੈ। ਲਗਾਤਾਰ ਭ੍ਰਿਸ਼ਟਾਚਾਰ ਨਾਲ ਲਿੱਬੜੀਆਂ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਬੱਚਿਆਂ ਦਾ ਪੇਪਰ ਵੇਚ ਰਹੀਆਂ ਹਨ। ਬੱਚੇ ਸਾਡੇ ਘੰਟਿਆਂ ਦਰ, ਸਾਲਾਂ ਦਰ, ਮਹੀਨਿਆਂ ਦਰ ਬੈਠ ਕੇ ਮਿਹਨਤ ਕਰਦੇ ਹਨ, ਪੜ੍ਹਾਈ ਕਰਦੇ ਹਨ, ਉਨ੍ਹਾਂ ਦੇ ਮਾਪੇ ਵੀ ਨਾਲ ਬੈਠਦੇ ਹਨ ਔਰ ਮਾਪੇ ਵੀ ਬੱਚਿਆਂ ਉੱਪਰ ਲੱਖਾਂ ਰੁਪਏ ਖਰਚ ਕਰਦੇ ਹਨ ਪਰ ਲੇਕਿਨ ਅਫਸੋਸ ਅੱਜ ਦੇਸ਼ ਦੇ ਅੰਦਰ ਤਾਨਾਸ਼ਾਹ ਸਰਕਾਰ ਹਰ ਇੱਕ ਚੀਜ਼ ਨੂੰ ਵੇਚਣ ਤੇ ਆਈ ਹੋਈ ਹੈ। ਦੇਸ਼ ਦੀ ਹਰ ਇੱਕ ਚੀਜ਼ ਵੇਚੀ ਜਾ ਰਹੀ ਹੈ। ਅੱਜ ਹੁਣ ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਦੇ ਬੱਚਿਆਂ ਦਾ ਭਵਿੱਖ ਵੇਚਿਆ ਜਾ ਰਿਹਾ ਹੈ। ਅੱਜ ਦੇਸ਼ ਦੇ ਅੰਦਰ ਚੰਦ ਵੱਡੇ ਵੱਡੇ ਗਰੋਹ ਵੱਡੇ ਵੱਡੇ ਅਪਰਾਧਿਕ ਜਗਤ ਦੇ ਮਾਲਕ ਨਾਲ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਾਂਝ ਪਾਈ ਹੋਈ ਹੈ। ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਨੂੰ ਆਪਣੇ ਹੱਥ-ਠੋਕੇ ਬਣਾ ਕੇ ਭ੍ਰਿਸ਼ਟਾਚਾਰ ਕੀਤਾ ਜਾ ਰਿਹਾ ਹੈ, ਨੀਟ ਦੀ ਪ੍ਰੀਖਿਆ ਦੇ ਵਿੱਚ ਜਦੋਂ ਪਹਿਲੀ ਵਾਰ ਪੇਪਰ ਲੀਕ ਹੋਇਆ ਅਤੇ ਸਪੀਕਰ ਸਾਹਿਬ ਜਦੋਂ ਸੈਕੰਡ ਵਾਰ ਪੇਪਰ ਹੋਇਆ ਤਾਂ ਢਾਈ ਲੱਖ ਬੱਚਿਆਂ ਨੇ ਉਹ ਪੇਪਰ ਹੀ ਨਹੀਂ ਦਿੱਤਾ। ਬੱਚਿਆਂ ਦੀ ਗਿਣਤੀ ਢਾਈ ਲੱਖ ਘੱਟ ਗਈ। ਇਸ ਦਾ ਮਤਲਬ ਕੀ ਹੈ ਕਿ ਸਾਡੇ ਬੱਚਿਆਂ ਦਾ ਵਿਸ਼ਵਾਸ ਟੁੱਟ ਗਿਆ ਕਿ ਅਸੀਂ ਡਾਕਟਰ ਨਹੀਂ ਬਣ ਸਕਦੇ। ਉਹ ਹੀ ਡਾਕਟਰ ਬਣਨਗੇ ਜਿਹੜੇ ਭਾਰਤੀ ਜਨਤਾ ਪਾਰਟੀ ਨੂੰ ਪੈਸੇ ਦੇ ਕੇ ਆਉਣਗੇ, ਜਿਹੜੇ ਭ੍ਰਿਸ਼ਟਾਚਾਰ ਕਰਨਗੇ, ਜਿਹੜੇ ਪੇਪਰ ਲੀਕ ਕਰਾਉਣਗੇ। ਸੋ, ਜੇਕਰ ਸਾਡੇ ਡਾਕਟਰਾਂ, ਇੰਜੀਨੀਅਰਾਂ ਦੀਆਂ ਐਡਮਿਸ਼ਨਾਂ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਸ ਤਰ੍ਹਾਂ ਦਾ ਘਿਨੌਣਾ ਕੰਮ ਕਰੇਗੀ, ਇਸ ਪ੍ਰਕਾਰ ਦੀ ਕੁਰੱਪਸ਼ਨ ਕਰੇਗੀ ਤਾਂ ਮੈਂ ਸਮਝਦਾ ਹਾਂ ਕਿ ਫਿਰ ਦੇਸ਼ ਦਾ ਆਮ ਨਾਗਰਿਕ ਕਿਵੇਂ ਸੁਰੱਖਿਅਤ ਹੋਵੇਗਾ ਕਿਉਂਕਿ ਕੱਲ੍ਹ ਨੂੰ ਇਨ੍ਹਾਂ ਡਾਕਟਰਾਂ ਨੇ ਲੋਕਾਂ ਦਾ ਇਲਾਜ ਕਰਨਾ ਹੈ। ਕੱਲ੍ਹ ਨੂੰ ਇਨ੍ਹਾਂ ਇੰਜੀਨੀਅਰਾਂ ਨੇ ਦੇਸ਼ ਦੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾਉਣੀਆਂ ਹਨ। ਸੋ, ਅੱਜ ਇਸ ਤਰ੍ਹਾਂ ਲੱਗ ਰਿਹਾ

ਹੈ ਕਿ ਦੇਸ਼ ਦਾ ਜਿਹੜਾ ਹੁਕਮਰਾਨ ਹੈ, ਉਹ ਇੰਨੇ ਵੱਡੇ ਹੰਕਾਰ ਵਿੱਚ ਆ ਗਿਆ ਹੈ, ਇੰਨਾ ਵੱਡਾ ਹੰਕਾਰੀ ਹੋ ਗਿਆ ਕਿ ਅੱਜ ਹਰ ਚੀਜ਼ ਦੇਸ਼ ਦੇ ਅੰਦਰ ਸੇਲ ਤੇ ਲਗਾਈ ਹੋਈ ਹੈ। ਮੈਂ ਦੇਖ ਰਿਹਾ ਸੀ ਕਿ ਕਿੰਨੀਆਂ ਐਫ.ਆਈ.ਆਰਜ਼. ਦੇਸ਼ ਦੇ ਅੰਦਰ ਮਿਤੀ 21.07.2026 ਨੂੰ ਹੋਈਆਂ ਹਨ,

**1340/Beant kaur**

ਮਿਤੀ 21.7.2026 ਨੂੰ ਪੰਜ ਐਫਆਈਆਰਜ਼ ਹੋਈਆਂ ਹਨ, ਮਿਤੀ 22.7.2026 ਨੂੰ 10 ਐਫਆਈਆਰਜ਼, ਮਿਤੀ 29.7.2026 ਨੂੰ 13 ਐਫਆਈਆਰਜ਼ ਅਤੇ ਇਸੇ ਰਾਤ ਨੂੰ ਫੇਰ 20 ਐਫਆਈਆਰਜ਼ ਹੁੰਦੀਆਂ ਹਨ। ਇਕੱਲੀ ਦਿੱਲੀ ਵਿੱਚ ਟੋਟਲ 48 ਐਫਆਈਆਰਜ਼ ਹੁੰਦੀਆਂ ਹਨ ਅਤੇ ਉਹ ਵੀ ਬੜੀਆਂ ਹੀ ਭਿਆਨਕ ਧਾਰਾਵਾਂ ਦੇ ਥੱਲੇ, ਬਹੁਤ ਹੀ ਸੰਗੀਨ ਧਾਰਾਵਾਂ ਨਾਬਾਲਿਗ ਬੱਚਿਆਂ ਉੱਪਰ ਹੁੰਦੀਆਂ ਹਨ। ਇਕ ਬੱਚੀ, ਜਿਸ ਨੇ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਤੋਂ ਮਾਫੀ ਵੀ ਮੰਗੀ, ਮੋਦੀ ਸਾਹਿਬ ਤੋਂ 15 ਸਾਲ ਦੀ ਬੱਚੀ ਨੇ ਮਾਫੀ ਮੰਗੀ ਕਿ ਮੇਰੇ ਤੋਂ ਅਪਸ਼ਬਦਾਂ ਦਾ ਪ੍ਰਯੋਗ ਹੋ ਗਿਆ ਹੈ ਲੇਕਿਨ ਮੋਦੀ ਸਾਹਿਬ ਨੇ, ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ, ਉਸ ਬੱਚੀ ਨੂੰ ਵੀ ਨਹੀਂ ਬਖਸ਼ਿਆ, ਉਸ ਬੱਚੀ ਤੇ ਵੀ ਪਰਚਾ ਕਰ ਦਿੱਤਾ, ਜਿਸ ਕਾਰਨ ਉਸ ਨੂੰ ਵੀ ਹੁਣ ਕਾਨੂੰਨੀ ਪ੍ਰਕ੍ਰਿਆ ਅਧੀਨ ਲੰਘਣਾ ਪਵੇਗਾ। ਸੋ, ਇਹ ਹਾਲਾਤ ਦੇਸ਼ ਅੰਦਰ ਬਣੇ ਹੋਏ ਹਨ। ਬਿਹਾਰ ਅੰਦਰ, ਅਸਾਮ ਅੰਦਰ, ਵੈਸਟ ਬੰਗਾਲ ਅੰਦਰ, ਮਹਾਰਾਸ਼ਟਰ ਅਤੇ ਰਾਜਸਥਾਨ ਅੰਦਰ ਕਿੰਨੀ ਵੱਡੀ ਪੱਧਰ ਤੇ ਲੋਕਾਂ ਨੂੰ ਕਸਟੱਡੀ ਵਿੱਚ ਲਿਆ ਗਿਆ ਹੈ। ਬਿਹਾਰ ਅੰਦਰ 694 ਬੱਚਿਆਂ ਨੂੰ ਕਸਟੱਡੀ ਵਿੱਚ ਲਿਆ ਗਿਆ, ਅਸਾਮ ਵਿੱਚ 13 ਵਿਦਿਅਰਥੀਆਂ ਨੂੰ ਕਸਟੱਡੀ ਵਿੱਚ ਲਿਆ ਗਿਆ, ਵੈਸਟ ਬੰਗਾਲ ਅੰਦਰ 16 ਬੰਦਿਆਂ ਨੂੰ ਅਰੈਸਟ ਕੀਤਾ ਗਿਆ ਅਤੇ 70 ਅਨਆਈਡੈਂਟੀਫਾਈਡ ਨੂੰ ਰਾਊਂਡ ਅੱਪ ਕੀਤਾ ਗਿਆ। ਇਹ ਅੰਕੜਾ ਬਹੁਤ ਵੱਡਾ ਹੈ ਅਤੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਭਾਰਤੀ ਜਨਤਾ ਪਾਰਟੀ ਦੇਸ਼ ਦੇ ਸਿੱਖਿਆ ਦੇ ਤੰਤਰ ਨੂੰ ਚੰਦ ਪਰਿਵਾਰਾਂ ਨੂੰ ਸੌਂਪਣਾ ਚਾਹੁੰਦੀ ਹੈ। ਆਪਣੇ ਕਾਰਕੁੰਨਾਂ ਨੂੰ ਸੌਂਪਣਾ ਚਾਹੁੰਦੀ ਹੈ, ਆਪਣੇ ਉਨ੍ਹਾਂ paid ਲੋਕਾਂ ਨੂੰ ਸੌਂਪਣਾ ਚਾਹੁੰਦੀ ਹੈ, ਜਿਹੜੇ ਭਾਰਤੀ ਜਨਤਾ ਪਾਰਟੀ ਲਈ ਕੁਰੱਪਸ਼ਨ ਕਰਦੇ ਹਨ, ਭ੍ਰਿਸ਼ਟਾਚਾਰ ਕਰਦੇ ਹਨ। ਅੱਜ ਪੂਰੇ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਭ੍ਰਿਸ਼ਟਾਚਾਰ ਕਰ ਰਹੀ ਹੈ। ਮੈਂ ਦੇਸ਼ ਦੇ ਬੱਚਿਆਂ ਨੂੰ ਸਲਾਮ ਕਰਦਾ ਹਾਂ, ਸਲੂਟ ਕਰਦਾ ਹਾਂ ਕਿ ਉਨ੍ਹਾਂ ਬੱਚਿਆਂ ਨੇ ਮੋਦੀ ਸਾਹਿਬ ਨੂੰ ਝੁਕਣ ਲਈ ਮਜ਼ਬੂਰ ਕੀਤਾ, ਜਿਹੜੇ ਮੋਦੀ ਸਾਹਿਬ, ਪ੍ਰਧਾਨ ਮੰਤਰੀ ਸਾਹਿਬ, ਆਨਰੇਬਲ ਪ੍ਰਧਾਨ ਮੰਤਰੀ ਸਾਹਿਬ ਕਦੇ ਮਹੀਨਿਆਂ ਵਿੱਚ ਇਕ-ਅੱਧੀ ਵਾਰ ਮਨ ਕੀ ਬਾਤ ਕਰਦੇ ਹੁੰਦੇ ਸੀ, ਅੱਜ ਉਹ ਵੀ ਰੀਲਾਂ ਬਣਾਉਣ ਲੱਗ ਪਏ ਹਨ। ਅੱਜ ਮੋਦੀ ਸਾਹਿਬ ਕਹਿੰਦੇ ਹਨ ਕਿ ਮੈਂ ਰੀਲ ਰਾਹੀਂ ਬੱਚਿਆਂ ਨੂੰ ਸੰਬੋਧਨ ਕਰ ਰਿਹਾ ਹਾਂ। ਮੋਦੀ ਸਾਹਿਬ ਕਹਿ ਰਹੇ ਹਨ ਕਿ ਬੱਚਿਆਂ ਨੇ ਮੰਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਕਿੰਨੇ ਮੈਂਬਰ ਪਾਰਲੀਮੈਂਟ ਹਨ, ਜਿਨ੍ਹਾਂ ਦੇ ਪਾਰਲੀਮੈਂਟ ਦੇ ਅੰਦਰ ਅਤੇ ਪਾਰਲੀਮੈਂਟ ਤੋਂ ਬਾਹਰ ਦੇਸ਼ ਦੇ ਲੋਕਾਂ ਦਾ ਅਪਮਾਨ ਕੀਤਾ ਹੈ। ਦੇਸ਼ ਦੇ ਬੱਚਿਆਂ ਪ੍ਰਤੀ ਮੰਦੀ-ਘਟੀਆ ਸ਼ਬਦਾਵਲੀ ਵਰਤੀ, ਮੈਂ ਮੋਦੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਭਾਰਤੀ ਜਨਤਾ ਪਾਰਟੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਤੁਹਾਡੀ ਪੁਲਿਸ ਨੇ ਤੁਹਾਡੇ ਹੁਕਮਾਂ ਉੱਤੇ, ਦੇਸ਼ ਦੇ ਹੁਕਮਰਾਨ ਦੇ ਹੁਕਮਾਂ ਤੇ ਸਾਡੀਆਂ ਬੱਚੀਆਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ? ਮੰਗ ਕੀ ਹੋ ਰਹੀ ਸੀ? ਸਿੰਪਲ ਮੰਗ ਸੀ ਕਿ ਨੀਟ ਦੇ ਐਗਜ਼ਾਮ ਉੱਤੇ ਇਨਸਾਫ

ਮਿਲਣਾ ਚਾਹੀਦਾ ਹੈ ਲੇਕਿਨ ਮਿਲਿਆ ਕੀ? ਪੈਲੇਟ ਗਨ। ਮਿਲਿਆ ਕੀ? ਏਕੇ 47 ਦੀਆਂ ਗੋਲੀਆਂ। ਮਿਲਿਆ ਕੀ? ਲਾਠੀਚਾਰਜ। ਮਿਲਿਆ ਕੀ? ਬੱਚਿਆਂ ਨੂੰ ਘੜੀਸ ਘੜੀਸ ਕੇ ਥਾਣਿਆਂ ਵਿੱਚ ਬੰਦ ਕੀਤਾ ਗਿਆ। ਸੋ, ਇਹ ਹਾਲਾਤ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਨੇ ਬਣਾਏ ਹੋਏ ਹਨ। ਮੈਂ ਇਕ ਵਾਰ ਫੇਰ ਉਨ੍ਹਾਂ ਬੱਚਿਆਂ ਨੂੰ ਸਲੂਟ ਕਰਦਾ ਹਾਂ, ਜਿਹੜੇ ਬੱਚਿਆਂ ਨੇ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੂੰ ਝੁਕਣ ਲਈ ਮਜ਼ਬੂਰ ਕੀਤਾ ਹੈ। ਨਹੀਂ ਤਾਂ ਇਹ ਲੋਕ ਗੱਲ ਹੀ ਨਹੀਂ ਸੁਣਦੇ ਸਨ। ਅੱਜ ਮੋਦੀ ਸਾਹਿਬ ਵਾਰ ਵਾਰ ਵੀਡੀਓ ਬਣਾ ਕੇ ਆ ਰਹੇ ਹਨ। ਅੱਜ ਸ਼ੋਸ਼ਲ ਮੀਡੀਆ ਦੇ ਪਲੇਟਫਾਰਮ ਨੂੰ ਯੂਜ਼ ਕਰ ਰਹੇ ਹਨ। ਅੱਜ ਆਪਣੇ ਮੰਤਰੀਆਂ ਨੂੰ ਕਹਿ ਰਹੇ ਹਨ ਕਿ ਸਾਰੇ ਰੀਲਾਂ ਬਣਾ ਕੇ ਪਾਓ। ਇਸ ਤੋਂ ਪਤਾ ਲਗਦਾ ਹੈ ਕਿ ਸਾਡੇ ਬੱਚਿਆਂ ਦੀ ਤਾਕਤ ਕੀ ਹੈ। ਉਨ੍ਹਾਂ ਵਿੱਚ ਕਿੰਨੀ ਵੱਡੀ ਤਾਕਤ ਹੈ ਕਿ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਝੁਕਣ ਲਈ ਮਜ਼ਬੂਰ ਕੀਤਾ। ਮੈਂ ਸਦਨ ਅੰਦਰ ਇਹ ਮੰਗ ਕਰਦਾ ਹਾਂ ਕਿ ਇਸ ਮਾਮਲੇ ਤੇ ਲਗਾਤਾਰ ਚਰਚਾ ਕਰਵਾ ਕੇ ਇਹ ਮਤਾ ਪਾ ਕੇ ਸੈਂਟਰ ਸਰਕਾਰ ਨੂੰ ਭੇਜਿਆ ਜਾਵੇ ਤਾਂ ਕਿ ਸਾਡੇ ਬੱਚਿਆਂ ਦੇ ਜਖ਼ਮ ਲੱਗੇ ਹਨ, ਉਨ੍ਹਾਂ ਤੇ ਅੱਤਿਆਚਾਰ ਹੋਇਆ ਹੈ, ਉਸ ਤੇ ਆਪਾਂ ਥੋੜ੍ਹੀ-ਬਹੁਤ ਮੱਲ੍ਹਮ ਲਗਾਉਣ ਦਾ ਯਤਨ ਕਰੀਏ। ਨਹੀਂ ਤਾਂ ਜੇਕਰ ਇਸ ਤਰ੍ਹਾਂ ਦੀਆਂ ਸਰਕਾਰਾਂ ਦੇਸ਼ ਵਿੱਚ ਆਉਂਦੀਆਂ ਰਹਿਣਗੀਆਂ ਤਾਂ ਸਾਡੇ ਬੱਚਿਆਂ ਦਾ ਵਿਸ਼ਵਾਸ ਦੇਸ਼ ਵਿਚੋਂ ਖ਼ਤਮ ਹੋ ਜਾਵੇਗਾ, ਟੁੱਟ ਜਾਵੇਗਾ। ਜੇਕਰ ਮੈਂ ਪੰਜਾਬ ਦੀ ਗੱਲ ਕਰਾਂ, ਪੰਜਾਬ ਵਿੱਚ ਪਿਛਲੇ 15 ਸਾਲ ਜਿਹੜੀਆਂ ਸਰਕਾਰਾਂ ਰਹੀਆਂ ਹਨ, ਉਨ੍ਹਾਂ ਦੌਰਾਨ ਬੱਚਿਆਂ ਨੂੰ ਇਕ ਵੀ ਨੌਕਰੀ ਨਹੀਂ ਮਿਲੀ। ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ, ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਲਗਭਗ 70,000 ਬੱਚਿਆਂ ਨੂੰ ਮੈਰਿਟ ਦੇ ਅਧਾਰ ਤੇ, ਮੁਕਾਬਲੇ ਦੇ ਇਮਤਿਹਾਨਾਂ ਰਾਹੀਂ ਪੰਜਾਬ ਸਰਕਾਰ ਵਿੱਚ ਨੌਕਰੀ ਮਿਲੀ ਹੈ।

**1345/Karamjit kaur**

ਇਸੇ ਤਰ੍ਹਾਂ ਜਿੰਨੀਆਂ ਵੀ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜ ਹਨ, ਉਨ੍ਹਾਂ ਦੇ ਅੰਦਰ ਮੈਰਿਟ ਦੇ ਅਧਾਰ ਉੱਤੇ ਬੱਚਿਆਂ ਨੂੰ ਐਡਮਿਸ਼ਨ ਮਿਲੀ ਹੈ। ਮੈਂ ਹੋਰ ਦੱਸਣਾ ਚਾਹੁੰਦਾ ਹਾਂ, ਸ਼ਾਇਦ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਪੂਰਾ ਅੰਕੜਾ ਦੇ ਦੇਣ। ਅੱਜ ਸਾਰੀਆਂ ਹੀ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅੰਦਰ ਵਿਦਿਆਰਥੀਆਂ ਦੀਆਂ ਸੀਟਾਂ ਪੂਰੀ ਤਰ੍ਹਾਂ ਭਰੀਆਂ ਹੋਈਆਂ ਹਨ। ਕੋਈ ਵੀ ਸੀਟ ਖਾਲੀ ਨਹੀਂ ਹੈ। ਨਹੀਂ ਤਾਂ ਜਿਹੜੇ ਸਾਡੇ ਕਾਂਗਰਸ ਪਾਰਟੀ ਵਾਲੇ ਸਾਥੀ ਚਲੇ ਗਏ ਹਨ, ਇਨ੍ਹਾਂ ਦੇ ਸਮੇਂ ਆਪਾਂ ਅਤੇ ਸਪੀਕਰ ਸਾਹਿਬ ਤੁਸੀਂ ਵੀ ਮੰਗ ਉਠਾਉਂਦੇ ਹੁੰਦੇ ਸੀ, ਇਨ੍ਹਾਂ ਨੇ ਤਾਂ ਦਲਿਤ ਵਿਦਿਆਰਥੀਆਂ ਦਾ ਵਜ਼ੀਫਾ ਹੀ ਖਾ ਲਿਆ ਹੈ। ਲਗਭੱਗ ਤਿੰਨ ਲੱਖ ਵਿਦਿਆਰਥੀਆਂ ਦਾ ਐਸ.ਸੀ. ਸਕਾਲਰਸ਼ਿਪ ਇਨ੍ਹਾਂ ਲੋਕਾਂ ਨੇ ਖਾ ਲਿਆ ਸੀ। ਉਹ ਵੀ ਆਪਾਂ ਆ ਕੇ ਬੱਚਿਆਂ ਨੂੰ ਦਿੱਤਾ, ਜਦੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਮੁੱਖ ਮੰਤਰੀ ਬਣੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਆਈ, ਉਨ੍ਹਾਂ ਬੱਚਿਆਂ ਨੂੰ ਅਸੀਂ ਸਕਾਲਰਸ਼ਿਪ ਵੀ ਦਿੱਤਾ। ਉਸ ਸਕਾਲਰਸ਼ਿਪ ਦੀ ਬਦੌਲਤ ਅੱਜ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ, ਖਾਸ ਕਰਕੇ ਦਲਿਤ ਸਮਾਜ ਦੇ ਬੱਚਿਆਂ ਦੀ ਗਿਣਤੀ ਵਧੀ ਹੈ, ਅੱਜ ਸਾਢੇ ਤਿੰਨ ਲੱਖ ਤੋਂ ਵੱਧ ਸਰਕਾਰੀ ਤੇ ਗੈਰ ਸਰਕਾਰੀ ਕਾਲਜਾਂ ਦੇ ਅੰਦਰ ਬੱਚੇ ਪੜ੍ਹ ਰਹੇ ਹਨ। ਸੋ ਬਹੁਤ ਬਹੁਤ ਸ਼ੁਕਰੀਆ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ**: ਵੈਸੇ 'GEN-ਜੀ' ਨੂੰ ਸਲਾਮ। (ਥੰਪਿੰਗ) ਉਨ੍ਹਾਂ ਨੇ ਜਿਹੜਾ ਬੰਦਾ ਹਵਾ ਵਿੱਚ ਹੀ ਉੱਡਿਆ ਫਿਰਦਾ ਸੀ, ਉਸ ਨੂੰ ਇੰਸਟਾਗ੍ਰਾਮ ਤੇ ਲੈ ਆਉਂਦਾ। ਸੋ, ਫਰੈਂਡਜ, ਜੇ ਕਿਤੇ ਸਾਡੇ ਆਪੋਜੀਸ਼ਨ ਬੈਂਚਿਜ ਵਾਲੇ ਫਰੈਂਡਜ ਹੁਣ ਇੱਥੇ ਹੁੰਦੇ ਤਾਂ ਤੁਹਾਡੇ ਤੋਂ ਬਾਅਦ ਹੁਣ ਉਨ੍ਹਾਂ ਨੇ ਬੋਲਣਾ ਸੀ। ਇਹ ਉਹ ਹੀ ਮੁੱਦਾ ਹੈ, ਜਿਸ ਦੇ ਉੱਤੇ ਉਹ ਵਾਕ-ਆਊਟ ਕਰਕੇ ਗਏ ਹਨ। ਮੈਂ ਹੁਣ ਮੇਰੇ ਫਰੈਂਡਜ, ਸਰਦਾਰ ਹਰਜੋਤ ਸਿੰਘ ਬੈਂਸ ਜੀ ਨੂੰ ਬੋਲਣ ਲਈ ਬੇਨਤੀ ਕਰਦਾ ਹਾਂ। ਇੰਸਟਾਗ੍ਰਾਮ ਦੀ ਰੀਲ ਵੀ ਇੱਕ ਬਣਾ ਲੈਣਾ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਥੈਂਕ ਯੂ, ਮਾਣਯੋਗ ਸਪੀਕਰ ਸਾਹਿਬ। ਜਿਵੇਂ ਤੁਸੀਂ ਆਖਿਆ, ਬਹੁਤ ਚੰਗਾ ਲੱਗਦਾ ਹੈ ਕਿ ਜਿਵੇਂ ਤੁਸੀਂ ਕਦੇ ਕਿਸੇ ਤੇ ਸਵਾਲ ਚੁੱਕਦੇ ਹੋ, ਮੈਂ ਦੱਸਣਾ ਚਾਹੁੰਦਾ ਹਾਂ ਮੈਂ ਕਾਨੂੰਨ ਦਾ ਵਿਦਿਆਰਥੀ ਰਿਹਾ ਹਾਂ। ਸਰ, ਇਹ ਯੂਨੀਵਰਸਲ ਪ੍ਰਿੰਸੀਪਲ ਆਫ ਨੈਚੁਰਲ ਜਸਟਿਸ ਹੈ ਕਿ ਕਿਸੇ ਨੂੰ ਵੀ ਕੋਈ ਵੀ ਸਜ਼ਾ ਦੇਣ ਤੋਂ ਪਹਿਲਾਂ, ਮਾੜੇ ਤੋਂ ਮਾੜੇ ਮੁਲਕ ਵਿੱਚ ਵੀ ਸਬੰਧਤ ਦੀ ਦਲੀਲ ਸੁਣੀ ਜਾਂਦੀ ਹੈ, ਕਿਸੇ ਤੇ ਸਵਾਲ ਚੁੱਕਣਾ ਬਹੁਤ ਸੌਖਾ ਹੈ। ਮੈਂ ਜਵਾਬ ਦੇਣ ਲਈ ਖੜ੍ਹਾ ਸੀ, ਉਦੋਂ ਵੀ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਰੁਕੋ, but they are not here. ਕੋਈ ਗੱਲ ਨਹੀਂ, ਮੈਨੂੰ ਪਤਾ ਹੈ ਕਿ ਉਹ ਇਸ ਸਮੇਂ ਮੋਬਾਈਲਾਂ ਤੇ ਲਾਈਵ ਸੈਸ਼ਨ ਨੂੰ ਸੁਣ ਰਹੇ ਹੋਣਗੇ, ਉਹ ਲਾਈਵ ਸੁਣੀ ਜਾਣ ਜੀ। ਸਰ, ਜਿਹੜਾ ਮਤਾ ਮੇਰੇ ਵੱਡੇ ਵੀਰ ਸਰਦਾਰ ਹਰਪਾਲ ਸਿੰਘ ਚੀਮਾ ਜੀ ਲੈ ਕੇ ਆਏ ਹਨ, ਮੈਂ ਉਸ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਸਰ, ਆਪਾਂ 'GEN-Z' ਪ੍ਰੋਟੈਸਟ ਸਬੰਧੀ ਗੱਲ ਕਰ ਰਹੇ ਹਾਂ। ਜਿਹੜੀ ਕਾਕਰੋਚ ਜਨਤਾ ਪਾਰਟੀ ਹੈ.. (ਇਸ ਸਮੇਂ ਫੋਨ ਕਾਲ ਵਾਈਬਰੇਸ਼ਨ ਦੀ ਅਵਾਜ ਆ ਰਹੀ ਸੀ।)

**ਮਾਣਯੋਗ ਸਪੀਕਰ**: ਮੰਤਰੀ ਜੀ, ਆਪਣਾ ਫੋਨ ਬੰਦ ਕਰ ਲਵੋ।

**ਸਿੱਖਿਆ ਮੰਤਰੀ**: (ਆਪਣਾ ਫੋਨ ਬੰਦ ਕਰਕੇ ਪਿੱਛੇ ਰੱਖਦੇ ਹੋਏ) ਸਰ, ਕਾਕਰੋਚ ਜਨਤਾ ਪਾਰਟੀ ਵੱਲੋਂ ਇੱਕ ਮੂਵਮੈਂਟ ਚਲਾਈ ਗਈ। ਸਰ, ਆਪਾਂ ਇਸ ਤੇ ਡਿਸਕਸ ਕਰ ਰਹੇ ਹਾਂ ਕਿ ਉੱਥੇ ਪ੍ਰੋਟੈਸਟ ਦੌਰਾਨ ਜੋ brutality ਹੋਈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਸ ਹਾਊਸ ਵਿੱਚ ਇਕਲੌਤਾ ਸਖ਼ਸ਼ ਹਾਂ, ਜੋ ਇਸ ਦਾ eye witness account ਹੈ। ਸਰ, ਮੈਂ ਇਸ ਹਾਊਸ ਦਾ ਵੀ ਇਕਲੌਤਾ ਸਖ਼ਸ਼ ਹਾਂ ਅਤੇ ਪੂਰੇ ਦੇਸ਼ ਦਾ ਇਕਲੌਤਾ ਸਿੱਖਿਆ ਮੰਤਰੀ ਹਾਂ, ਜਿਹੜਾ ਉੱਥੇ ਮੌਕੇ ਤੇ ਗਿਆ ਸੀ। ਮੈਂ ਕਿਉਂ ਗਿਆ ਸੀ? ਮੈਂ ਉੱਥੇ ਜਾ ਕੇ ਕੋਈ ਸਟੇਜ ਤੇ ਨਹੀਂ ਬੋਲਿਆ। ਮੈਂ ਬੱਚਿਆਂ ਦੇ ਵਿੱਚ ਬੈਠਾ ਸੀ, ਮੈਂ ਬੱਚਿਆਂ ਦੇ ਵਿੱਚ ਹੀ ਰਿਹਾ। ਜਦੋਂ ਲਾਠੀਆਂ ਚਲਦੀਆਂ ਸੀ, ਮੈਂ ਉਦੋਂ ਵੀ ਉਨ੍ਹਾਂ ਬੱਚਿਆਂ ਦੇ ਨਾਲ ਰਿਹਾ ਹਾਂ। ਕਿਉਂ ਸਰ? ਸਰ, ਮੈਂ ਉਦੋਂ ਵੀ ਕਿਹਾ ਸੀ ਕਿ it is not about politics, it is about Policy. ਸਰ, ਬਹੁਤ ਤਿਆਰੀ ਨਾਲ ਬੱਚੇ ਡਾਕਟਰ ਬਣਨ ਦੇ ਸੁਪਨੇ ਦੇਖਦੇ ਹਨ। ਇਸ ਐਗਜ਼ਾਮ ਲਈ ਬੱਚੇ ਦਿਨ ਵਿੱਚ 18-18 ਘੰਟੇ ਲਈ ਪੜ੍ਹਦੇ ਹਨ। ਪ੍ਰੰਤੂ ਕਿਵੇਂ ਮੈਰਿਟ ਖ਼ਤਮ ਹੋ ਜਾਂਦੀ ਹੈ? ਉਹ ਵੀ ਉਸ ਇਮਤਿਹਾਨ ਵਿੱਚ ਜਿਹੜਾ ਦੇਸ਼ ਦਾ ਸਭ ਤੋਂ ਵੱਡਾ ਇਮਤਿਹਾਨ ਹੈ, ਉਸ ਵਿੱਚ ਘੱਟੋ ਘੱਟ 23 ਲੱਖ ਬੱਚੇ ਹਰ ਸਾਲ ਬੈਠਦੇ ਹਨ। ਉਸ ਤੋਂ ਬਾਅਦ ਉਨ੍ਹਾਂ ਨੇ ਡਾਕਟਰਜ਼ ਬਣਨਾ ਹੈ। ਸਰ, ਮਾਪੇ ਨੀਟ ਐਗਜ਼ਾਮ ਪਾਸ ਕਰਨ ਲਈ 3-3, 4-4 ਸਾਲਾਂ ਲਈ ਤਿਆਰੀ ਕਰਵਾਉਂਦੇ ਹਨ। ਇਹ ਹੋਇਆ ਵੀ ਕਿਵੇਂ ਹੈ ਕਿ ਜਿਹੜੇ ਨੀਟ ਦਾ ਇਮਤਿਹਾਨ ਲੈਣ ਵਾਲੇ ਹਨ, ਉਥੋਂ ਹੀ ਪੇਪਰ ਲੀਕ ਹੋ ਗਿਆ। ਸਰ, ਇਹ ਇੰਨਾ ਸੀਰੀਅਸ ਇਸ਼ੂ ਸੀ। ਪਿੱਛੇ ਇੱਕ ਨਵੇਂ

ਨਵੇਂ ਐਮ.ਪੀ., ਜਿਹੜੇ ਕਹਿੰਦੇ ਹਨ ਕਿ ਅਸੀਂ ਪ੍ਰਾਬਲਮ ਸੌਲਵ ਕਰਾਂਗੇ, ਉਨ੍ਹਾਂ ਨੇ ਬਿਆਨ ਦਿੱਤਾ, ਕਹਿੰਦੇ ਕਿ ਗਾਰਡੀਅਨ ਏਂਜਲ ਬਣ ਕੇ ਸਾਰਾ ਕੁੱਝ ਠੀਕ ਕਰ ਦਿੱਤਾ। ਸਰ, ਉਨ੍ਹਾਂ ਨੇ ਗਾਰਡੀਅਨ ਏਂਜਲ ਬਣ ਕੇ ਸਾਰਾ ਕੁੱਝ ਠੀਕ ਨਹੀਂ ਕੀਤਾ। ਜਦੋਂ ਗਰਦਨ ਤੇ ਆ ਗਈ, ਉਦੋਂ ਠੀਕ ਕੀਤਾ ਹੈ। ਇਸ ਵਕਤ ਵੀ ਇਹ 'GEN-Z' ਦੀ ਮੂਵਮੈਂਟ ਹੈ ਕਿ ਦੇਸ਼ ਦੀ, ਦੁਨੀਆਂ ਦੀ ਜਿਹੜੀ ਸਭ ਤੋਂ ਵੱਡੀ ਪਾਰਟੀ ਕਲੇਮ ਕਰਦੀ ਹੈ, ਉਸ ਦੇ ਰਾਸ਼ਟੀਰਯ ਅਧਯਕ਼ਸ ਦੀ ਜਿਹੜੀ ਸੀਟ ਹੈ, ਜਿੱਥੋਂ ਇਹ ਬਿਆਨ ਦਿੰਦੇ ਸੀ ਜੇ ਅਸੀਂ ਇੱਥੋਂ ਕੋਈ ਕੁੱਤਾ ਬਿੱਲਾ ਵੀ ਖੜ੍ਹਾ ਕਰ ਦਿਆਂਗੇ, ਉਹ ਵੀ ਜਿੱਤ ਜਾਵੇਗਾ, ਇਹ ਉਹ ਸੀਟ ਹਾਰ ਗਏ। ਸਰ, ਇਹ 'GEN-Z' ਦੀ ਪਾਵਰ ਹੈ। ਅੱਜ ਮੈਂ ਜਦੋਂ ਖੜ੍ਹਾ ਹੋ ਰਿਹਾ ਹਾਂ, ਮੈਂ 'GEN-Z' ਦੇ ਖਿਲਾਫ ਕੋਈ ਗਲਤ ਅਲਫਾਜ਼ ਨਹੀਂ ਯੂਜ ਕਰਾਂਗਾ। ਸਰ, ਦੇਸ਼ ਦੇ ਯੁਵਾ ਜੰਤਰ ਮੰਤਰ ਤੇ ਕਿਉਂ ਗਏ ਸੀ? ਮੈਂ ਉੱਥੇ ਸੀ। ਗੁਜਰਾਤ, ਮੱਧ ਪ੍ਰਦੇਸ਼, ਬਿਹਾਰ ਤੇ ਪੰਜਾਬ ਤੋਂ ਬੱਚੇ bag pack ਲੈ ਕੇ, ਭਾਵ ਜਿਹੜੇ ਉਨ੍ਹਾਂ ਕੋਲ ਕੱਪੜੇ ਸੀ, ਉਨ੍ਹਾਂ ਕੱਪੜਿਆਂ ਵਿੱਚ ਹੀ ਉਹ ਉੱਥੇ ਆ ਗਏ। ਸਰ, ਮੇਰੇ ਕੋਲ ਫੋਟੋਜ ਹਨ, ਮੈਂ ਬੱਚਿਆਂ ਨੂੰ ਫੁੱਟਪਾਥ ਤੇ ਸੁੱਤੇ ਦੇਖਿਆ ਹੈ। ਸਰ, ਉੱਥੇ ਬਹੁਤ ਗਰਮੀ ਸੀ। ਜਿਹੜੇ ਬੱਚੇ ਆਪਣੇ ਘਰਾਂ ਵਿੱਚ ਏ.ਸੀ. ਵਿੱਚ ਸੌਂਦੇ ਹਨ, ਉਹ ਫੁੱਟਪਾਥ ਤੇ ਸੌਂਦੇ ਰਹੇ। ਸਰ, ਉਹ ਉੱਥੇ ਦੇਸ਼ ਦੇ ਖਿਲਾਫ ਨਹੀਂ ਗਏ ਸੀ।

**1350/harpreet singh**

They went to Jantar Mantar not against India, they went to Jantar Mantar for India. ਉਹ ਦੇਸ਼ ਦੇ ਲਈ ਗਏ ਸੀ ਪਰ ਸਾਡੇ ਇੱਥੇ ਰੀਤ ਬਣ ਗਈ ਹੈ ਕਿ ਜਿਹੜਾ ਵੀ ਅਵਾਜ਼ ਚੁੱਕਾ ਹੈ, ਉਸ ਨੂੰ ਕਹਿੰਦੇ ਹਨ ਕਿ ਇਹ ਐਂਟੀ ਨੈਸ਼ਨਲ ਹੈ। ਇਹ ਦੇਸ਼ ਵਿਰੋਧੀ ਹੈ। ਪਰ ਬੱਚਿਆਂ ਨੇ ਸਾਬਤ ਕਰ ਦਿੱਤਾ। ਮੈਂ ਕਹਾਂਗਾ ਕਿ ਹਰ ਦੇਸ਼ ਦੇ ਇਤਿਹਾਸ ਵਿਚ ਕੋਈ ਅਜਿਹਾ ਮੌਕਾ ਆਉਂਦਾ ਹੈ ਜਿੱਥੇ ਉਹ ਦੇਸ਼ ਜਾਂ ਤਾਂ ਬਹੁਤ ਅੱਗੇ ਨਿਕਲ ਜਾਂਦਾ ਹੈ ਜਾਂ ਫਿਰ ਇਕ ਆਮ ਦੇਸ਼ ਵਾਂਗ ਪਿੱਛੇ ਰਹਿ ਜਾਂਦਾ ਹੈ। ਅਮਰੀਕਾ ਵਿਚ ਇਹ ਮੌਕਾ 1880 ਵਿਚ ਆਇਆ ਸੀ, ਜਦੋਂ ਅਮਰੀਕਾ ਨੇ ਫੈਸਲਾ ਕੀਤਾ ਕਿ ਉਹ ਆਪਣੀ ਐਜੂਕੇਸ਼ਨ ਨੂੰ ਫਿਕਸ ਕਰਨਗੇ। ਚੀਨ ਦੇ ਵਿਚ ਇਹ ਮੌਕਾ 1960 ਵਿਚ ਆਇਆ ਜਦੋਂ ਚੀਨ ਨੇ ਫੈਸਲਾ ਕੀਤਾ ਕਿ ਅਸੀਂ ਆਪਣੀ ਐਜੂਕੇਸ਼ਨ ਨੂੰ ਫਿਕਸ ਕਰਾਂਗੇ। ਸਿੰਘਾਪੁਰ ਦੇ ਵਿਚ ਇਹ ਮੌਕਾ 1970 ਵਿਚ ਆਇਆ ਜਦੋਂ ਉਸ ਨੇ ਫੈਸਲਾ ਕੀਤਾ। ਸਪੀਕਰ ਸਾਹਿਬ, ਇਹ ਕੇਵਲ ਚੀਟਿੰਗ ਜਾਂ ਪੇਪਰ ਲੀਕ ਦਾ ਮਸਲਾ ਨਹੀਂ ਹੈ। ਸਗੋਂ ਅੱਜ ਲੋੜ ਹੈ We have got an opportunity ਕਿ ਆਪਾਂ ਇਕ ਐਜੁਕੇਸ਼ਨ ਕਮਿਸ਼ਨ ਬਣਾਈਏ। ਸਪੀਕਰ ਸਾਹਿਬ ਕੰਮ ਕੇਵਲ ਫਰੇਮ ਵਰਕ ਬਣਾਉਣ ਨਾਲ ਨਹੀਂ ਹੋਣਾ। ਦੁਨੀਆ ਕਿੱਥੇ ਚਲੀ ਗਈ। ਚੀਨ ਆਪਣੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਵਿਗਿਆਨ ਪੜ੍ਹਾ ਰਿਹਾ ਹੈ। ਕੋਰੀਆ ਵਿਚ ਪੰਜਵੀਂ ਕਲਾਸ ਦੇ ਬੱਚੇ ਚਿਪਸ ਬਣਾ ਰਹੇ ਹਨ। In USA there are Alpha schools. ਸਪੀਕਰ ਸਾਹਿਬ, ਚੀਨ ਵਿਚ ਡਾਰਕ ਫੈਕਟਰੀਆਂ ਹਨ, ਇਸ ਦਾ ਮਤਬਲ ਰੋਬਰਟ ਪ੍ਰੋਡਕਸ਼ਨ ਕਰ ਰਹੇ ਹਨ। ਅਸੀਂ ਆਪਣੀ 6 ਟ੍ਰਿਲੀਅਨ,5 ਟ੍ਰਿਲੀਅਨ ਇਕਨਾਮੀ ਤੇ ਖੁਸ਼ ਹੋ ਰਹੇ ਹਾਂ। ਅਸੀਂ ਸਿਰਫ਼ ਕਨਜ਼ਿਊਮ ਕਰ ਰਹੇ ਹਾਂ, ਅਸੀਂ ਪ੍ਰੋਡਿਊਸ ਨਹੀਂ ਕਰ ਰਹੇ। ਚੀਨ ਰੋਬਰਟਸ ਬਣਾ ਰਿਹਾ ਹੈ, ਨਾ ਉਨ੍ਹਾਂ ਨੂੰ ਗਰਮੀ ਲਗਦੀ ਹੈ, ਨਾ ਸਰਦੀ ਲਗਦੀ ਹੈ ਅਤੇ ਨਾ ਉਨ੍ਹਾਂ ਨੂੰ ਲਾਈਟ ਦੀ ਲੋੜ ਹੈ। ਅੱਜ ਸਾਰੇ ਸਟੇਕ ਹੋਲਡਰਜ਼, ਹਰ ਪਾਰਟੀ ਦੇ ਟਾਪ ਲੀਡਰਜ਼ ਸਾਰੇ ਦੇਸ਼ ਨੂੰ ਇਕੱਠੇ ਹੋ ਕੇ ਬਹਿਣਾ ਪੈਣਾ ਹੈ। ਇਹ ਇਕ ਮੌਕਾ ਹੈ Gen Z ਖੜਾ ਹੋਇਆ ਹੈ। We have to match their vibes. We have to

match their aspirations. ਉਹ ਕੀ ਚਾਹੁੰਦੇ ਹਨ? ਉਹ ਅਸਲ ਵਿਚ ਚਾਹੁੰਦੇ ਹਨ ਕਿ India should become a super Power. ਜਾਅਲੀ ਪ੍ਰਾਪੇਗੰਡਾ ਨਾਲ ਵਿਕਸਤ ਭਾਰਤ ਨਹੀਂ ਬਣਨਾ। ਅਸੀਂ ਧੁਰੰਦਰ ਵੇਖ ਕੇ ਖੁਸ਼ ਹੋ ਰਹੇ ਹਾਂ। Where we stand? As a Country we are proud ਕਿ ਅਸੀਂ ਅਸੀਂ ਬ੍ਰਹਮੋਜ਼ ਬਣਾ ਲਈ ਹੈ। ਸਾਨੂੰ ਮਾਣ ਹੈ ਕਿ ਅਸੀਂ ਚੰਨ ਤੇ ਪਹੁੰਚ ਗਏ ਹਾਂ। ਸਾਨੂੰ ਮਾਣ ਹੈ ਕਿ ਅਸੀਂ ਤੇਜਸ ਬਣਾ ਲਿਆ ਹੈ ਪਰ ਕੁੱਝ ਗੰਭੀਰ ਸਵਾਲ ਪੁੱਛਣੇ ਚਾਹੀਦੇ ਹਨ। ਸਾਡਾ ਕਮਿਉਨੀਕੇਸ਼ਨ ਨੈਟਵਰਕ ਕੀ ਹੈ। Total Communication network is in foreign hands. ਚਾਹੇ ਐਂਡਰਾਇਡ ਫੋਨ ਹੋਵੇ, ਚਾਹੇ ਐਪਲ ਜਦੋਂ ਜੀਮੇਲ ਆਈ.ਡੀ. ਪਾਵਾਂਗੇ ਤਾਂ ਚੱਲਣਗੇ। ਇਹ ਉਨ੍ਹਾਂ ਦੇ ਹੱਥ ਵਿਚ ਹੈ। Our communication, our whatsapp, our entertainment, everything is in their hand. ਅਸੀਂ ਕੀ ਸੋਚਣਾ ਹੈ, ਸਾਡੇ ਬੱਚੇ ਕੀ ਵੇਖ ਰਹੇ ਹਨ, ਉਹ ਉਨ੍ਹਾਂ ਦੇ ਹੱਥ ਵਿਚ ਹੈ। ਸਰ, ਅਸੀਂ ਫਾਈਟਰ ਪਲੇਨ ਬਣਾ ਲਿਆ ਪਰ ਚਾਲੀ ਸਾਲ ਤੱਕ ਅਸੀਂ ਉਸਦਾ ਇੰਜਣ ਨਹੀਂ ਬਣਾ ਸਕੇ। ਸਾਡਾ ਨੈਵੀਗੇਸ਼ਨ ਜੀ.ਪੀ.ਐਸ. ਉਨ੍ਹਾਂ ਦੇ ਹੱਥ ਵਿਚ ਹੈ। ਸਾਡਾ ਨੈਵਿਕ ਸਿਸਟਮ ਫੇਲ ਹੈ। ਸਾਡਾ ਟੋਟਲ ਮੈਡੀਕਲ ਇਕਇਪਮੈਂਟ ਜਿਵੇਂ ਐਮ.ਆਰ.ਆਈ., ਐਕਸਰੇ ਆਦਿ ਸਾਰਾ ਬਾਹਰੋਂ ਆਉਂਦਾ ਹੈ। Where we stand as country. ਜ਼ੈਨ ਜੀ ਇਹੀ ਪੁੱਛ ਰਿਹਾ ਹੈ। They are for this country, they are not against this country. We love this country, we want that India should become a super power. ਸਪੀਕਰ ਸਾਹਿਬ, ਉਨ੍ਹਾਂ ਨੇ ਰਾਸ਼ਟਰੀ ਸਿੱਖਿਆ ਨੀਤੀ ਬਣਾ ਦਿੱਤੀ। ਕੇਵਲ ਇਕੋ ਏਜੰਡਾ ਸੀ ਉਹ ਸੀ ਪ੍ਰਾਪੇਗੰਡਾ। ਤੁਸੀਂ ਸਾਨੂੰ ਮੁਗਲ ਹਿਸਟਰੀ ਨਾ ਪੜ੍ਹਾਓ, ਅਸੀਂ ਤਾਂ ਭਵਿੱਖ ਦੀ ਗੱਲ ਕਰ ਰਹੇ ਹਾਂ। We want to rule the world. ਇਸ ਕਰਕੇ ਹਰਜੋਤ ਬੈਂਸ ਉੱਥੇ ਗਿਆ ਸੀ। ਮੈਂ ਰਾਜਨੀਤੀ ਇਸੇ ਕਰਕੇ ਜੁਆਇਨ ਕੀਤੀ ਸੀ। ਅੱਜ E-20 ਬਿਨਾ ਕਿਸੇ ਤਿਆਰੀ ਦੇ ਲਾਂਚ ਕਰ ਦਿੱਤਾ। ਅੱਜ ਲੋਕ ਪ੍ਰੇਸ਼ਾਨ ਹਨ। ਦੇਸ਼ ਦਾ ਹਰ ਬੰਦਾ ਪ੍ਰੇਸ਼ਾਨ ਹੈ। ਜਦੋਂ ਤੁਸੀਂ ਕੋਈ ਫੈਸਲਾ ਲੈਣਾ ਹੈ ਤਾਂ ਪਹਿਲਾਂ ਉਸ ਤੇ Work on it, research on it. ਉੱਥੇ ਜਾ ਕੇ ਹੋਇਆ ਕੀ, ਬੱਚਿਆਂ ਨੂੰ ਪੈਲਟ ਗੰਨਜ਼ ਨਾਲ ਮਾਰਿਆ ਗਿਆ। Sir, Students of India don't deserve Pallet Guns. They deserve Planning, Policy and Positivity. ਫਿਰ ਦੇਖਿਓ ਦੇਸ਼ ਕਿਵੇਂ ਤਰੱਕੀ ਕਰਦਾ ਹੈ। ਫਿਰ ਬਣੇਗਾ ਵਿਕਸਤ ਭਾਰਤ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਪੰਜਾਬ ਤੇ ਆਵਾਂ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਮੈਂ ਸਾਰੇ ਬੱਚਿਆਂ ਨੂੰ ਮੁਆਫ਼ ਕਰ ਦਿੱਤਾ, ਸਾਰਿਆਂ ਨੂੰ ਉਨ੍ਹਾਂ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ। Sir, As Government we are service provider, we are just like any other service provider and the Residents of India is like a customer. ਐਨ.ਟੀ.ਏ. ਨੇ ਐਗਜ਼ਾਮ ਲਿਆ ਤੇ ਉਹ ਲੀਕ ਹੋ ਗਿਆ। ਬੱਚਿਆਂ ਦਾ ਕੈਰੀਅਰ ਤਬਾਹ ਹੋ ਗਿਆ। ਜਦੋਂ ਗ੍ਰਾਹਕ ਨੂੰ ਸਰਵਿਸ ਨਹੀਂ ਮਿਲਦੀ ਤਾਂ ਉਹ ਤਾਂ ਗਾਲ੍ਹਾਂ ਕੱਢੇਗਾ। ਹੋ ਸਕਦਾ ਹੈ ਕਿ ਤੁਹਾਨੂੰ ਕੁੱਟਣ ਤੱਕ ਵੀ ਜਾਵੇ। ਸੋ, ਇਸ ਕਰਕੇ ਇਹ ਉਨ੍ਹਾਂ ਨੂੰ ਮੁਆਫ਼ ਕਰਨ ਦਾ ਸਮਾਂ ਨਹੀਂ ਹੈ, ਇਹ ਉਨ੍ਹਾਂ ਤੋਂ ਮੁਆਫ਼ੀ ਮੰਗਣ ਦਾ ਸਮਾਂ ਹੈ।

**1355/amandeep kaur**

because you failed at your service. ਮੈਂ ਚਾਹੁੰਦਾ ਹਾਂ ਕਿ ਇਹ ਰਿਕਾਰਡ ਤੇ ਆਵੇ। ਮੈਂ ਪੰਜਾਬ ਦੀ ਗੱਲ ਕਰਦਾ ਹਾਂ। ਸਾਡੇ ਰਾਜ ਚਲੇ ਗਏ ਕਿਉਂਕਿ ਅਸੀਂ ਇੱਕ ਦੂਜੇ ਨਾਲ ਹੀ ਲੜਦੇ ਰਹੇ। ਅਸੀਂ ਆਪਣੇ ਰਾਜ ਗਵਾ ਲਏ ਹਨ। ਸਾਊਥ

ਦੀਆਂ cities ਵਿੱਚ ਬਹੁਤ ਸਾਰੇ ਪੁਲੀਟੀਕਲ issues ਹਨ ਪਰ ਜਦੋਂ ਉਨ੍ਹਾਂ ਦੀ ਸਟੇਟ ਤੇ ਗੱਲ ਆਉਂਦੀ ਹੈ ਤਾਂ ਉਹ ਸਾਰੇ ਇੱਕਠੇ ਹੁੰਦੇ ਹਨ। ਇੱਥੇ ਅੱਜ ਪੰਜਾਬ ਦੇ ਉੱਤੇ ਟਾਰਗੈਟਿਡ ਅਟੈਕ ਹੋ ਰਹੇ ਹਨ ਕਿਉਂਕਿ ਉਹ ਚਾਹੁੰਦੇ ਹਨ ਕਿ ਪੰਜਾਬ ਉਡਦਾ ਪੰਜਾਬ ਹੀ ਰਹੇ, ਪੰਜਾਬ ਦੀ ਕੋਈ ਕਾਮਯਾਬੀ ਹੀ ਨਾ ਆਵੇ। ਸਾਡੇ ਵਾਲੇ ਤਾਂ ਜਿੱਥੇ ਵੀ ਕਿਤੇ ਪੰਜਾਬ ਦੀ ਅਚੀਵਮੈਂਟ ਹੋਵੇਗੀ ਕਦੇ ਵੀ ਟਵੀਟ ਨਹੀਂ ਕਰਨਗੇ। ਪੰਜਾਬ ਟਾਰਗੈਟਿਡ ਅਟੈਕ ਦਾ ਹਿੱਸਾ ਹੈ। ਸਾਨੂੰ ਬਾਹਰ ਵਾਲਿਆਂ ਤੋਂ ਖਤਰਾ ਨਹੀਂ ਹੈ ਸਾਨੂੰ ਇਨ੍ਹਾਂ ਤੋਂ ਜ਼ਿਆਦਾ ਖਤਰਾ ਹੈ। ਮੈਂ ਹੁਣ ਇਸ਼ੂ ਤੇ ਆਉਂਦਾ ਹਾਂ। ਮੈਂ ਇਹ ਚਾਹੁੰਦਾ ਹਾਂ ਕਿ ਸਾਡੇ ਬੱਚਿਆਂ ਨੂੰ ਪਤਾ ਲੱਗੇ ਕਿ ਪੰਜਾਬ ਕਿਹੜੀ ਧਰਤੀ ਹੈ ਤੇ ਸਾਡਾ ਸਿੱਖਿਆ ਨਾਲ ਕਿੰਨਾ ਪੁਰਾਣਾ ਰਿਸ਼ਤਾ ਹੈ। ਪੰਜਾਬ ਉਹ ਧਰਤੀ ਹੈ ਜਿੱਥੇ ਦੁਨੀਆਂ ਦਾ ਪਹਿਲਾ ਵੇਦ "ਰਿਗਵੇਦ" ਲਿਖਿਆ ਗਿਆ। ਦੁਨੀਆ ਦੀ ਸਭ ਤੋਂ ਪਹਿਲੀ ਯੂਨੀਵਰਸਿਟੀ "ਟਕਸ਼ਿਲਾ ਯੂਨੀਵਰਸਿਟੀ" ਜੋ ਕਿ ਅੱਜ ਪਾਕਿਸਤਾਨ ਦੇ ਪੰਜਾਬ ਵਿੱਚ ਹੈ, ਉਹ ਇਸ ਧਰਤੀ ਤੇ ਸੀ। 2500-3000 ਸਾਲ ਪਹਿਲਾਂ science, astronomy and medicine ਪੜਾਈ ਜਾਂਦੀ ਸੀ। ਸਾਡੀ ਇਸ ਧਰਤੀ ਤੇ ਗੁਰੂ ਨਾਨਕ ਪਾਤਿਸ਼ਾਹ, ਪਹਿਲੀ ਪਾਤਸ਼ਾਹੀ ਨੇ ਸਾਨੂੰ ਬਾਣੀ ਨਾਲ ਜੋੜਿਆ। ਪੰਚਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ education system ਸ਼ੁਰੂ ਕੀਤਾ। ਹਰ ਗੁਰਦੁਆਰੇ ਵਿੱਚ ਗੁਰਮੁੱਖੀ, ਫਾਰਸੀ ਅਤੇ ਸੰਸਕ੍ਰਿਤ ਲਾਜ਼ਮੀ ਹੁੰਦੀ ਸੀ। ਉੱਥੇ ਬੱਚਿਆਂ ਨੂੰ ਸਿਖਾਇਆ ਜਾਂਦਾ ਸੀ। ਦਸਮ ਪਾਤਸ਼ਾਹ ਜੀ ਨੇ ਤਾਂ "ਗੁਰੂ ਮਾਨਿਓ ਗ੍ਰੰਥ" ਯਾਨੀ ਕਿ ਸ਼ਬਦ ਗੁਰੂ ਨੂੰ ਕਿਹਾ ਕਿ ਇਹ ਸਾਡੇ ਗੁਰੂ ਹਨ। ਸਾਡਾ ਵਿੱਦਿਆ ਨਾਲ ਪੁਰਾਣਾ ਰਿਸ਼ਤਾ ਹੈ। ਫਿਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ। ਮੈਂ deep research ਕੀਤੀ, ਪੰਜ ਹਜ਼ਾਰ ਕੈਦੇ ਉਸ ਸਮੇਂ ਹਰ ਪਿੰਡ ਵਿੱਚ ਪਹੁੰਚਾਏ ਜਿਹੜੇ ਕਿ ਗੁਰਮੁੱਖੀ, ਫਾਰਸੀ, ਸੰਸਕ੍ਰਿਤ ਤੇ ਹਿੰਦੀ ਦੇ ਕੈਦੇ ਸਨ। ਜਿੰਨਾਂ ਪੈਸਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਖਰਚ ਹੋਇਆ ਉਸ ਤੋਂ ਬਾਅਦ ਤਾਂ ਬ੍ਰਿਟਿਸ਼ਿਜ਼ ਦੇ ਟਾਈਮ ਵੀ ਨਹੀਂ ਹੋਇਆ। ਦੋ ਗੁਣਾ ਵੱਧ ਪੈਸਾ ਮਹਾਰਾਜਾ ਰਣਜੀਤ ਸਿੰਘ ਨੇ ਸਾਡੇ ਸਿੱਖਿਆ ਪ੍ਰਣਾਲੀ ਤੇ ਖਰਚ ਕੀਤਾ ਸੀ। ਇਸ ਦਾ ਨਤੀਜਾ ਕੀ ਹੋਇਆ ਸੀ? ਹੁਣ ਤਾਂ ਜੈਨ-ਜ਼ੀ ਜਨਰੇਸ਼ਨ ਹੈ, ਵੱਟਸ-ਐਪ ਫਾਰਵਰਡ ਜਨਰੇਸ਼ਨ ਹੈ। ਕੋਈ ਵੀ ਇਸ ਨੂੰ ਸਰਚ ਕਰ ਸਕਦਾ ਹੈ, ਗੂਗਲ ਤੇ ਚੈਟ ਜੀ.ਪੀ.ਟੀ ਤੇ ਸਰਚ ਕਰ ਸਕਦਾ ਹੈ। ਮੈਂ ਅਗਲਾ ਤੱਥ ਦੱਸਣ ਜਾ ਰਿਹਾ ਹਾਂ। ਅੱਜ ਤਾਂ ਸਿੱਖਿਆ ਵਿੱਚ ਦੇਸ਼ ਵਿੱਚ ਨੰਬਰ 1 ਤੇ ਪੰਜਾਬ ਹੈ। ਸਪੀਕਰ ਸਾਹਿਬ, ਇੱਕ British Historian ਹੋਏ ਹਨ, G.W.Leitner ਇਨ੍ਹਾਂ ਨੂੰ father of Panjab University ਵੀ ਮੰਨਿਆ ਜਾਂਦਾ ਹੈ, ਨੈਸ਼ਨਲ ਕਾਲਜ, ਲਾਹੌਰ ਵੀ ਇਨ੍ਹਾਂ ਦਾ ਡਰੀਮ ਪ੍ਰੋਜੈਕਟ ਸੀ। G.W. Leitner in his work in 1881 ਵਿੱਚ ਲਿਖਦੇ ਹਨ ਕਿ Punjab was the most educated place in the world under Maharaja Ranjit Singh Rule ਇਸ ਦਾ ਪੰਜਾਬੀ ਤਰਜਮਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਪੰਜਾਬ ਪੂਰੀ ਦੁਨੀਆ ਦੇ ਵਿੱਚੋਂ ਸਭ ਤੋਂ ਵੱਧ ਪੜੀ ਲਿਖੀ ਜਗ੍ਹਾ ਸੀ। ਇਹ ਬ੍ਰਿਟਿਸ਼ ਹਿਸਟੋਰੀਅਨ ਕਹਿ ਰਿਹਾ ਹੈ। ਇਹ ਸਾਡਾ ਵਿਰਸਾ ਹੈ। ਇਹ ਪੰਜਾਬ ਹੈ। ਉਸ ਤੋਂ ਬਾਅਦ ਸਾਡੇ ਸਭ ਤੋਂ ਵੱਡੇ ਹੀਰੋ ਸਾਡੇ ਜਿਹੜੇ ਸਾਡੇ ਆਈਕਨ ਹਨ, ਸਾਡੇ ਮੁੱਖ ਮੰਤਰੀ ਸਾਹਿਬ ਦੇ ਆਈਕਨ ਹਨ, ਪੰਜਾਬ ਦੇ ਹਰ ਨੌਜਵਾਨ ਦੇ ਆਈਕਨ ਹਨ, ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਜੀ, ਫਾਂਸੀ ਲੱਗਣ ਵਾਲੀ ਹੋਵੇ just imagine the quest for knowledge

**1400/Tarlochan Singh**

ਵਿੱਦਿਆ ਦੀ, ਸਿੱਖਿਆ ਦੀ ਕਿੰਨੀ ਪਿਆਸੀ ਸੀ ਕਿ ਸ਼ਖਸ ਨੂੰ ਫਾਂਸੀ ਲੱਗਣ ਵਾਲੀ ਹੋਵੇ ਤੇ ਉਸ ਵਕਤ ਵੀ ਉਨ੍ਹਾਂ ਦੇ ਹੱਥ ਵਿੱਚ ਕਿਤਾਬ ਸੀ। He was reading a book. ਇਹ ਪੰਜਾਬ ਹੈ, ਸਰ। We are famous for our heroes, our singers, ਸਾਨੂੰ ਆਪਣੇ ਸਿੰਗਰਾਂ ਤੇ ਮਾਣ ਹੈ। We are proud of our singers, Sidhu Moosewala, Diljit Dosanjh, Karan Aujla. ਪਰ ਦੁਨੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸ੍ਰੀ ਹਰਗੋਬਿੰਦ ਖੁਰਾਣਾ, Nobel Laureate is also Punjabi. ਆਪਾਂ ਜਿੰਨਾ ਮੋਬਾਈਲ ਦੇਖਦੇ ਹਾਂ, ਜੋ ਇੰਟਰਨੈੱਟ ਹੈ, ਇਹ ਵੀ ਪੰਜਾਬੀ ਦੀ ਦੇਣ ਹੈ, Narinder Singh Kapany ਦੀ ਦੇਣ ਹੈ। He was father of Optical Fiber. ਅੱਜ ਪੂਰੀ ਦੁਨੀਆਂ ਵਿੱਚ ਇੰਟਰਨੈੱਟ ਨਾ ਹੁੰਦਾ, ਅਗਰ ਉਹ ਸ਼ਖਸ ਨਾ ਹੁੰਦੇ। ਸਰ, ਗੁਰਤੇਜ ਸਿੰਘ ਸੰਧੂ, ਉਨ੍ਹਾਂ ਦੇ ਨਾਂ ਤੇ ਅਮਰੀਕਾ ਵਿੱਚ 2200 ਪੇਟੈਂਟ ਹਨ। He works on Semi Conductor Memory. ਸਰ, ਜਿਵੇਂ ਇਆਲੀ ਸਾਹਿਬ ਕਹਿ ਰਹੇ ਸਨ ਕਿ ਆਈਪੈਡ ਤੇ ਬਿਲ ਲੇਟ ਆਇਆ ਹੈ, ਇਸ ਵਿੱਚ ਜੋ ਮੈਮਰੀ ਵਰਤੀ ਜਾਂਦੀ ਹੈ, ਇਹ ਉਸ ਬੰਦੇ ਦੀ ਦੇਣ ਹੈ। ਸਰ, ਇਹ ਹੈ ਪੰਜਾਬ ਤੇ ਪੰਜਾਬ ਨੂੰ ਕੀ ਬਣ ਦਿੱਤਾ? ਸਾਡੇ ਤੇ ਕਾਲੇ ਬੱਦਲ ਛਾ ਗਏ। ਸਮਝਣ ਵਾਲੇ ਸਮਝ ਗਏ ਕਿ ਮੈਂ ਕਿਹੜੇ ਕਾਲੇ ਬੱਦਲਾਂ ਦੀ ਗੱਲ ਕਰਦਾ ਹਾਂ। ਸਾਨੂੰ ਕਿੱਥੇ ਤੋਂ ਕਿੱਥੇ ਲੈ ਆਏ? ਸਾਡੇ ਤੇ ਫਿਲਮਾਂ ਬਣਨ ਲੱਗ ਗਈਆਂ Udta Punjab, Web Series Canada. This is not Punjab. ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਕੰਮ ਕੀਤਾ, ਉਵੇਂ ਹੀ ਸਾਡੇ ਮਾਣਯੋਗ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ 2500 ਕਰੋੜ ਰੁਪਿਆ ਪੰਜਾਬ ਦੀ ਸਿੱਖਿਆ ਲਈ ਇਨਵੈਸਟ ਕੀਤਾ ਹੈ। ਸਰ, ਆਹ ਡਾਟਾ ਹੈ। (ਕੁਝ ਕਾਗਜ਼ ਲਹਿਰਾਉਂਦੇ ਹੋਏ) ਪੰਜਾਬ ਵਿੱਚ 20000 ਸਕੂਲ ਹਨ, 19125 ਸਕੂਲਾਂ ਵਿੱਚ, 117 ਵਿਧਾਨ ਸਭਾ ਹਲਕਿਆਂ ਵਿੱਚ ਵਿਧਾਨ ਸਭਾ ਹਲਕਾ ਵਾਈਜ਼ ਜਿਹੜੇ ਹੁਣ ਤੱਕ ਪੈਸੇ ਲੱਗੇ ਹਨ, ਇਹ ਉਸ ਦੀ ਡਿਟੇਲ ਹੈ। ਇਹ 2026 ਤੱਕ ਹੈ, ਇਸ ਸਾਲ 1000 ਕਰੋੜ ਰੁਪਿਆ ਹੋ ਲਗਾ ਰਹੇ ਹਾਂ। 19125 ਦੀ ਵੀ ਮੇਰੇ ਕੋਲ ਡਿਟੇਲ ਹੈ, ਇਹ ਬਹੁਤ ਜ਼ਿਆਦਾ ਡਾਕੂਮੈਂਟਸ ਹਨ, ਕੋਈ ਵੀ ਦੇਖ ਸਕਦਾ ਹੈ। ਅਸੀਂ ਸਕੂਲਾਂ ਵਿੱਚ ਸਕਿਉਰਿਟੀ ਗਾਰਡ ਅਤੇ ਬੱਸ ਸਰਵਿਸ ਦਿੱਤੀ ਹੈ। Punjab is the only State where every school has WiFi. ਪੂਰੇ ਦੇਸ਼ ਵਿੱਚ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ Artificial Intelligence ਨੂੰ ਮੇਨ ਸਬਜੈਕਟ introduce ਕਰ ਦਿੱਤਾ ਗਿਆ ਹੈ। ਇਸ ਦਾ ਕੀ ਫਾਇਦਾ ਹੁੰਦਾ ਹੈ? ਜਦੋਂ ਤੁਸੀਂ education ਵਿੱਚ ਇਨਵੈਸਟ ਕਰਦੇ ਹੋ ਤਾਂ ਉਸ ਦੇ ਰਿਜ਼ਲਟ ਆਉਂਦੇ ਹਨ। 2021 ਵਿੱਚ ਸਿਰਫ 82 ਬੱਚੇ NEET ਪਾਸ ਸਨ, ਅੱਜ 2026 ਵਿੱਚ 882 ਬੱਚੇ ਪਾਸ ਹਨ। (ਥੰਪਿੰਗ) In the terms of share market, it is 11x returns. ਸ਼ੇਅਰ ਮਾਰਕਿਟ ਦੀ ਭਾਸ਼ਾ ਵਿੱਚ ਇਸ ਨੂੰ 11x ਰਿਟਰਨ ਕਹਿੰਦੇ ਹਨ।

ਸਰ, ਅਗਲੇ ਕੁਝ ਮਿੰਟ ਹੋਰ ਵੀ ਦਿਲਚਸਪ ਹਨ। ਸਪੀਕਰ ਸਾਹਿਬ, ਤੁਸੀਂ ਵੀ ਧਿਆਨ ਨਾਲ ਸੁਣਨਾ। ਸਰ, ਇਹ ਮੈਨੂੰ ਵੀ ਨਹੀਂ ਸੀ ਪਤਾ। ਪਰ ਮੈਂ ਇੱਕ ਕਹਾਵਤ ਵਿੱਚ ਯਕੀਨ ਰੱਖਦਾ ਹਾਂ, ਉਹ ਕਹਾਵਤ ਹੈ Rome was not built in a day ਪਰ ਇਹ ਅਧੂਰੀ ਕਹਾਵਤ ਹੈ, ਉਸ ਤੋਂ ਅੱਗੇ ਦੀ ਕਹਾਵਤ ਹੈ but bricks were laid every day. ਰੋਮ ਇੱਕ ਦਿਨ ਵਿੱਚ ਨਹੀਂ ਬਣਿਆ ਸੀ ਪਰ ਹਰ ਰੋਜ਼ ਕੰਮ ਹੁੰਦਾ ਸੀ। Consistency ਹੁੰਦੀ ਸੀ। consistency ਦਾ ਕੀ ਹੋਇਆ ਕਿ ਮੇਰੇ ਹਲਕੇ ਵਿੱਚ, ਸ੍ਰੀ ਅਨੰਦਪੁਰ ਸਾਹਿਬ ਬਾਰੇ ਕਿਸੇ ਨੇ ਪ੍ਰਸ਼ਨ ਨਹੀਂ ਸੀ ਪੁੱਛਿਆ। ਇੰਨੀ ਤਿਆਰੀ ਹੀ ਨਹੀਂ ਕਰਦੇ ਤੇ ਪੁੱਛਦੇ ਹੀ ਨਹੀਂ ਕਿ ਆਪਣੇ ਹਲਕੇ ਵਿੱਚ ਦੱਸ ਕਿ ਕਿੰਨੇ ਬੱਚੇ JE/NEET ਪਾਸ ਕਰ ਗਏ ਹਨ। ਪਰ ਮੇਰੇ ਮਨ ਤੇ

ਬੋਝ ਸੀ। ਇਸ ਸਾਲ ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਸਕੂਲਾਂ ਦੇ 6 ਬੱਚੇ JE ਤੇ 8 ਬੱਚੇ NEET ਦੇ ਪਾਸ ਹੋਏ ਹਨ। (ਥੰਪਿੰਗ) ਇੰਨਾ ਹੀ ਨਹੀਂ ਸਰ, ਅਗਲਾ ਅੰਕੜਾ ਹੋਰ ਵੀ ਰੋਚਕ ਹੈ। ਪੰਜਾਬ ਦਾ ਇੱਕ ਵਿਧਾਨ ਸਭਾ ਹਲਕਾ, ਮਜੀਠਾ। ਮਜੀਠਾ ਦਾ ਇੱਕ ਮੇਨ ਸਕੂਲ ਹੈ Government Senior Secondary Shaheed Amardeep Singh, Majitha. ਸਰ, ਇਹ ਬਹੁਤ ਪੁਰਾਣਾ ਸਕੂਲ ਹੈ। ਮੈਨੂੰ ਇਸ ਸਦਨ ਨੂੰ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ for the first time in Majitha, ਮਜੀਠੇ ਦੇ ਸਰਕਾਰੀ ਸਕੂਲ ਵਿੱਚੋਂ 6 ਬੱਚੇ NEET ਇਮਤਿਹਾਨ ਕਲੀਅਰ ਕਰ ਗਏ ਹਨ। (ਥੰਪਿੰਗ) ਮਜੀਠੇ ਦੇ ਇਸੇ ਸਕੂਲ ਦੀ ਹਰਨੂਪ੍ਰੀਤ ਕੌਰ ਬੱਚੀ ਦਾ ਰੈਂਕ ਪੂਰੇ ਭਾਰਤ ਦਾ 80000 ਹੈ। ਉਹ ਪੂਰੇ ਦੇਸ਼ ਵਿੱਚ top 3% ਵਿੱਚ ਆਈ ਹੈ। ਇਹ ਬੱਚੀ ਐਸ.ਸੀ. ਪਰਿਵਾਰ ਨਾਲ ਸਬੰਧਤ ਹੈ ਅਤੇ ਉਸ ਦਾ ਕੈਟਾਗਰੀ ਰੈਂਕ 3140 ਹੈ। ਇਹ ਮਾਨ ਸਾਹਿਬ ਨੇ ਕੀਤਾ ਹੈ। ਇਹ ਹੀ ਨਹੀਂ, ਆਪ ਜੀ ਦੀ ਵਿਧਾਨ ਸਭਾ ਵਿੱਚੋਂ ਵੀ 3 ਬੱਚੇ ਪਾਸ ਹੋਏ ਹਨ। ਤੁਸੀਂ ਵੈਰੀਫਾਈ ਕਰ ਲਉ। ਜਿਹੜੇ ਮੇਰੇ ਤੇ ਸਵਾਲ ਕਰਦੇ ਸਨ, ਹੁਣ ਭੱਜ ਗਏ ਹਨ, ਕਾਦੀਆਂ ਤੋਂ ਵੀ ਪਾਸ ਹੋਏ ਹਨ, ਦੀਨਾਨਗਰ ਦੇ ਇੱਕ ਸਕੂਲ ਦੇ 17 ਬੱਚੇ ਪਾਸ ਹੋਏ ਹਨ। (ਕੁਝ ਕਾਗਜ਼ ਲਹਿਰਾਉਂਦੇ ਹੋਏ) ਸਰ, ਮੈਂ ਇਸ ਸਾਰੀ ਲਿਸਟ ਨੂੰ ਆਪਣੀ ਸਪੀਚ ਦਾ ਹਿੱਸਾ ਬਣਾਉਣਾ ਚਾਹੁੰਦਾ ਹਾਂ। ਸਰ, ਅਮਨ ਅਰੋੜਾ ਜੀ ਬੈਠੇ ਹਨ, ਇਨ੍ਹ ਦੇ ਹਲਕੇ ਦੇ ਬੱਚੇ ਵੀ ਪਾਸ ਹੋਏ ਹਨ, ਦਿੜ੍ਹਬਾ ਤੋਂ, ਧੂਰੀ ਤੋਂ ਵੀ ਬੱਚੇ ਪਾਸ ਹੋਏ ਹਨ। This is ਪੰਜਾਬ ਦਾ ਸਿੱਖਿਆ ਮਾਡਲ, ਅਤੇ ਇਹ ਇਸ ਨੂੰ question ਕਰਦੇ ਹਨ।

ਮੈਂ ਹੁਣ ਦੱਸਣਾ ਚਾਹੁੰਦਾ ਹਾਂ ਕਿ ਕੀ ਹੋਇਆ ਹੈ। ਮੈਂ ਸਵਾਲ ਤੋਂ ਭੱਜ ਨਹੀਂ ਸਕਦਾ ਹਾਂ। ਬਾਬਾ ਫਰੀਦ ਹੈਲਥ ਸਾਇੰਸ ਯੂਨੀਵਰਸਿਟੀ ਮੇਰੇ ਕੁਲੀਗ ਦਾ ਮਹਿਕਮਾ ਹੈ ਪਰ ਕੈਬਨਿਟ ਦੀ collective responsibility ਹੁੰਦੀ ਹੈ। ਮੈਂ ਭੱਜ ਨਹੀਂ ਸਕਦਾ, ਮੈਂ ਇਸ ਦਾ ਜਵਾਬ ਦੇਵਾਂਗਾ। ਸਰ, 19 ਜੁਲਾਈ ਨੂੰ ਫਾਰਮਾਸਿਸਟ ਦਾ ਇੱਕ ਪੇਪਰ ਹੁੰਦਾ ਹੈ।

**ਮਾਣਯੋਗ ਸਪੀਕਰ** : ਮਹਿਕਮਾ ਜੇ ਇਨ੍ਹਾਂ ਦਾ ਹੈ ਤਾਂ ਤੁਹਾਡਾ ਅਸਤੀਫਾ ਕਿਉਂ ਮੰਗ ਰਹੇ ਹਨ?

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਕੋਈ ਗੱਲ ਨਹੀਂ ਸਰ।

**ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਰ, ਇਸ ਤੋਂ ਉਨ੍ਹਾਂ ਦੀ ਪੜ੍ਹਾਈ ਦਾ ਪਤਾ ਲੱਗਦਾ ਹੈ। (ਵਿਘਨ)

**ਮਾਣਯੋਗ ਸਪੀਕਰ** : ਅਮਨ ਜੀ ਕੀ ਕਹਿਣਾ ਚਾਹੁੰਦੇ ਹਨ?

**ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ** : ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰਜੋਤ ਮੇਰੇ ਛੋਟੇ ਵੀਰ ਨੇ ਤਾਂ ਪੰਜਾਬ ਦੀ ਪੜ੍ਹਾਈ ਬਾਰੇ ਦੱਸਿਆ ਹੈ ਕਿ ਕਿੱਥੇ ਪਹੁੰਚ ਗਈ ਹੈ। ਪਰ ਇਸ ਗੱਲ ਤੋਂ ਆਪੋਜ਼ੀਸ਼ਨ ਵਾਲਿਆਂ ਦੀ ਪੜ੍ਹਾਈ ਦਾ ਪਤਾ ਲੱਗਦਾ ਹੈ ਕਿ ਮਸਲਾ ਕਿਸੇ ਹੋਰ ਮੰਤਰੀ ਦਾ ਹੈ, ਮਹਿਕਮਾ ਕਿਸੇ ਹੋਰ ਮੰਤਰੀ ਦਾ ਹੈ ਅਤੇ ਕਿਸੇ ਹੋਰ ਤੋਂ ਹੀ ਅਸਤੀਫਾ ਮੰਗੀ ਜਾਂਦੇ ਹਨ।

**1405/mehak**

**ਮਾਣਯੋਗ ਸਪੀਕਰ**: ਠੀਕ ਹੈ ਜੀ, ਹਾਂ ਜੀ, ਬੈਂਸ ਸਾਹਿਬ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸਰ, ਬਹੁਤ ਧੰਨਵਾਦ ਕਰਦਾ ਹਾਂ। ਇੱਕ ਲਾਈਨ ਹੈ, ਕਹਿੰਦੇ ਹਨ ਕਿ- ਤੁਮ ਤੋ ਮਿਟਾ ਰਹੇ ਹੋ ਬਨਤਾ ਜਾ ਰਹਾ ਹੂੰ ਮੈਂ, ਸਰ, ਜਿਹੜੇ ਕੰਮ ਸਾਡੇ ਪੰਜਾਬ ਦੇ ਕਿਤੇ ਨਹੀਂ ਜਾ ਸਕਦੇ ਸੀ, ਇਨ੍ਹਾਂ ਦੇ ਕਰਕੇ ਅੱਜ ਉਹ ਇੰਟਰਨੈਸ਼ਨਲ ਯੂਟਿਊਬਰਜ਼ ਵੀ ਸਰਚ ਕਰਕੇ ਦੇਖਦੇ ਹਨ। ਜਿਹੜਾ ਸ਼ਾਇਦ ਕੋਈ ਨਹੀਂ ਦੱਸ ਸਕਦਾ ਸੀ, ਅੱਜ ਮੈਨੂੰ ਮੌਕਾ ਮਿਲ ਗਿਆ। Not only this sir, 19 ਜੁਲਾਈ ਨੂੰ ਇੱਕ ਐਗਜ਼ਾਮ ਹੋਇਆ, ਹੁਣ ਇਹ ਪੁੱਛਣਗੇ ਕਿ ਪੇਪਰ ਲੀਕ ਤੇ ਚੀਟਿੰਗ ਵਿੱਚ ਕੀ ਫਰਕ ਹੈ। ਜਿੱਥੇ ਇਮਤਿਹਾਨ ਤੋਂ ਪਹਿਲਾਂ ਕਿਸੇ ਵੀ form ਵਿੱਚ ਫਿਜ਼ੀਕਲੀ, ਡਿਜ਼ੀਟਲੀ, ਵਰਬਲੀ ਕਿਸੇ ਵੀ ਤਰੀਕੇ ਨਾਲ ਜੇ ਕੋਈ ਇਮਤਿਹਾਨ ਦੋ ਵਜੇ ਸ਼ੁਰੂ ਹੋਣਾ ਹੈ ਜੇ ਉਸ ਤੋਂ ਪਹਿਲਾਂ ਪੇਪਰ ਬਾਹਰ ਜਾਂਦਾ ਹੈ ਜਾਂ ਸਵਾਲ ਬਾਹਰ ਜਾਂਦੇ ਹਨ ਤਾਂ it is a leak. ਇਸ ਨੂੰ ਪੇਪਰ ਲੀਕ ਕਹਿੰਦੇ ਹਨ। ਚੀਟਿੰਗ ਉਹ ਹੁੰਦੀ ਹੈ ਜਿੱਥੇ ਪੇਪਰ ਸ਼ੁਰੂ ਹੋ ਗਿਆ ਤੇ 2 ਵੱਜ ਕੇ ਪੰਜ ਮਿੰਟ ਹੋ ਗਏ ਤਾਂ ਕਿਸੇ ਮਾਧਿਅਮ ਰਾਹੀਂ again ਫਿਜ਼ੀਕਲੀ, ਡਿਜ਼ੀਟਲੀ ਅਗਰ ਉਸ ਵਿੱਚ ਕੋਈ ਹੈਲਪ ਹੁੰਦੀ ਹੈ ਤਾਂ ਉਹ ਚੀਟਿੰਗ ਹੈ। (ਫੋਟੋਆਂ ਦਿਖਾਉਂਦੇ ਹੋਏ) ਸਰ, ਇਹ ਫੋਟੋਆਂ ਹਨ। ਮੈਂ ਸਾਰਾ ਕੁਝ ਰਿਸਰਚ ਕਰਦਾ ਹਾਂ, ਯੂਟਿਊਬ ਤੇ ਸਰਚ ਕਰੋ ਕਿ how to do cheating ਤਾਂ ਸਾਰਾ ਕੁਝ ਆ ਜਾਂਦਾ ਹੈ। ਸਰ, ਇੱਕ ਸਸਤਾ ਜਿਹਾ ਮੋਬਾਇਲ ਫੋਨ ਹੈ K33, ਇਹ ਇੰਨਾ ਛੋਟਾ ਹੈ, ਉਸ ਦੀ ਸਕ੍ਰੀਨ ਹਟਾ ਦਿੱਤੀ, ਉਸ ਦੇ ਸਪੀਕਰ ਹਟਾ ਦਿੱਤੇ ਤਾਂ ਜੋ ਮੈਟਲ ਡਿਟੈਕਟ ਨਾ ਹੋਵੇ, ਫਿਰ ਉਸ ਤੇ ਕਾਲੀ ਮੋਟੀ ਟੇਪ ਚੜ੍ਹਾ ਦਿੱਤੀ। ਇਹ ਦੋ ਇੰਚ ਦਾ ਛੋਟਾ ਜਿਹਾ ਫੋਨ ਕਿਸੇ ਨੇ ਆਪਣੇ ਅੰਡਰ ਗਾਰਮੈਂਟਸ ਵਿੱਚ ਪਾ ਲਿਆ, ਕਿਸੇ ਨੇ ਦਸਤਾਰ ਵਿੱਚ ਲੁਕੋ ਲਿਆ। ਇਸ ਦਾ ਹੀਅਰਿੰਗ ਡਿਵਾਈਸ ਵੀ ਛੋਟਾ ਜਿਹਾ ਹੈ (ਫੋਟੋ ਦਿਖਾਉਂਦੇ ਹੋਏ), ਇਹ ਜੈਪਨੀਜ਼ ਡਿਵਾਈਸ ਹੈ। ਇਸ ਨੂੰ ਆਮ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਇਸ ਨੂੰ ਕੱਢਣ ਲਈ ਸਰਜੀਕਲ ਚਿਮਟਾ ਚਾਹੀਦਾ ਹੁੰਦਾ ਹੈ। ਇਹ ਕਿੱਥੋਂ ਦਾ ਗੈਂਗ ਸੀ? ਇਹ ਹਰਿਆਣੇ ਦਾ ਗੈਂਗ ਸੀ। ਜੇ ਮੈਂ ਕਹਿ ਦਿੱਤਾ ਤਾਂ ਕਹਿੰਦੇ ਇਹ ਭਿਵਾਨੀ ਨੂੰ ਛੋਟੀ ਕਾਸ਼ੀ ਨੂੰ ਬਦਨਾਮ ਕਰ ਰਹੇ ਹਨ। ਮੈਂ ਕਿਹਾ ਕਿ ਜੇ ਉਹ ਇੰਨੀ ਮਹਾਨ ਧਰਤੀ ਹੈ ਤਾਂ ਉਸ ਦੀ ਇੱਜ਼ਤ ਰੱਖੋ। ਉਨ੍ਹਾਂ ਦਾ ਮੁੱਖ ਮੰਤਰੀ ਆਪਣੀ ਸਟੇਟ ਵਿੱਚ ਤਾਂ ਰਹਿੰਦਾ ਨਹੀਂ ਹੈ। ਕੱਲ੍ਹ ਵੀ ਇੱਥੇ ਸੀ ਤੇ ਅੱਜ ਵੀ ਸ਼ਾਇਦ ਇੱਥੇ ਹੀ ਹੋਵੇ। ਉੱਥੇ ਚੀਟਿੰਗਾਂ ਹੋਈ ਜਾਂਦੀਆਂ ਹਨ, ਇੱਥੇ ਮਾਨ ਸਾਹਿਬ ਨੌਕਰੀਆਂ ਦੇ ਰਹੇ ਸੀ ਤਾਂ ਅਗਲੇ ਕਹਿੰਦੇ ਕਿ ਚਲੋ ਉੱਥੇ ਜਾ ਕੇ ਪੇਪਰ ਦਿੰਦੇ ਹਾਂ ਤੇ ਉਨ੍ਹਾਂ ਨੂੰ ਪਹਿਲੇ ਅਟੈਂਪਟ ਵਿੱਚ ਹੀ ਰੰਗੇ ਹੱਥੀਂ ਫੜ ਲਿਆ ਗਿਆ। They were caught red handed, Sir. ਉਸ ਤੋਂ ਬਾਅਦ ਸਾਰੀ ਇਨਵੈਸਟੀਗੇਸ਼ਨ ਹੋਈ ਤੇ ਐਫ.ਆਈ.ਆਰ. ਹੋਈ ਤੇ ਹੁਣ investigation is on. ਇਸ ਤਰ੍ਹਾਂ ਹੀ ਇਹ ਹੁਣ ਪੰਜ ਲਿਸਟਾਂ ਵਾਇਰਲ ਕਰੀ ਜਾ ਰਹੇ ਹਨ। ਇਸ ਤਰ੍ਹਾਂ ਹੀ ਸਾਲ 2022 ਵਿੱਚ ਨਾਇਬ ਤਹਿਸੀਲਦਾਰ ਦਾ ਐਗਜ਼ਾਮ ਹੋਇਆ ਸੀ ਤੇ ਸੇਮ ਪੈਟਰਨ ਤੇ ਹੀ ਚੀਟਿੰਗ ਹੋਈ ਸੀ, ਇਹ ਵੀ ਇੰਟਰ ਸਟੇਟ ਗੈਂਗ ਸੀ। ਉਸ ਤੋਂ ਬਾਅਦ ਪੀ.ਪੀ.ਐਸ.ਸੀ. ਤੇ ਪੀ.ਐਸ.ਐਸ.ਐਸ.ਬੀ. ਨੇ ਕਹਿ ਦਿੱਤਾ ਕਿ ਅਸੀਂ ਹਾਇ ਫਰੀਕੁਐਂਸੀ ਜ਼ੈਮਰ ਹਰ ਐਗਜ਼ਾਮ ਵਿੱਚ ਵਰਤਾਂਗੇ ਅਤੇ ਉਹ ਵਰਤ ਰਹੇ ਹਨ। ਸਰ, ਕੀ ਹੁਣ ਬੋਰਡ ਐਗਜ਼ਾਮਜ਼ ਵਿੱਚ ਵੀ ਜ਼ੈਮਰ ਲਾਉਣੇ ਚਾਹੀਦੇ ਹਨ, ਯੂਨੀਵਰਸਿਟੀ ਦੇ ਐਗਜ਼ਾਮ

ਵਿੱਚ ਵੀ ਇਕੱਲੀ frisking ਹੈ? ਇਨ੍ਹਾਂ ਚੀਜ਼ਾਂ ਤੇ ਗੱਲ ਕਰਨੀ ਬਣਦੀ ਹੈ। ਇਸੇ ਲਈ ਮੈਂ ਦਿੱਲੀ ਗਿਆ ਸੀ। ਆਪਾਂ ਕਿੰਨੇ ਕੁ ਜ਼ੈਮਰ ਦੇਖਦੇ ਹਾਂ? ਕੀ ਜ਼ੈਮਰ ਪੂਰੇ ਸੈਂਟਰ ਨੂੰ ਕਵਰ ਕਰ ਸਕਦੇ ਹਨ? ਇਨ੍ਹਾਂ ਚੀਜ਼ਾਂ ਤੇ ਫਰੇਮਵਰਕ ਦੀ ਲੋੜੀ ਹੈ। ਉਸ ਤੋਂ ਬਾਅਦ ਪੀ.ਐਸ.ਟੈੱਟ ਅਤੇ ਬੋਰਡ ਐਗਜ਼ਾਮ ਜੋ ਐਕਚੂਲੀ ਵਿੱਚ ਮੇਰਾ ਮਹਿਕਮਾ ਹੈ, ਬਾਕੀ ਸਾਰੇ ਮੇਰੇ ਮਹਿਕਮੇ ਨਹੀਂ ਹਨ ਪਰ ਫਿਰ ਵੀ I take responsibility, it's my Government. ਇੱਕ ਜਗ੍ਹਾ ਕੁਐਸਚਨ ਪੇਪਰ ਦੀ ਜਗ੍ਹਾ ਤੇ ਆਂਸਰ ਕੀ ਭੇਜ ਦਿੱਤੀ। ਇਹ goofup ਹੈ, ਨਲਾਇਕੀ ਹੈ, ਨੇਗਲੀਜੈਂਸ ਹੈ, ਉਸ ਬੰਦੇ ਤੇ ਪਰਚਾ ਹੋਇਆ, ਬੰਦੇ ਨੂੰ ਨੌਕਰੀ ਤੋਂ ਕੱਢਿਆ ਗਿਆ ਪਰ ਇਹ ਪੇਪਰ ਲੀਕ ਤਾਂ ਨਹੀਂ ਹੋਇਆ। ਇੱਕ ਪ੍ਰੋਟੋਕੋਲ ਹੁੰਦਾ ਹੈ ਕਿ ਪੇਪਰ ਛੰਟਦਾ ਹੈ, ਫਿਰ ਪੇਪਰ ਛਪਦਾ ਹੈ, ਫਿਰ ਪੇਪਰ ਜ਼ਿਲ੍ਹਿਆਂ ਦੇ ਬੈਂਕ ਦੇ ਲੌਕਰ ਵਿੱਚ ਲੱਗ ਜਾਂਦਾ ਹੈ। ਬੋਰਡ ਐਗਜ਼ਾਮ ਵਾਲੇ ਦਿਨ ਮੈਨੂੰ ਯਾਦ ਹੈ ਕਿ ਗੁਰਦਾਸਪੁਰ ਦੇ ਇੱਕ ਬਲਾਕ ਵਿੱਚ ਇੱਕ ਸੁਪਰਡੰਟ ਨੇ ਅੱਧਾ ਘੰਟਾ ਪਹਿਲਾਂ ਪ੍ਰੋਟੋਕੋਲ ਤੋੜਿਆ ਤੇ ਉਹ ਪੇਪਰ ਅੱਧਾ ਘੰਟਾ ਪਹਿਲਾਂ ਕੱਢ ਲਿਆ ਗਿਆ। ਮੈਨੂੰ ਚੇਅਰਮੈਨ, ਬੋਰਡ ਦਾ ਫੋਨ ਆਇਆ ਕਿ ਤਿੰਨ ਲੱਖ ਬੱਚੇ ਪੇਪਰ ਦੇਣ ਬੈਠ ਰਹੇ ਹਨ, ਅਜੇ ਦੋ ਘੰਟੇ ਹੋਏ ਹਨ, ਸਿਰਫ ਇੱਕ ਜਗ੍ਹਾ ਇਹ ਗਲਤੀ ਹੋਈ ਹੈ। I said nothing doing. ਨਹੀਂ, ਪੇਪਰ ਕੈਂਸਲ ਹੋਵੇਗਾ। ਅਸੀਂ ਕਿਹਾ ਕਿ ਪੇਪਰ ਸ਼ੁਰੂ ਹੋਣ ਤੋਂ ਦੋ ਘੰਟੇ ਪਹਿਲਾਂ ਰਿਸਕ ਨਹੀਂ ਲੈ ਸਕਦੇ ਤੇ ਅਸੀਂ ਕਿਹਾ ਕਿ ਨਹੀਂ ਅਸੀਂ ਰਿਸਕ ਨਹੀਂ ਲੈ ਸਕਦੇ ਕਿ ਕੀ ਪਤਾ ਕਿਸੇ ਨੇ ਵਾਟਸਐੱਪ ਤੇ ਸ਼ੇਅਰ ਕਰ ਦਿੱਤਾ ਹੋਵੇ। ਅਸੀਂ ਅਗਲੀ ਵਾਰ ਤੋਂ ਆਪਣੇ ਸਿਸਟਮਜ਼ ਨੂੰ ਇੰਨਾ stringent ਕਰ ਦਿੱਤਾ ਕਿ ਇਸ ਤਰ੍ਹਾਂ ਦਾ ਕੋਈ ਲੂਪ ਹੋਲ ਨਾ ਰਹਿ ਸਕੇ। ਇਹ ਹੁੰਦੀ ਹੈ ਇਨਟੈਂਸ਼ਨ। ਕੀ ਅੱਜ ਤੋਂ ਬਾਅਦ ਕੋਈ ਪ੍ਰੋਬਲਮਜ਼ ਨਹੀਂ ਆਉਣਗੀਆਂ? ਹੋਰ ਐਡਵਾਂਸ ਟੈਕਨਾਲੋਜੀਆਂ ਆਉਣਗੀਆਂ। ਤੁਸੀਂ ਬਲਾਕ ਚੁਣ ਲਿਆ, ਸ਼ਾਇਦ ਉਹ ਉਸ ਨੂੰ ਹੈਕ ਕਰ ਲੈਣ, ਤੁਸੀਂ ਕੰਪਿਊਟਰ ਤੇ ਪੇਪਰ ਕਰਵਾਉਣ ਲੱਗ ਜਾਓ ਤਾਂ ਉਹ ਹੈਕ ਕਰ ਦੇਣ। ਪ੍ਰੋਬਲਮਜ਼ ਤਾਂ ਆਉਣਗੀਆਂ। Issue is ਕਿ ਕੀ ਉਨ੍ਹਾਂ ਨੂੰ address ਕਰਨ ਲਈ ਤੁਹਾਡੀ ਇਨਟੈਂਸ਼ਨ ਹੈ? 2023 ਵਿੱਚ ਪ੍ਰੋਬਲਮ ਆਈ, ਮੈਂ ਪੇਪਰ ਕੈਂਸਲ ਕੀਤਾ before the exam started, i fixed it. ਅਜੇ ਵੀ ਹਰ ਵਾਰੀ ਬੋਰਡ ਹੋਰ ਰਿਸਰਚ ਕਰਦਾ ਹੈ ਕਿ ਹੋਰ ਬੈਟਰ ਕਿਵੇਂ ਕੀਤਾ ਜਾ ਸਕਾਦ ਹੈ। ਇਸ ਨੂੰ ਹੋਰ ਬੈਟਰ ਕਿਵੇਂ ਕਰ ਸਕਦੇ ਹਾਂ। ਏ.ਡੀ.ਓ. ਦਾ ਐਗਜ਼ਾਮ ਹੈ, ਉਸ ਤੇ ਇਨਕੁਆਰੀ ਹੋਈ ਹੈ, nothing wrong was found.

**1410/Sukhpiar Singh**

PSSSB ਦੇ ਇੱਕ exam ਦੀ ਇਨਕੁਆਰੀ ਅਜੇ ਚਲ ਰਹੀ ਹੈ। This is all five, ਜਿਹੜੇ ਵਾਇਰਲ ਕਰਦੇ ਹਨ, ਇਹ ਇੱਕ-ਇੱਕ ਦਾ ਜਵਾਬ ਹੈ। ਅਜੇ ਵੀ ਮੈਂ ਇਹੀ ਕਹਾਂਗਾ ਕਿ ਜਿਹੜੇ ਐਜੂਕੇਸ਼ਨ ਕਮਿਸ਼ਨ ਦੀ ਗੱਲ ਮੈਂ ਕਰ ਰਿਹਾ ਹਾਂ, ਜਦੋਂ ਦੇਸ਼ ਦਾ ਸੰਵਿਧਾਨ ਬਣ ਰਿਹਾ ਸੀ ਤਾਂ ਬਾਬਾ ਸਾਹਿਬ ਜੀ ਦੇ ਨਾਲ ਹਰ ਪੁਲੀਟੀਕਲ ਅਦਾਰੇ ਤੋਂ ਸਾਰੇ ਬੈਠ ਕੇ ਜਿਹੜੇ ਸਾਡੇ forefathers ਹਨ, ਜਿਨ੍ਹਾਂ ਨੇ ਸਾਡਾ ਸੰਵਿਧਾਨ ਬਣਾਇਆ, ਉਨ੍ਹਾਂ ਨੇ ਹਰ ਚੀਜ਼ ਤੇ ਡਿਬੇਟ ਕੀਤੀ। ਅੱਜ ਲੋੜ ਹੈ, ਅੱਜ ਸਾਨੂੰ ਮੌਕਾ ਮਿਲਿਆ ਹੈ ਕਿ ਤੁਸੀਂ ਸਿੱਖਿਆ ਤੇ ਵੀ ਡਿਬੇਟ ਕਰੋ। ਇਹੀ ਐਂਡ ਵਿੱਚ Gen Z ਨੂੰ ਸਲਾਮ ਕਰਦੇ ਹੋਏ ਦੋ ਲਾਈਨਾਂ ਹਨ ਅਤੇ ਮੈਂ ਆਪਣੀ ਗੱਲ ਖਤਮ ਕਰਾਂਗਾ।

**दरिया, तेरी अब ख़ैर नहीं,**
**बूंदों ने बगावत कर ली है।**
**नादान, न समझ बुज़दिल इनको,**
**लहरों ने बगावत कर ली है।**

**हम परवाने हैं मौत के भी,**
**मरने का किसको ख़ौफ़ यहाँ।**
**ऐ तलवार, तुझे झुकना होगा,**
**गर्दन ने बगावत कर ली है।**

ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਬਹੁਤ ਧੰਨਵਾਦ ਜੀ। ਮੈਂ ਇੱਕ ਥੋੜ੍ਹੀ ਜਿਹੀ ਗੱਲ ਐਡ ਕਰਨੀ ਚਾਹੁੰਦਾ ਹਾਂ। ਮੈਨੂੰ ਤਾਂ ਆਪਣੇ ਫਰੈਂਡਸ ਤੇ ਆਉਂਦਾ ਹੈ ਕਿ ਤੁਸੀਂ ਇਹ ਕਹੀ ਜਾਂਦੇ ਹੋ ਕਿ ਅਸੀਂ ਕੋਰਟ ਫਾਸਟ-ਟ੍ਰੈਕ ਕਰ ਦੇਵਾਂਗੇ, ਪੇਪਰ ਲੀਕ ਬੰਦ ਨਹੀਂ ਕਰਨੀ, ਕਮਾਲ ਦੀ ਗੱਲ ਹੈ। ਸੋ, ਇਆਲੀ ਸਾਹਿਬ ਆਪਣੀ ਗੱਲ ਰੱਖਣਗੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਧੰਨਵਾਦ, ਸਪੀਕਰ ਸਾਹਿਬ, ਜੋ ਸਾਡੇ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਮਤਾ ਲੈ ਕੇ ਆਏ ਹਨ, ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਕੁਝ ਦਿਨ ਪਹਿਲਾਂ ਜੰਤਰ-ਮੰਤਰ ਤੇ ਬਹੁਤ ਵੱਡਾ ਪ੍ਰੋਟੈਸਟ ਹੋਇਆ ਜਿਸ ਵਿੱਚ ਸਾਡੇ ਵਿਦਿਆਰਥੀ ਜਿਨ੍ਹਾਂ ਨੂੰ Gen-Z ਕਿਹਾ ਜਾਂਦਾ ਹੈ। ਪੂਰੇ ਦੇਸ਼ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਉਹ ਵਿਦਿਆਰਥੀ ਉੱਥੇ ਪਹੁੰਚੇ ਕਿਉਂਕਿ ਕੇਂਦਰ ਸਰਕਾਰ ਦੀਆਂ ਨਲਾਇਕੀਆਂ ਕਰਕੇ NEET ਦਾ ਪੇਪਰ ਲੀਕ ਹੋਇਆ ਜਿਸ ਕਰਕੇ ਜਿਹੜੇ ਵਿਦਿਆਰਥੀ ਦਿਨ-ਰਾਤ ਆਪਣੇ ਭਵਿੱਖ ਨੂੰ ਲੈ ਕੇ ਮਿਹਨਤ ਕਰਦੇ ਹਨ ਲੇਕਿਨ ਜਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਹ ਆਪਣੇ ਭਵਿੱਖ ਨੂੰ ਲੈ ਕੇ demoralise ਵੀ ਹੁੰਦੇ ਹਨ। ਇਸੇ ਲਈ ਇਹ ਪ੍ਰੋਟੈਸਟ ਉਲੀਕਿਆ ਗਿਆ ਸੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਡੇ ਵਿਦਿਆਰਥੀ ਪਹੁੰਚੇ, ਹੋਰ ਵੀ ਬਹੁਤ ਸਾਰੀਆਂ ਰਾਜਨੀਤਿਕ ਪਾਰਟੀਆਂ, ਸੰਸਥਾਵਾਂ ਨੇ ਉਨ੍ਹਾਂ ਦੀ ਹਮਾਇਤ ਕੀਤੀ। ਹੋਰ ਵੀ ਸਰਕਾਰ ਦੇ ਜਿਹੜੇ ਭਰਤੀ ਘੁਟਾਲੇ ਹੋਏ ਹਨ ਜਾਂ ਸਰਕਾਰ ਦੀਆਂ ਕਮੀਆਂ ਕਾਰਨ ਇਹ ਪ੍ਰੋਟੈਸਟ ਹੋਇਆ ਲੇਕਿਨ ਜਿਹੜਾ ਉੱਥੇ ਲਾਠੀਚਾਰਜ ਕੀਤਾ ਗਿਆ, ਉੱਥੇ ਉਨ੍ਹਾਂ ਉੱਪਰ ਜੋ ਕੁੱਟਮਾਰ ਕੀਤੀ ਗਈ। ਮੈਂ ਸਮਝਦਾ ਹਾਂ ਕਿ ਉਹ ਦੁਖਦਾਈ ਹੈ। ਮੈਂ ਉਸ ਦੀ ਸਖਤ ਸ਼ਬਦਾਂ ਦੇ ਵਿੱਚ ਨਿੰਦਾ ਕਰਦਾ ਹਾਂ।

**ਮਾਣਯੋਗ ਸਪੀਕਰ:** ਇਸ ਵਿੱਚ ਉਹ ਵੀ ਐਡ ਕਰੋ ਜੀ, ਜਿਹੜੀ ਪੈਲਟ ਗਨ ਉਨ੍ਹਾਂ ਨੇ ਵਰਤੀ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਪੈਲਟ ਗਨ ਵੀ ਵਰਤੀ ਅਤੇ ਦੂਸਰੀ ਜਿਹੜੀ ਵਾਟਰ ਕੈਨਨਜ਼ ਵੀ ਯੂਜ਼ ਕੀਤੀਆਂ ਗਈਆਂ, ਜੋ ਸਾਰਾ ਕੁਝ ਹੋਇਆ ਹੈ, ਇਸ ਦੀ ਅਸੀਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਉਸ ਦੇ ਨਾਲ ਹੀ ਮੈਂ ਇਸ ਗੱਲ ਦੀ ਸ਼ਲਾਘਾ ਵੀ ਕਰਦਾ ਹਾਂ ਕਿ ਗੁਰੂ ਘਰ ਵੱਲੋਂ ਉੱਥੇ ਆਪਣੇ ਦਰਵਾਜ਼ੇ ਖੋਲ੍ਹੇ ਗਏ, ਉਨ੍ਹਾਂ ਦੇ ਇਲਾਜ ਦਾ ਪ੍ਰਬੰਧ ਵੀ

ਕੀਤਾ ਗਿਆ, ਉਨ੍ਹਾਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ, ਉਨ੍ਹਾਂ ਵਿਦਿਆਰਥੀਆਂ ਦੇ ਰਹਿਣ ਦਾ ਪ੍ਰਬੰਧ ਵੀ ਕੀਤਾ ਗਿਆ। ਫਿਰ ਵੀ ਪੰਜਾਬ ਵਿੱਚ ਸਾਡੀਆਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਉਨ੍ਹਾਂ ਵਿਦਿਆਰਥੀਆਂ ਦੀ ਸਪੋਰਟ ਤੇ ਗਈਆਂ ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੀ ਅਤੇ ਸਰਕਾਰ ਨੂੰ ਉਸ ਪ੍ਰੋਟੈਸਟ ਅੱਗੇ ਝੁਕਣਾ ਪਿਆ ਅਤੇ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਅਸਤੀਫਾ ਦੇਣਾ ਪਿਆ। ਮੈਂ ਸਮਝਦਾ ਹਾਂ ਕਿ ਇਹ ਨੌਜਵਾਨ ਵਿਦਿਆਰਥੀਆਂ ਦੀ ਬਹੁਤ ਵੱਡੀ ਜਿੱਤ ਹੈ ਕਿਉਂਕਿ ਕੇਂਦਰ ਸਰਕਾਰ ਨੇ ਜਿੰਨੇ ਵੀ ਫੈਸਲੇ ਲਏ ਹਨ, ਪਹਿਲਾਂ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਲਿਆਉਂਦੇ, ਉਹ ਕਿਸਾਨਾਂ ਦੇ ਵਿਰੁੱਧ ਸੀ, ਉਸ ਤੋਂ ਬਾਅਦ ਇਨ੍ਹਾਂ ਨੇ ਜੋ VB-G RAM G ਸਕੀਮ ਲਿਆਂਦੀ, ਉਹ ਮਜ਼ਦੂਰਾ ਖਿਲਾਫ ਸੀ ਅਤੇ ਮਗਨਰੇਗਾ ਵਰਕਰਾਂ ਲਈ ਜੋ ਸਕੀਮ ਚੱਲ ਰਹੀ ਸੀ, ਉਸ ਨੂੰ ਬੰਦ ਕਰ ਦਿੱਤਾ ਅਤੇ 40:60 ਦੇ ਰੇਸ਼ੋ ਕਰ ਦਿੱਤੀ ਜਿਸ ਲਈ ਸਟੇਟਾਂ ਕੋਲ ਪੈਸਾ ਨਹੀਂ ਹੈ।

*2:14 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਜਿਸ ਕਰਕੇ ਸਾਰੇ ਮਜ਼ਦੂਰ ਵੀ ਕੇਂਦਰ ਸਰਕਾਰ ਖਿਲਾਫ ਹੋਏ ਹਨ। ਉਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਵਿਧਾਨ ਸਭਾ ਵਿੱਚ ਡਿਸਕਸ ਕੀਤਾ ਸੀ, ਉਦੋਂ ਡਿਬੇਟ ਹੋਈ ਸੀ ਕਿ ਜਿਹੜੀ ਨਵੀਂ ਸਕੀਮ ਹੈ, ਜੋ ਮਗਨਰੇਗਾ ਨੂੰ ਰਿਪਲੇਸ ਕਰਕੇ VB-G RAM G ਸਕੀਮ ਹੈ, ਉਸ ਨੂੰ ਲਾਗੂ ਨਹੀਂ ਕਰਾਂਗੇ ਲੇਕਿਨ 1 ਜੁਲਾਈ ਨੂੰ ਪੰਜਾਬ ਸਰਕਾਰ ਨੇ ਇਹ ਸਕੀਮ ਚੁੱਪ-ਚਪੀਤੇ ਲਾਗੂ ਕਰ ਦਿੱਤੀ ਜਿਸ ਦਾ ਨਰੇਗਾ ਵਰਕਰਾਂ ਵੱਲੋਂ ਵਿਰੋਧ ਹੋ ਰਿਹਾ ਹੈ। ਖੰਨੇ ਵਿੱਚ ਮਗਨਰੇਗਾ ਵਰਕਰਾਂ ਵੱਲੋਂ ਪ੍ਰੋਟੈਸਟ ਕੀਤਾ ਜਾ ਰਿਹਾ ਸੀ, ਉਨ੍ਹਾਂ ਤੇ ਲਾਠੀਚਾਰਜ ਕੀਤਾ ਗਿਆ, ਉਨ੍ਹਾਂ ਦੀ ਬੜੀ ਕੁੱਟਮਾਰ ਕੀਤੀ ਗਈ। ਮੈਂ ਉਸ ਗੱਲ ਦੀ ਵੀ ਨਿੰਦਾ ਕਰਦਾ ਹਾਂ।

**1415/Manika Rani**

ਇਹ 15 ਜੁਲਾਈ ਦੀ ਗੱਲ ਹੈ। 16 ਜੁਲਾਈ ਨੂੰ ਖੰਨਾ ਵਿਖੇ ਪ੍ਰੋਟੈਸਟ ਹੋਇਆ। ਇਸ ਤੋਂ ਇਲਾਵਾ 22 ਜੁਲਾਈ ਨੂੰ ਬਰਨਾਲਾ ਵਿਖੇ ਸਫਾਈ ਸੇਵਕ ਆਪਣਾ ਪ੍ਰਦਰਸ਼ਨ ਕਰ ਰਹੇ ਸਨ, ਉਨ੍ਹਾਂ ਦੀ ਵੀ ਬੜੀ ਕੁੱਟਮਾਰ ਕੀਤੀ ਗਈ। ਸੋ, ਉਸ ਗੱਲ ਦੀ ਵੀ ਮੈਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ ਕਿਉਂਕਿ ਜਿਹੜੀ ਸਾਡੀ ਸਰਕਾਰ ਹੈ, ਚਾਹੇ ਉਹ ਕੇਂਦਰ ਦੀ ਸਰਕਾਰ ਹੋਵੇ, ਚਾਹੇ ਸੂਬੇ ਦੀ ਸਰਕਾਰ ਹੋਵੇ, ਹਰੇਕ ਕੋਲ ਪ੍ਰੋਟੈਸਟ ਕਰਨ ਦਾ ਹੱਕ ਹੈ। ਇਹ ਡੈਮੋਕਰੈਸੀ ਵਿੱਚ ਹੱਕ ਦਿੱਤਾ ਗਿਆ ਹੈ। ਜੇਕਰ ਕਿਤੇ ਵੀ ਸਰਕਾਰ ਦੀਆਂ ਕੋਈ ਕਮੀਆਂ ਹਨ ਜਾਂ ਸਰਕਾਰ ਦੀਆਂ ਨਲਾਇਕੀਆਂ ਹਨ ਜਾਂ ਸਾਡੇ ਨਾਲ ਕਿਸੇ ਪ੍ਰਕਾਰ ਦਾ ਧੱਕਾ ਹੋ ਰਿਹਾ ਹੈ ਤਾਂ ਅਸੀਂ ਉਸ ਖਿਲਾਫ ਪ੍ਰੋਟੈਸਟ ਕਰ ਸਕਦੇ ਹਾਂ। ਲੇਕਿਨ ਜੋ ਕੇਂਦਰ ਵਿੱਚ ਹੋਇਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਜਿਹੜੀ ਮਗਨਰੇਗਾ ਅਤੇ ਸਫਾਈ ਸੇਵਕਾਂ ਨਾਲ ਧੱਕੇਸ਼ਾਹੀ ਕੀਤੀ ਗਈ ਹੈ, ਉਨ੍ਹਾਂ ਦੀ ਕੁੱਟਮਾਰ ਕੀਤੀ ਗਈ ਹੈ ਅਤੇ ਬਹੁਤ ਸਾਰੀਆਂ ਬੀਬੀਆਂ ਦੀਆਂ ਲੱਤਾਂ ਤੱਕ ਤੋੜ ਦਿੱਤੀਆਂ ਗਈਆਂ ਹਨ, ਉਸ ਦੀ ਵੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਸੋ, ਆਉਣ ਵਾਲੇ ਸਮੇਂ ਵਿੱਚ ਚਾਹੇ ਕੇਂਦਰ ਦੀ ਸਰਕਾਰ ਜਾਂ ਸੂਬੇ ਦੀ ਸਰਕਾਰ ਹੈ, ਉਨ੍ਹਾਂ ਵੱਲੋਂ ਪ੍ਰਦਰਸ਼ਨਕਾਰੀਆਂ ਦੇ ਖਿਲਾਫ ਇਸ ਤਰ੍ਹਾਂ ਦਾ ਤਸ਼ੱਦਦ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜੋ ਕੇਂਦਰ ਸਰਕਾਰ ਅਤੇ ਪੰਜਾਬ

ਸਰਕਾਰ ਵੱਲੋਂ ਪ੍ਰੋਟੈਸਟਰਾਂ ਦੇ ਖਿਲਾਫ ਕੀਤਾ ਗਿਆ ਹੈ, ਉਸ ਲਈ ਮੈਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ):** ਬਹੁਤ-ਬਹੁਤ ਧੰਨਵਾਦ ਜੀ। ਮੈਂ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ, ਪੰਜਾਬ ਜਿਨ੍ਹਾਂ ਵੱਲੋਂ ਜੋ ਪਿਛਲੇ ਦਿਨੀਂ ਦਿੱਲੀ ਵਿਖੇ ਸੈਂਟਰ ਦੀ ਸਰਕਾਰ ਨੇ ਬੱਚਿਆਂ ਉੱਤੇ ਲਾਠੀਚਾਰਜ, ਕੁੱਟਮਾਰ, ਅੱਤਿਆਚਾਰ ਅਤੇ ਏ.ਕੇ.-47 ਅਤੇ ਹੋਰ ਬੜਾ ਕੁਝ, ਉਸ ਦੇ ਰੋਸ ਵਜੋਂ ਨਿੰਦਾ ਪ੍ਰਸਤਾਵ ਲੈ ਕੇ ਆਏ ਹਨ, ਉਸ ਲਈ ਧੰਨਵਾਦ ਕਰਦਾ ਹਾਂ। ਸਭ ਤੋਂ ਪਹਿਲਾਂ ਮੈਂ ਇਸ ਮਤੇ ਤੇ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਮੈਂ ਚੀਮਾ ਸਾਹਿਬ ਨਾਲ ਵੀ ਸਹਿਮਤੀ ਪ੍ਰਗਟ ਕਰਦਾ ਹਾਂ। ਆਪਾਂ ਪੰਜਾਬ ਦੀ ਧਰਤੀ ਉੱਤੇ ਖੜ੍ਹੇ ਹਾਂ ਅਤੇ ਇਹ ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ ਹੈ। ਅੱਜ ਪੰਜਾਬ ਐਜੂਕੇਸ਼ਨ ਦੇ ਵਿੱਚ ਪੂਰੇ ਦੇਸ਼ ਦੇ ਵਿੱਚੋਂ ਪਹਿਲੇ ਨੰਬਰ ਤੇ ਹੈ। (ਥੰਪਿੰਗ) ਪੰਜਾਬ ਦੀ ਵਿਧਾਨ ਸਭਾ ਵਿੱਚ ਇਹੋ-ਜਿਹਾ ਪ੍ਰਸਤਾਵ ਲੈ ਕੇ ਆਉਣਾ, ਮੈਨੂੰ ਲੱਗਦਾ ਹੈ ਕਿ ਪੂਰਾ ਦੇਸ਼, ਪੂਰੇ ਦੇਸ਼ ਦੇ ਬੱਚੇ, ਪੂਰੇ ਦੇਸ਼ ਦੇ Gen-Z, ਉਹ ਪੰਜਾਬ ਦੇ ਲੋਕਾਂ ਤੋਂ, ਪੰਜਾਬ ਦੀ ਵਿਧਾਨ ਸਭਾ ਤੋਂ ਅਤੇ ਪੰਜਾਬ ਦੀ ਸਰਕਾਰ ਤੋਂ ਇਸ ਤਰ੍ਹਾਂ ਦੀ ਹੀ ਆਸ ਕਰਦੇ ਹਨ। ਪਿਛਲੇ ਦਿਨੀਂ ਮੈਨੂੰ ਨਹੀਂ ਲੱਗਦਾ ਕਿ ਦੇਸ਼ ਦਾ ਕੋਈ ਵੀ ਇਹੋ-ਜਿਹਾ ਵਾਸੀ ਹੋਵੇ, ਜਿਸ ਨੇ ਜੰਤਰ-ਮੰਤਰ ਤੋਂ ਆਈਆਂ ਫੋਟੋਆਂ ਨਾ ਦੇਖੀਆਂ ਹੋਣ। ਕੇਂਦਰ ਸਰਕਾਰ ਨੇ ਪਹਿਲਾਂ ਵੀ ਕਿਸਾਨਾਂ ਅਤੇ ਮਜ਼ਦੂਰਾਂ ਉੱਤੇ ਬੜੇ ਅੱਤਿਆਚਾਰ ਕੀਤੇ ਹਨ। ਬਾਕੀ ਸਟੇਟਾਂ ਵਿੱਚ ਬੜਾ ਕੁਝ ਹੋਇਆ ਪਰ ਫਿਰ ਵੀ ਕਿਤੇ ਨਾ ਕਿਤੇ ਸਾਡੇ ਦੇਸ਼ ਦੇ ਬੱਚਿਆਂ ਨੂੰ ਆਸ ਸੀ ਕਿ ਕੇਂਦਰ ਸਰਕਾਰ ਸਾਡੀ ਸਰਕਾਰ ਹੈ, ਜਦੋਂ ਅਸੀਂ ਪ੍ਰੋਟੈਸਟ ਕਰਨ ਜਾਵਾਂਗੇ ਤਾਂ ਸਾਡੀ ਆਸ ਜ਼ਰੂਰ ਪੂਰੀ ਕਰਨਗੇ। ਉਹ ਬੜੇ ਚਾਵਾਂ-ਲਾਡਾਂ ਨਾਲ ਕੇਂਦਰ ਦੀ ਸਰਕਾਰ ਕੋਲ ਗਏ। ਉਹ ਸੋਚਦੇ ਸਨ ਕਿ ਆਪਣੀ ਤਾਂ ਸਰਕਾਰ ਹੈ ਅਤੇ ਆਪਾਂ ਆਪਣੀ ਮੰਗ ਮੰਗਵਾ ਆਵਾਂਗੇ। ਉਨ੍ਹਾਂ ਵਿੱਚੋਂ ਕੋਈ ਬੈੱਗ ਲੈ ਕੇ ਗਿਆ, ਕੋਈ ਕਿਤਾਬਾਂ ਲੈ ਕੇ ਗਿਆ ਅਤੇ ਕੋਈ ਨਾਲ ਰੋਟੀ ਲੈ ਕੇ ਗਿਆ ਪਰੰਤੂ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਜਿਹੜੀ ਇਹ ਕੇਂਦਰ ਦੀ ਸਰਕਾਰ ਹੈ, ਜਿਨ੍ਹਾਂ ਨੇ ਪਹਿਲਾਂ ਕਿਸੇ ਨੂੰ ਨਹੀਂ ਬਖਸ਼ਿਆ ਹੈ, ਇਹ ਤੁਹਾਨੂੰ ਕੀ ਬਖਸ਼ਣਗੇ। ਇਹੋ-ਜਿਹੀਆਂ ਵੀਡੀਓਜ਼ ਅਤੇ ਫੋਟੋਆਂ ਉੱਥੋਂ ਸਾਹਮਣੇ ਆਈਆਂ ਤਾਂ ਮੈਂ ਹੈਰਾਨ ਹੋ ਗਿਆ ਔਰ ਮੈਨੂੰ ਨਹੀਂ ਲੱਗਦਾ ਕਿ ਕੋਈ ਇਹ ਫੋਟੋਆਂ ਜਾਂ ਵੀਡੀਓ ਦੇਖ ਕੇ ਹੈਰਾਨ ਨਾ ਹੋਇਆ ਹੋਵੇ ਅਤੇ ਜਿਸ ਦੀਆਂ ਅੱਖਾਂ ਵਿੱਚ ਹੰਝੂ ਨਾ ਆਏ ਹੋਣ। ਮੈਨੂੰ ਵਿਧਾਨ ਸਭਾ ਵਿੱਚ ਬੜੇ ਮੁੱਦਿਆਂ ਉੱਤੇ ਬੋਲਣ ਦਾ ਮੌਕਾ ਮਿਲਿਆ ਪਰੰਤੂ ਸਭ ਤੋਂ ਵੱਧ ਅੱਜ ਮੈਂ ਨਿੱਜੀ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਨਿੰਦਾ ਪ੍ਰਸਤਾਵ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਰ, ਜਿਸ ਦਿਨ ਮੈਂ ਉਹ ਵੀਡਿਉਜ਼ ਦੇਖੀਆਂ, ਜਿਸ ਵਿੱਚ ਉਨ੍ਹਾਂ ਨੇ ਛੋਟੇ-ਛੋਟੇ ਬੱਚਿਆਂ ਨੂੰ ਕੁੱਟਿਆ, ਉਨ੍ਹਾਂ ਦੀਆਂ ਲੱਤਾਂ, ਗੋਡਿਆਂ ਅਤੇ ਸਿਰਾਂ ਵਿੱਚ ਸਿੱਧੀਆਂ ਡਾਗਾਂ ਮਾਰੀਆਂ ਗਈਆਂ। ਮੇਰੀਆਂ ਭੈਣਾਂ, ਬੱਚੀਆਂ ਜਿਹੜੀਆਂ ਉਥੇ ਪ੍ਰੋਟੈਸਟ ਵਿੱਚ ਗਈਆਂ ਸਨ, ਉਨ੍ਹਾਂ ਨੂੰ ਪੁਲਿਸ ਵਾਲਿਆਂ ਵੱਲੋਂ ਟੌਰਚਰ ਕੀਤਾ ਗਿਆ ਅਤੇ ਉਨ੍ਹਾਂ ਨਾਲ ਗਲਤ ਹਰਕਤਾਂ ਵੀ ਕੀਤੀਆਂ ਗਈਆਂ। ਸਰ, ਦੇਸ਼ ਦਾ ਦੋ ਕਰੋੜ ਬੱਚਾ ਹੈ, ਜੋ ਨੀਟ ਦਾ ਪੇਪਰ ਦੇ ਰਿਹਾ ਸੀ ਅਤੇ ਉਹ ਪੇਪਰ ਲੀਕ ਹੋ ਗਿਆ। ਸਰ, ਹੁਣ ਤੱਕ 70 ਪੇਪਰ ਲੀਕ ਹੋਏ ਹਨ। 70 ਪੇਪਰ ਤਾਂ ਉਹ ਹਨ, ਜਿਨ੍ਹਾਂ ਬਾਰੇ ਪਤਾ ਲੱਗ ਗਿਆ ਹੈ। ਸਰ, ਲੀਕ ਹੋਣ ਦੀ ਗਿਣਤੀ ਤਾਂ ਇਸ ਤੋਂ ਵੀ ਜ਼ਿਆਦਾ ਹੋਵੇਗੀ, ਜਿਨ੍ਹਾਂ ਦਾ ਅੱਜ ਤੱਕ ਪਤਾ ਹੀ ਨਹੀਂ ਲੱਗਿਆ ਹੈ। ਦੋ ਕਰੋੜ ਬੱਚੇ ਸਾਡੇ ਤੋਂ ਕੀ ਮੰਗਦੇ ਸਨ? ਦੇਸ਼ ਦੀ ਸਰਕਾਰ ਤੋਂ ਬੱਚੇ ਇਹ ਮੰਗਦੇ ਸਨ ਕਿ ਅਸੀਂ ਆਮ ਘਰਾਂ ਦੇ ਬੱਚੇ

ਹਾਂ। ਅਸੀਂ ਮਿਹਨਤਾਂ ਕੀਤੀਆਂ ਹਨ ਅਤੇ ਅਸੀਂ ਨੀਟ ਦਾ ਪੇਪਰ ਦੇਣ ਆਏ ਹਾਂ ਅਤੇ ਸਾਡਾ ਮੈਰਿਟ ਦੇ ਆਧਾਰ ਤੇ ਪੇਪਰ ਹੋਵੇ ਤਾਂ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਸੇਵਾ ਕਰ ਸਕੀਏ। ਅਸੀਂ ਡਾਕਟਰ ਬਣ ਸਕੀਏ ਪਰੰਤੂ ਕੇਂਦਰ ਸਰਕਾਰ ਨੂੰ ਮਨਜ਼ੂਰ ਨਹੀਂ ਸੀ। ਹੰਕਾਰੀ ਰਾਜੇ ਨੇ ਆਖਿਆ ਕਿ ਮੈਂ ਤਾਂ ਬਾਕੀਆਂ ਦੀ ਨਹੀਂ ਚੱਲਣ ਦਿੱਤੀ। ਇਹ ਬੱਚੇ ਕੌਣ ਹਨ। ਇਨ੍ਹਾਂ ਬੱਚਿਆਂ ਨੂੰ ਤਾਂ ਅਸੀਂ ਦੋ ਮਿੰਟ ਵਿੱਚ ਪਾਸੇ ਕਰ ਦਿਆਂਗੇ। ਮੈਂ ਕੇਂਦਰ ਦੀ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਦੇਸ਼ ਹਮੇਸ਼ਾਂ ਨੌਜਵਾਨਾਂ ਦੇ ਮੋਢਿਆਂ ਤੇ ਚੱਲਿਆ ਹੈ। ਅੱਜ ਆਪਾਂ ਅੰਗਰੇਜ਼ੀ ਦੇ ਵਿੱਚ Gen-Z ਲਫਜ਼ ਦੇ ਦਿੱਤਾ ਪਰ ਜੇ ਤੁਸੀਂ ਪੰਜਾਬ ਜਾਂ ਦੇਸ਼ ਦਾ ਪੁਰਾਣਾ ਇਤਿਹਾਸ ਕੱਢ ਲਿਉ ਤਾਂ ਇੱਥੇ ਭਗਤ ਸਿੰਘ ਵਰਗਿਆਂ ਨੇ 23-23 ਸਾਲ ਦੀ ਉਮਰ ਵਿੱਚ

**1420/Gurpreet kaur**

21-21 ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭੇ ਵਰਗਿਆਂ ਨੇ , ਊਧਮ ਸਿੰਘ ਵਰਗੇ ਸਾਰੇ ਨੌਜਵਾਨਾਂ ਨੇ ਲਗਾਤਾਰ ਜ਼ੁਲਮ ਖਿਲਾਫ ਅਵਾਜ਼ ਚੁੱਕੀ ਹੈ ਅਤੇ ਅਜਿਹੇ ਲੋਕਾਂ ਨੂੰ ਸਾਡਾ ਨੌਜਵਾਨ ਰੋਲ ਮਾਡਲ ਮੰਨਦਾ ਹੈ। ਸ੍ਰੀ ਅਰਵਿੰਦ ਕੇਜਰੀਵਾਲ ਵਰਗੇ ਲੋਕ, ਮਨੀਸ਼ ਸਿਸੋਦੀਆ ਵਰਗੇ ਲੋਕ ਜਿਨ੍ਹਾਂ ਨੇ ਦੇਸ਼ ਵਿੱਚ ਐਜੂਕੇਸ਼ਨ ਸਿਸਟਮ ਬਣਾਇਆ, ਇਨ੍ਹਾਂ ਲੋਕਾਂ ਤੇ ਵੀ ਉਨ੍ਹਾਂ ਨੇ ਅੱਤਿਆਚਾਰ ਕੀਤੇ। ਸਭ ਤੋਂ ਵੱਡੀ ਗੱਲ ਇਸ ਅੰਦੋਲਨ ਵਿੱਚ ਇਹ ਨਿਕਲ ਕੇ ਆਈ ਕਿ ਬੀ.ਜੇ.ਪੀ ਨੇ ਪਿਛਲੇ 13-14 ਸਾਲਾਂ ਵਿੱਚ through media, through abusive language ਸਾਰੀਆਂ ਸਰਕਾਰੀ ਸੰਸਥਾਵਾਂ ਤੇ ਕਬਜ਼ਾ ਕਰਕੇ ਜਿਹੜਾ ਇੱਕ ਬਹੁਤ ਵੱਡਾ ਗੁਬਾਰਾ ਬਣਾਇਆ ਸੀ, ਦੇਸ਼ ਦੇ ਨੌਜਵਾਨਾਂ ਨੇ, ਛੋਟੇ ਛੋਟੇ ਬੱਚਿਆਂ ਨੇ ਸਿਰਫ 4-5 ਦਿਨ ਦੇ ਪ੍ਰੋਟੈਸਟ ਵਿੱਚ ਬੀ.ਜੀ.ਪੀ. ਦੇ ਗੁਬਾਰੇ ਵਿੱਚੋਂ ਹਵਾ ਕੱਢ ਦਿੱਤੀ। ਇਨ੍ਹਾਂ ਨੂੰ ਉਦੋਂ ਪਤਾ ਲੱਗਾ ਕਿ ਦੇਸ਼ ਦਾ ਨੌਜਵਾਨ ਵਾਕਿਆ ਹੀ ਜਾਗਰੂਕ ਹੈ। ਫਿਰ ਜਾ ਕੇ ਮੋਦੀ ਸਾਹਿਬ ਵਰਗਿਆਂ ਨੂੰ ਪਤਾ ਲੱਗਾ ਕਿ ਇੱਥੇ ਤਾਂ ਅਸਤੀਫਾ ਵੀ ਦੇਣਾ ਪੈਣਾ ਹੈ ਅਤੇ ਰਾਤ ਨੂੰ ਸਾਢੇ ਬਾਰਾਂ ਵਜੇ ਲਾਈਵ ਵੀ ਹੋਣਾ ਪੈਣਾ ਹੈ। ਛੋਟੇ ਛੋਟੇ ਬੱਚਿਆਂ ਨੇ ਕੈਮਰਾ ਫੜਨਾ ਸਿਖਾਇਆ ਕਿ ਕੈਮਰਾ ਥੱਲਿਓਂ ਫੜਦੇ ਹਨ ਜਾਂ ਉਤਾਂਹ ਤੋਂ ਫੜਦੇ ਹਨ। ਜਿਹੜਾ ਮੋਦੀ ਹੰਕਾਰੀ ਸੀ ਉਸ ਨੂੰ ਛੋਟੇ ਛੋਟੇ ਬੱਚਿਆਂ ਨੇ ਇਹ ਸਿਖਾਇਆ ਕਿ ਜੇਕਰ ਸਾਨੂੰ ਫਰੈਂਡਜ਼ ਕਹੋਗੇ ਤਾਂ ਹੋ ਸਕਦਾ ਹੈ ਕਿ ਅਸੀਂ ਮਾਫ ਕਰ ਦੇਈਏ ਪਰ ਜੇਕਰ ਕੋਈ ਗਲਤੀ ਕਰ ਲਵੇ ਤਾਂ ਸਜ਼ਾ ਮਾਫ ਹੋ ਜਾਂਦੀ ਹੈ ਪਰ ਗੁਨਾਹਾਂ ਦੀ ਮਾਫੀ ਕਦੇ ਨਹੀਂ ਮਿਲਦੀ। ਛੋਟੇ ਛੋਟੇ ਬੱਚਿਆਂ ਨੂੰ ਕੁੱਟ ਕੇ ਜੋ ਇਨ੍ਹਾਂ ਨੇ ਗੁਨਾਹ ਕੀਤੇ ਹਨ, ਇਨ੍ਹਾਂ ਗੁਨਾਹਾਂ ਦੀ ਮੁਆਫੀ ਨਹੀਂ ਮਿਲਦੀ। ਅੱਜ ਮੈਂ ਇਸ ਵਿਧਾਨ ਸਭਾ ਵਿੱਚ ਲਿਮਟਿਡ ਸ਼ਬਦਾਂ ਨਾਲ ਲਿਮਟਿਡ ਸਮੇਂ ਵਿੱਚ ਕੇਂਦਰ ਦੀ ਸਰਕਾਰ, ਮੋਦੀ ਦੀ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਇੱਕ ਵਾਰਨਿੰਗ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਬੱਚਿਆਂ ਨੇ ਡਾਕਟਰ ਬਣਨਾ ਸੀ ਅਤੇ ਅੱਗੇ ਜਾ ਕੇ ਉਨ੍ਹਾਂ ਨੇ ਇਲਾਜ ਕਰਨਾ ਸੀ ਅਤੇ ਟੀਕੇ ਲਗਾਉਣੇ ਸਨ, ਉਨ੍ਹਾਂ ਨੇ ਅਜਿਹਾ ਟੀਕਾ ਮੋਦੀ ਸਰਕਾਰ ਦੇ ਲਗਾਇਆ, ਇਨ੍ਹਾਂ ਦਾ ਸਾਰੇ ਦਾ ਸਾਰਾ ਸਿਸਟਮ ਹਿਲਾ ਕੇ ਰੱਖ ਦਿੱਤਾ। ਪ੍ਰੋਟੈਸਟ ਹੋ ਗਿਆ ਹੈ ਅਤੇ ਅਸਤੀਫਾ ਵੀ ਹੋ ਗਿਆ ਪਰ ਜਿਹੜੀਆਂ ਤੁਹਾਡੀਆਂ ਘਟੀਆ ਚਾਲਾਂ ਹਨ ਜਿਨ੍ਹਾਂ ਤੇ ਸਾਨੂੰ ਪਹਿਲਾਂ ਵੀ ਸ਼ੱਕ ਸੀ ਕਿ ਤੁਸੀਂ ਇੰਨੀ ਛੇਤੀ ਮਾਫੀ ਮੰਗਣ ਵਾਲੇ ਨਹੀਂ ਹੋ। ਜਦੋਂ ਤੋਂ ਪ੍ਰੋਟੈਸਟ ਖਤਮ ਹੋਇਆ, ਉਸ ਤੋਂ ਬਾਅਦ ਜਿਹੜੇ ਬੱਚੇ ਪ੍ਰੋਟੈਸਟ ਤੇ ਗਏ ਸੀ ਉਨ੍ਹਾਂ ਨੂੰ ਚੁਣ ਚੁਣ ਕੇ ਐਫ.ਆਈ.ਆਰ. ਦਰਜ ਕੀਤੀ

ਗਈ। ਉਨ੍ਹਾਂ ਨੂੰ ਘਰਾਂ ਤੋਂ ਚੁੱਕਣਾ ਸ਼ੁਰੂ ਕਰ ਦਿੱਤਾ। ਜਿਹੜੇ ਇਨ੍ਹਾਂ ਨੇ ਬੀ.ਜੀ.ਪੀ. ਦੇ ਕਰਿੰਦੇ ਰੱਖੇ ਹੋਏ ਹਨ, ਉਨ੍ਹਾਂ ਵੱਲੋਂ ਬੱਚਿਆਂ ਨੂੰ ਟਾਰਚਰ ਕੀਤਾ ਜਾਣ ਲੱਗਾ। ਇਨ੍ਹਾਂ ਦੀਆਂ ਬਹੁਤ ਵੀਡੀਓਜ਼ ਆਈਆਂ। ਤੁਰੇ ਜਾਂਦੇ ਬੱਚਿਆਂ ਨੂੰ ਅਤੇ ਗੱਡੀਆਂ ਵਿੱਚੋਂ ਬੱਚਿਆਂ ਨੂੰ ਲਾਹ ਲਾਹ ਕੇ ਪੁੱਛਣ ਲੱਗ ਗਏ ਕਿ ਤੂੰ ਪ੍ਰੋਟੈਸਟ ਤੇ ਗਿਆ ਸੀ। ਤੂੰ ਮੋਦੀ ਸਾਹਿਬ ਨੂੰ ਗਾਲ੍ਹ ਕੱਢੀ ਸੀ। ਤੂੰ ਅਮਿਤ ਸ਼ਾਹ ਨੂੰ ਗਾਲ੍ਹ ਕੱਢੀ ਸੀ। ਅਸੀਂ ਹੁਣ ਦੇਖਾਂਗੇ ਕਿ ਤੁਹਾਡੇ ਨਾਲ ਕੀ ਬਣਦਾ ਹੈ। ਇਹੋ ਜਿਹੀਆਂ ਘਟਨਾਵਾਂ ਦੇਸ਼ ਵਿੱਚ ਫਿਰ ਸ਼ੁਰੂ ਹੋ ਗਈਆਂ। ਮੈਂ ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚੋਂ ਕੇਂਦਰ ਦੀ ਸਰਕਾਰ ਨੂੰ ਵਾਰਨਿੰਗ ਦਿੰਦਾ ਹਾਂ ਕਿ ਜੇਕਰ ਹਾਲੇ ਵੀ ਤੁਸੀਂ ਉਨ੍ਹਾਂ ਹਰਕਤਾਂ ਤੋਂ ਬਾਜ ਨਾ ਆਏ ਤਾਂ ਇਹ Gen Z ਹੁਣ ਤਿਆਰ ਹੋ ਗਿਆ ਹੈ। ਦੁਬਾਰਾ ਫਿਰ ਉਸੇ ਜੰਤਰ ਮੰਤਰ ਤੇ ਅਸੀਂ ਸਾਰੇ ਖੜ੍ਹੇ ਹੋਵਾਂਗੇ। ਇਸ ਵਾਰ ਤਾਂ ਅਸੀਂ ਮੰਤਰੀ ਦੇ ਅਸਤੀਫੇ ਦੀ ਮੰਗ ਕਰਕੇ ਮੁੜ ਆਏ ਸਨ। ਇਸ ਤੋਂ ਬਾਅਦ ਈ-20 ਲਈ ਨਿਤਿਨ ਗਡਕਰੀ ਦਾ ਅਸਤੀਫਾ ਮੰਗਾਂਗੇ। ਉਸ ਤੋਂ ਬਾਅਦ ਜੇਕਰ ਤੁਸੀਂ ਫਿਰ ਵੀ ਐਫ.ਆਈ.ਆਰਜ਼ ਦਰਜ ਕਰਨੀਆਂ ਬੰਦ ਨਾ ਕੀਤੀਆਂ ਤਾਂ ਇਹੀ ਬੱਚੇ ਦੇਸ਼ ਦੇ ਗ੍ਰਹਿ ਮੰਤਰੀ ਦਾ ਅਸਤੀਫਾ ਉਸੇ ਜੰਤਰ ਮੰਤਰ ਦੀ ਧਰਤੀ ਤੇ ਮੰਗਣਗੇ, ਜਿਨ੍ਹਾਂ ਨੂੰ ਤੁਸੀਂ ਕਾਕਰੋਚ ਕਹਿੰਦੇ ਸਨ। ਉਨ੍ਹਾਂ ਕਾਕਰੋਚਾਂ ਨੇ ਉੱਥੇ ਜੰਤਰ ਮੰਤਰ ਤੇ ਇਕੱਠੇ ਹੋ ਕੇ ਇਨ੍ਹਾਂ ਦੇ 14-15 ਸਾਲ ਦੇ ਨੈਰੇਟਿਵ ਨੂੰ ਤੋੜਿਆ ਹੈ। ਤੁਸੀਂ ਸਮਾਂ ਦਿੱਤਾ, ਉਸ ਵਾਸਤੇ ਬਹੁਤ ਬਹੁਤ ਧੰਨਵਾਦ। ਅਖੀਰ ਵਿੱਚ ਦੁਬਾਰਾ ਫਿਰ ਇਸ ਪੰਜਾਬ ਦੀ, ਇਸ ਗੁਰੂਆਂ ਪੀਰਾਂ ਦੀ ਧਰਤੀ ਤੇ ਇਸ ਅਸੈਂਬਲੀ ਵਿੱਚ ਜਿਹੜਾ ਸਾਡੀ ਸਰਕਾਰ ਮਤਾ ਲੈ ਕੇ ਆਈ ਹੈ, ਨਿੰਦਾ ਪ੍ਰਸਤਾਵ ਲੈ ਕੇ ਆਈ ਹੈ, ਮੈਂ ਉਸ ਦਾ ਧੰਨਵਾਦ ਵੀ ਕਰਦਾ ਹਾਂ। ਮੈਂ ਪੂਰੇ ਦੇਸ਼ ਦੇ ਬੱਚਿਆਂ ਨੂੰ ਕਹਿੰਦਾ ਹਾਂ ਕਿ ਜਦੋਂ ਵੀ ਕਿਤੇ ਦੇਸ਼ ਵਿੱਚ ਅਜਿਹਾ ਅੰਦੋਲਨ ਚੱਲੇਗਾ, ਜਿੱਥੇ ਮਜ਼ਲੂਮਾਂ ਤੇ ਅੱਤਿਆਚਾਰ ਹੋਵੇਗਾ, ਹੋਰ ਕੋਈ ਖੜ੍ਹੇ ਨਾ ਖੜ੍ਹੇ, ਸਾਡੇ ਪੰਜਾਬ ਦੇ ਨੌਜਵਾਨ, ਪੰਜਾਬ ਦੀ ਸਾਰੀ ਟੀਮ, ਆਮ ਆਦਮੀ ਪਾਰਟੀ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇਗੀ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀ ਸਭਾਪਤੀ:** ਗੁਰਪ੍ਰੀਤ ਬਨਾਂਵਾਲੀ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜੋ ਮਤਾ ਸਰਦਾਰ ਹਰਪਾਲ ਸਿੰਘ ਚੀਮਾ ਜੀ ਲੈ ਕੇ ਆਏ ਹਨ, ਇਹ ਜੋ ਨਿੰਦਾ ਪ੍ਰਸਤਾਵ ਆਇਆ ਹੈ ਮੈਂ ਇਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮੇਰੇ ਤੋਂ ਪਹਿਲਾਂ ਬਹੁਤ ਵਿਸਥਾਰ ਨਾਲ ਦੱਸਿਆ ਗਿਆ ਕਿ ਸਾਡੇ ਬੱਚਿਆਂ ਨਾਲ ਕਿਵੇਂ ਜ਼ਿਆਦਤੀਆਂ ਹੋਈਆਂ ਹਨ। ਜੋ ਨੀਟ ਦਾ ਪੇਪਰ ਲੀਕ ਹੋਇਆ।

**1425/Kuldeep kaur**

ਇਸ ਨੇ ਤਾਂ ਇੱਕ ਚੰਗਿਆੜੀ ਦੇ ਤੌਰ ਤੇ ਕੰਮ ਕੀਤਾ ਹੈ ਕਿਉਂਕਿ ਪੰਜਾਬ ਦਾ ਹੀ ਨਹੀਂ ਬਲਕਿ ਸਮੁੱਚੇ ਹਿੰਦੁਸਤਾਨ ਦਾ ਨੌਜਵਾਨ ਬੀ.ਜੇ.ਪੀ. ਦੀਆਂ ਨੀਤੀਆਂ ਤੋਂ ਤੰਗ ਆਇਆ ਹੋਇਆ ਸੀ। ਕੇਂਦਰ ਸਰਕਾਰ ਵੱਲੋਂ ਲਾਰੇ ਲਾਏ ਗਏ ਕਿ ਹਰ ਸਾਲ 2 ਕਰੋੜ ਨੌਕਰੀਆਂ ਦੇਵਾਂਗੇ, ਤੁਹਾਨੂੰ ਪਾਰਦਰਸ਼ੀ ਸ਼ਾਸਨ ਦੇਵਾਂਗੇ ਅਤੇ ਸਾਰੇ ਪਾਸੇ ਪਾਰਦਰਸ਼ੀ ਕੰਮ ਹੋਵੇਗਾ ਪਰ ਅੰਦਰੋ ਅੰਦਰ ਅੰਗਿਆਰੀ ਮੱਚੀ ਜਾਂਦੀ ਸੀ। ਜਿਹੜਾ ਇਹ ਨੀਟ ਦਾ ਪੇਪਰ ਲੀਕ ਹੋਇਆ ਹੈ, ਇਸ ਨੇ ਇੱਕ ਚੰਗਿਆੜੇ

ਦੀ ਤਰ੍ਹਾਂ ਕੰਮ ਕੀਤਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਨੀਟ ਦੀ ਪ੍ਰੀਖਿਆ ਲਈ 22,79,743 ਬੱਚਿਆਂ ਨੇ ਰਜਿਸਟ੍ਰੇਸ਼ਨ ਕੀਤੀ ਸੀ। ਜਦੋਂ ਪਹਿਲਾਂ 3 ਮਈ ਨੂੰ ਇਹ ਪ੍ਰੀਖਿਆ ਹੋਈ ਸੀ, ਉਸ ਵਿੱਚ 22,05,035 ਬੱਚਿਆਂ ਨੇ ਪ੍ਰੀਖਿਆ ਦਿੱਤੀ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੇਪਰ ਤਾਂ ਲੀਕ ਹੋ ਗਿਆ ਹੈ ਤਾਂ ਇਸ ਨਾਲ 22,05,035 ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਗਿਆ ਹੈ। ਇਹ ਪੇਪਰਾਂ ਦੀ ਤਿਆਰੀ ਇੱਕ ਦਿਨ ਵਿੱਚ ਨਹੀਂ ਹੁੰਦੀ ਸਗੋਂ ਬੱਚੇ 10ਵੀਂ ਜਮਾਤ ਤੋਂ ਹੀ ਆਪਣੇ ਘਰ ਛੱਡ ਦਿੰਦੇ ਹਨ। ਕੋਈ ਚੰਡੀਗੜ੍ਹ ਜਾਂਦਾ ਹੈ, ਕੋਈ ਦਿੱਲੀ ਜਾਂਦਾ ਹੈ ਅਤੇ ਕੋਈ ਕੋਟੇ ਜਾ ਕੇ ਬੈਠਦਾ ਹੈ। ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਂ-ਪਿਓ ਵੀ ਬੈਠਦੇ ਹਨ ਅਤੇ ਬੱਚੇ ਤਿਆਰੀ ਕਰਦੇ ਹਨ। ਬੱਚੇ 20-20, 22-22 ਘੰਟੇ ਪੜ੍ਹਦੇ ਹਨ। ਅੱਖਾਂ ਵਿੱਚ ਐਨਕਾਂ ਲੱਗ ਜਾਂਦੀਆਂ ਹਨ ਅਤੇ ਖਾਣਾ ਪੀਣਾ ਵੀ ਭੁੱਲ ਜਾਂਦੇ ਹਨ। ਇੰਨੀ ਤਿਆਰੀ ਕਰਕੇ ਪੇਪਰ ਦਿੱਤਾ ਹੋਵੇ ਅਤੇ ਬੱਚਿਆਂ ਨੂੰ ਪਤਾ ਲੱਗੇ ਕਿ ਸਾਡੇ ਨਾਲ ਧੋਖਾ ਹੋ ਗਿਆ ਹੈ। ਫਿਰ ਜਦੋਂ ਪੇਪਰ ਲੀਕ ਦੀ ਗੱਲ ਪਤਾ ਲੱਗੀ ਅਤੇ ਦੁਬਾਰਾ 21 ਜੂਨ ਨੂੰ ਪੇਪਰ ਹੋਇਆ ਸੀ, ਇਸ ਵਿੱਚ 22 ਬੱਚੇ ਤਾਂ ਅਜਿਹੇ ਰਜਿਸਟਰਡ ਹੋਏ ਹਨ, ਜਿਹੜੇ ਸੁਸਾਈਡ ਕਰ ਗਏ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਿੰਨੇ ਹੀ ਬੱਚੇ ਸੁਸਾਈਡ ਕਰ ਗਏ ਹੋਣਗੇ, ਜਿਨ੍ਹਾਂ ਦੀ ਪੁਲਿਸ ਨੇ ਰਿਪੋਰਟ ਨਹੀਂ ਲਿਖੀ ਹੋਵੇਗੀ ਜਾਂ ਕਿਸੇ ਬਾਰੇ ਅਜੇ ਤੱਕ ਪਤਾ ਨਹੀਂ ਲੱਗਾ ਹੋਵੇਗਾ। ਇਸ ਦਾ ਮਤਲਬ, ਇਨ੍ਹਾਂ ਦੀ ਰਿਪੋਰਟ ਦੇ ਮੁਤਾਬਕ ਇੰਨੇ ਦਿਨਾਂ ਵਿੱਚ ਰੋਜ਼ ਇੱਕ ਬੱਚੇ ਨੇ ਸੁਸਾਈਡ ਕੀਤਾ ਹੈ ਪਰ ਇਹ ਅੰਕੜਾ ਕਿਤੇ ਜ਼ਿਆਦਾ ਹੈ ਕਿਉਂਕਿ ਕਈ ਵਾਰ ਰਿਪੋਰਟਾਂ ਨਹੀਂ ਆਉਂਦੀਆਂ ਅਤੇ ਕਈ ਵਾਰ ਮਾਂ-ਪਿਓ ਰਿਪੋਰਟ ਨਹੀਂ ਲਿਖਾਉਂਦੇ ਜਾਂ ਗੱਲ ਦੱਬੀ ਹੀ ਰਹਿ ਜਾਂਦੀ ਹੈ। 22 ਬੱਚਿਆਂ ਨੇ ਤਾਂ ਆਨ ਰਿਕਾਰਡ ਸੁਸਾਈਡ ਕੀਤਾ ਹੈ। ਇਸ ਦਾ ਜ਼ਿੰਮੇਵਾਰ ਕੌਣ ਹੈ? ਇਸ ਦੇ ਜ਼ਿੰਮੇਵਾਰ ਧਰਮਿੰਦਰ ਪ੍ਰਧਾਨ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਹੈ। ਜਦੋਂ ਬੱਚਿਆਂ ਨੂੰ ਇਹ ਗੱਲ ਪਤਾ ਲੱਗੀ ਤਾਂ ਬੱਚੇ ਇਕੱਠੇ ਹੋ ਕੇ ਪ੍ਰੋਟੈਸਟ ਕਰਨ ਲੱਗੇ ਅਤੇ ਜਦੋਂ ਦੁਬਾਰਾ ਪੇਪਰ ਦੀ ਮਿਤੀ ਦਿੱਤੀ, ਜਿਵੇਂ ਕਿ ਮੇਰੇ ਤੋਂ ਪਹਿਲਾਂ ਚੀਮਾ ਸਾਹਿਬ ਨੇ ਵੀ ਦੱਸਿਆ ਹੈ, ਜਦੋਂ 21 ਜੂਨ ਨੂੰ ਪੇਪਰ ਹੋਇਆ ਤਾਂ 19,99,895 ਬੱਚਿਆਂ ਨੇ ਇਸ ਪੇਪਰ ਵਿੱਚ ਜਾ ਕੇ ਪਾਰਟੀਸੀਪੇਟ ਕੀਤਾ ਸੀ। ਇਸ ਦਾ ਮਤਲਬ ਢਾਈ ਲੱਖ ਦੇ ਕਰੀਬ ਬੱਚਿਆਂ ਨੇ ਪੇਪਰ ਹੀ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਦਾ ਇਸ ਸਿਸਟਮ ਵਿੱਚ ਵਿਸ਼ਵਾਸ ਨਹੀਂ ਰਿਹਾ। ਇਸ ਦੇ ਨਾਲ ਦੀ ਨਾਲ ਬੱਚਿਆਂ ਨੂੰ ਟਰੋਲ ਵੀ ਕੀਤਾ ਗਿਆ। ਜਦੋਂ ਬੱਚੇ ਬੋਲਦੇ ਸੀ ਤਾਂ ਬੀ.ਜੇ.ਪੀ. ਦੀ ਆਈ.ਟੀ. ਟੀਮ ਆਰ.ਐਸ.ਐਸ. ਨੇ ਬੱਚੀਆਂ ਨੂੰ ਟਰੋਲ ਕੀਤਾ। ਉਨ੍ਹਾਂ ਦੇ ਖਿਲਾਫ ਭੱਦੀ ਸ਼ਬਦਾਵਲੀ ਵਰਤੀ ਗਈ ਪਰ ਮੈਂ Gen-Z ਸਾਰੇ ਬੱਚਿਆਂ ਨੂੰ ਸਲੂਟ ਕਰਦਾ ਹਾਂ ਕਿ ਜਿਨ੍ਹਾਂ ਨੇ ਮੀਡੀਆ ਵਿੱਚ ਜਵਾਬ ਵੀ ਦਿੱਤਾ ਹੈ ਅਤੇ ਮੋਦੀ ਅਤੇ ਗੋਦੀ ਮੀਡੀਆਂ ਦੀ ਵੀ ਗੋਡੀ ਲਗਵਾ ਕੇ ਰੱਖ ਦਿੱਤੀ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਦੀ ਨਾਲ ਦੱਸਣਾ ਚਾਹੁੰਦਾ ਹਾਂ ਕਿ ਸਿਰਫ ਇਹ ਪੇਪਰ ਹੀ ਨਹੀਂ ਬਲਕਿ 12ਵੀਂ ਦੇ ਸੀ.ਬੀ.ਐਸ.ਸੀ. ਦੇ ਰਿਜ਼ਲਟ ਵਿੱਚ ਵੀ ਇਹ ਪੇਪਰ ਮਾਰਕਿੰਗ ਕਰਨ ਦਾ ਨਵਾਂ ਸਿਸਟਮ ਆਨਲਾਈਨ ਸਕਰੀਨ ਮਾਰਕਿੰਗ ਸਿਸਟਮ ਲੈ ਕੇ ਆਏ ਹਨ। ਉਸ ਵਿੱਚ ਵੀ ਬਹੁਤ ਵੱਡਾ ਧੋਖਾ ਹੋਇਆ ਹੈ। ਜਦੋਂ ਬੱਚਿਆਂ ਦੇ ਨੰਬਰ ਘੱਟ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਸਾਡਾ ਪੇਪਰ ਤਾਂ ਵਧੀਆ ਹੋਇਆ ਸੀ ਅਤੇ ਨੰਬਰ ਕਿਵੇਂ ਘਟ ਗਏ? ਜਿਨ੍ਹਾਂ ਬੱਚਿਆਂ ਨੇ re-evaluation ਭਰੀ ਤਾਂ ਪਤਾ ਲੱਗਾ ਕਿ ਬੱਚਿਆਂ ਦੀਆਂ answer sheets ਵੀ ਚੇਂਜ ਕੀਤੀਆਂ ਗਈਆਂ ਸਨ। ਕਈ ਬੱਚਿਆਂ ਦੀਆਂ answer sheets ਦੇ ਪੂਰੇ ਪੇਜ ਵੀ ਨਹੀਂ ਸਨ, ਜਿੰਨੇ ਪੇਜਾਂ ਤੇ ਉਨ੍ਹਾਂ ਨੇ answer ਦਿੱਤੇ ਸਨ। ਲੱਖਾਂ ਵਿਦਿਆਰਥੀਆਂ ਨੇ re-evaluation ਕੀਤੀ ਅਤੇ ਸੀ.ਬੀ.ਐਸ.ਸੀ. ਦੇ ਰਿਜ਼ਲਟ ਨਾਲ ਵੀ ਖਿਲਵਾੜ ਕੀਤਾ ਗਿਆ ਸੀ। ਸੋ, ਇਨ੍ਹਾਂ ਸਾਰੀਆਂ ਗੱਲਾਂ ਦੇ ਖਿਲਾਫ ਜਦੋਂ ਸਾਡੇ ਬੱਚੇ ਇਕੱਠੇ ਹੋ ਕੇ ਜੰਤਰ ਮੰਤਰ ਤੇ ਵਿਰੋਧ ਕਰਨ ਗਏ ਤਾਂ

ਤੁਹਾਨੂੰ ਪਤਾ ਹੀ ਹੈ ਕਿ ਉੱਥੇ ਕਿੰਨੀ ਜ਼ਿਆਦਤੀ ਹੋਈ ਹੈ, ਲਾਠੀਚਾਰਜ ਹੋਇਆ ਹੈ। ਬੱਚਿਆਂ ਨੂੰ ਜਿਸ ਤਰ੍ਹਾਂ ਦੀ ਸ਼ਬਦਾਵਲੀ ਬੋਲੀ ਗਈ ਹੈ, ਜਿਸ ਤਰ੍ਹਾਂ ਉਨ੍ਹਾਂ ਨੂੰ ਜ਼ਲੀਲ ਕੀਤਾ ਗਿਆ ਹੈ। ਮੈਂ ਬੱਚਿਆਂ ਨੂੰ ਸਲੂਟ ਕਰਦਾ ਹਾਂ ਕਿ ਅੱਗੇ ਤੋਂ ਪੁਲਿਸ ਵਾਲਿਆਂ ਦੀ ਡਾਂਗ ਵੱਜਦੀ ਸੀ ਤਾਂ ਬੱਚੇ ਕਹਿੰਦੇ ਸੀ ਕਿ ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ, ਮੇਰਾ ਦੇਸ਼ ਮਹਾਨ। ਪੁਲਿਸ ਵਾਲੇ ਬੱਚਿਆਂ ਨੂੰ ਕੁੱਟਦੇ ਸੀ ਤਾਂ ਬੱਚੇ ਪਿੱਛੇ ਨਹੀਂ ਹਟੇ। ਇਹ ਸਭ ਦੇਖ ਕੇ ਅੱਖਾਂ ਵਿੱਚੋਂ ਹੰਝੂ ਆਉਂਦੇ ਸਨ ਕਿ ਕਿਸ ਤਰ੍ਹਾਂ ਬੱਚਿਆਂ ਤੇ ਜ਼ਿਆਦਤੀ ਕੀਤੀ ਜਾ ਰਹੀ ਹੈ। ਬੱਚੇ ਡਾਂਗ ਮਾਰਨ ਵਾਲਿਆਂ ਨੂੰ ਕਹਿੰਦੇ ਸੀ ਕਿ ਅੰਕਲ ਇੱਕ ਦਿਨ ਤੇਰੇ ਬੱਚੇ ਨਾਲ ਵੀ ਇਸ ਤਰ੍ਹਾਂ ਹੀ ਹੋਵੇਗਾ। ਤੇਰੀ ਬੇਟੀ ਨਾਲ ਵੀ ਇਸ ਤਰ੍ਹਾਂ ਹੋਵੇਗਾ, ਤੇਰੇ ਬੇਟੇ ਨਾਲ ਵੀ ਇਸ ਤਰ੍ਹਾਂ ਹੋਵੇਗਾ। ਇਸ ਕਰਕੇ ਡਾਂਗ ਮਾਰਨ ਵਾਲਾ ਵੀ ਹੁਕਮ ਤਾਂ ਮੰਨਦਾ ਸੀ ਪਰ ਉਸ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਆਉਂਦੇ ਸਨ ਕਿ ਮੈਂ ਬੱਚਿਆਂ ਤੇ ਤਸ਼ੱਦਦ ਕਰ ਰਿਹਾ ਹਾਂ ਪਰ ਮੋਦੀ ਦੀਆਂ ਅੱਖਾਂ ਵਿੱਚੋਂ ਹੰਝੂ ਨਹੀਂ ਆਏ। ਹੰਝੂ ਆਉਣ ਵੀ ਕਿਸ ਤਰ੍ਹਾਂ, ਉਸ ਨੂੰ ਕੀ ਪਤਾ ਹੈ ਕਿ ਬੱਚੇ ਦਾ ਦਰਦ ਕੀ ਹੁੰਦਾ ਹੈ। ਜੇ ਬੱਚਾ ਹੋਵੇਗਾ ਤਾਂ ਹੀ ਦਰਦ ਪਤਾ ਲੱਗੇਗਾ। ਮੈਂ ਤਾਂ ਆਪ ਸੋਚਦਾ ਹਾਂ ਕਿ ਹੇ ਸੱਚੇ ਪਾਤਸ਼ਾਹ! ਜੇ ਉਸ ਦੇ ਦੋ ਬੱਚੇ ਹੁੰਦੇ ਤਾਂ ਉਸ ਨੂੰ ਪਤਾ ਲਗਦਾ ਕਿ ਬੱਚੇ ਦੇ ਡਾਂਗ ਵੱਜੀ ਦਾ ਦਰਦ ਕੀ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਹੀ ਇਹ ਪ੍ਰੋਟੈਸਟ ਚੱਲਿਆ ਤਾਂ ਸਰਕਾਰ ਝੁਕ ਵੀ ਗਈ।

**1430/Pawan sharma**

ਜਿਹੜੀ ਇਹ ਕਹਿੰਦੇ ਹਨ ਕਿ ਪੈਲਟ ਗੰਨ ਚਲਾਈ ਹੈ, ਉਹ ਦੇਖੋ, ਦੇਸ਼ ਦੇ ਦੁਸ਼ਮਣਾਂ ਤੇ ਚਲਾ ਦਿੰਦੇ, ਉਸ ਵਿੱਚੋਂ ਛੱਰ੍ਹੇ ਨਿਕਲਦੇ ਹਨ, ਉਸ ਦੀ ਵੀ ਇੱਕ ਲਿਮਟ ਹੁੰਦੀ ਹੈ ਕਿ ਇੰਨੀ ਦੂਰ ਤੋਂ ਚਲਾਓ, ਉਹ ਵੀ ਤਾਂ ਚਲਾਓ ਜਦੋਂ ਹਾਲਾਤ ਬੇਕਾਬੂ ਹੋ ਜਾਣ। ਇਨ੍ਹਾਂ ਨੇ ਤਾਂ ਬੇਦੋਸ਼ੇ, ਨਿਰਦੋਸ਼ ਬੱਚਿਆਂ ਤੇ ਪੈਲਟ ਗੰਨਾਂ ਨਾਲ ਛੱਰ੍ਹੇ ਚਲਾ ਕੇ ਜ਼ਖ਼ਮੀ ਕੀਤਾ, ਮੀਡੀਆ ਦੇ ਵਿੱਚ ਤਸਵੀਰਾਂ ਸਾਹਮਣੇ ਆਈਆਂ। ਅੰਤਰਰਾਸ਼ਟਰੀ ਪੱਧਰ ਤੇ ਅਵਾਜ਼ ਉੱਠੀ ਅਤੇ ਫਿਰ ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਨੌਜਵਾਨ ਦੱਬਦੇ ਨਹੀਂ ਹਨ ਅਤੇ ਫਿਰ ਰਾਤ ਨੂੰ ਲਾਈਵ ਹੋਇਆ, ਜਿਸ ਤਰ੍ਹਾਂ ਦੱਸਿਆ ਗਿਆ ਹੈ ਤੇ ਸਾਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦਾ ਚਿਹਰਾ ਵੀ ਪਤਾ ਲੱਗ ਗਿਆ ਕਿ ਕਿਹੋ ਜਿਹਾ ਹੈ ਕਿਉਂਕਿ ਪਹਿਲਾਂ ਤਾਂ ਮੇਕਅਪ ਵਾਲਾ ਹੀ ਦੇਖਦੇ ਹੁੰਦੇ ਸੀ। ਪਰ ਉਨ੍ਹਾਂ ਨੂੰ ਰਾਤ ਨੂੰ ਲਾਈਵ ਹੋਣਾ ਪੈ ਗਿਆ। ਮੈਂ ਉਨ੍ਹਾਂ ਨੌਜਵਾਨਾਂ ਨੂੰ ਸਲੂਟ ਕਰਦਾ ਹਾਂ ਜਿਨ੍ਹਾਂ ਨੇ ਰਾਤ ਦੀ ਨੀਂਦ ਉਡਾ ਦਿੱਤੀ। ਰਾਤ 12 ਵਜੇ ਲਾਈਵ ਹੋਇਆ, ਫਿਰ ਮੁਆਫੀਆਂ ਮੰਗੀਆਂ, ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਹੋਇਆ, ਝੁਕ ਗਏ ਫਿਰ ਟੇਬਲਟਾਕ ਕਰਕੇ ਗੱਲਾਂ ਕਰ ਲਈਆਂ ਕਿ ਜਿਹੜੇ ਬੱਚੇ ਸੁਸਾਈਡ ਕਰ ਗਏ, ਉਨ੍ਹਾਂ ਨੂੰ ਮੁਆਵਜ਼ਾ ਦੇਵਾਂਗੇ, ਜਿਹੜੇ ਬੱਚਿਆਂ ਤੇ ਐਫ.ਆਈ.ਆਰਜ਼. ਦਰਜ ਹੋਈਆਂ, ਵਾਪਸ ਲਵਾਂਗੇ ਪਰ ਜਦੋਂ ਇਹ ਗੱਲ ਮੁੱਕ ਗਈ, ਪ੍ਰੋਟੈਸਟ ਖਤਮ ਹੋ ਗਿਆ, ਓ ਤੁਸੀਂ ਦੇਸ਼ ਨਾਲ ਧੋਖਾ ਤਾਂ ਕੀਤਾ ਹੀ ਕੀਤਾ ਹੈ, ਸਾਡੇ ਆਉਣ ਵਾਲੇ ਭਵਿੱਖ, ਬੱਚਿਆਂ ਨਾਲ ਵੀ ਧੋਖਾ ਕਰ ਗਏ। ਫਿਰ ਉਹ ਇਕੱਲੀ ਇਕੱਲੀ ਐਫ.ਆਈ.ਆਰ. ਵਿੱਚ ਅਣਪਛਾਤੇ ਬੰਦੇ ਪਾ ਕੇ, ਜਿਹੜੇ ਜਿਹੜੇ ਬੱਚੇ ਮੂਹਰੇ ਨਾਅਰੇ ਲਗਾਉਂਦੇ ਸਨ, ਉਨ੍ਹਾਂ ਦੇ ਘਰਾਂ ਵਿੱਚ ਆਪਣੀ ਆਰ.ਐਸ.ਐਸ. ਦੀ ਆਰਮੀ ਭੇਜ ਦਿੱਤੀ ਕਿ ਇਨ੍ਹਾਂ ਨੂੰ ਡਰਾਓ ਕਿ ਇਨ੍ਹਾਂ ਤੇ ਪਰਚਾ ਕਰਾਂਗੇ, ਭਵਿੱਖ ਨਾਲ ਖਿਲਵਾੜ ਕਰਾਂਗੇ, ਫਲਾਣੇ ਪਰਚੇ ਵਿੱਚ ਨਾਂਅ ਪੁਆਵਾਂਗੇ ਜਾਂ ਸਾਡੇ ਤੋਂ ਮੁਆਫ਼ੀ ਮੰਗ, ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਮੁਆਫ਼ੀ ਮੰਗ। ਹੁਣ ਉਨ੍ਹਾਂ ਦੇ ਮਾਂ ਪਿਉ ਨੂੰ ਡਰਾ ਰਹੇ ਹਨ ਕਿ ਤੁਹਾਡੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰ ਦੇਵਾਂਗੇ, ਫਲਾਣੀ ਐਫ.ਆਈ.ਆਰ. ਵਿੱਚ ਨਾਂਅ ਪਾ ਦੇਵਾਂਗੇ। ਮੁਆਫ਼ੀ ਮੰਗੋ, ਓਏ ਕਿੰਨਿਆਂ ਤੋਂ ਮੁਆਫ਼ੀ

ਮੰਗਾਉਗੇ, ਦੇਸ਼ ਖੜ੍ਹਾ ਹੋ ਗਿਆ। ਜਿਵੇਂ ਕਿਹਾ ਗਿਆ ਹੈ ਕਿ ਤੁਹਾਡੇ ਗ਼ੁਬਾਰੇ ਦੀ ਹਵਾ ਨਿਕਲ ਗਈ ਹੈ, ਅੱਜ ਵੀ ਅਸੀਂ ਜਿਹੜੇ ਬੈਠੇ ਹਾਂ ਵਾਰਨਿੰਗ ਕਰਦੇ ਹਾਂ ਕਿ ਅਸੀਂ ਦੇਸ਼ ਦੇ ਨੌਜਵਾਨਾਂ ਦੇ ਨਾਲ ਹਾਂ, ਜਿਹੜੀਆਂ ਹੁਣ ਚਾਲਾਂ ਚੱਲੀਆਂ ਜਾ ਰਹੀਆਂ ਹਨ ਕਿ ਮੁਆਫ਼ੀ ਮੰਗੋ ਜਾਂ ਤੁਹਾਨੂੰ ਕਹਿੰਦੇ ਹਨ ਕਿ ਸਾਡੀ ਪਾਰਟੀ ਵਿੱਚ ਰਲ ਜਾਵੋ, ਇਸ ਤੋਂ ਇਲਾਵਾ ਹੋਰ ਬਹੁਤ ਕੁਝ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਸਾਡੇ ਹੁਣ ਗੁਣਗਾਨ ਕਰੋ, ਪਰ ਇਹ ਗੱਲਾਂ ਹੁਣ ਚੱਲਣੀਆਂ ਨਹੀਂ ਹਨ। ਸਪੀਕਰ ਸਾਹਿਬ, ਮੈਂ ਇਨ੍ਹਾਂ ਸਾਰਿਆਂ ਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿੰਨੇ ਇਹ ਇਸ ਕੰਮ ਤੇ ਲੱਗੇ ਹੋਏ ਹਨ, ਧਰਮਿੰਦਰ ਪ੍ਰਧਾਨ ਦਾ ਜਦੋਂ ਅਸਤੀਫ਼ਾ ਲੈ ਲਿਆ ਗਿਆ ਅਤੇ ਉਹ ਪਾਰਲੀਮੈਂਟ ਵਿੱਚ ਆਇਆ ਤਾਂ ਉਸ ਦਾ ਸਵਾਗਤ ਇਵੇਂ ਕੀਤਾ ਜਾ ਰਿਹਾ ਸੀ ਜਿਵੇਂ ਓਲੰਪਿਕ ਵਿੱਚ ਮੈਡਲ ਜਿੱਤ ਕੇ ਆਇਆ ਹੋਵੇ। ਉਹ ਸਾਡੇ ਵਿਦਿਆਰਥੀਆਂ ਦਾ ਹਥਿਆਰਾ ਹੈ। ਉਸ ਨੂੰ ਗੁਲਦਸਤੇ ਦਿੱਤੇ ਜਾ ਰਹੇ ਸਨ, ਫੁੱਲ ਸੁੱਟੇ ਜਾ ਰਹੇ ਸਨ ਕਿ ਇਹ ਸਾਡਾ ਹੀਰੋ ਹੈ। ਲੋਕਾਂ ਦੇ ਧੀ ਪੁੱਤ ਮਰਵਾਉਣ ਵਾਲੇ ਇਨ੍ਹਾਂ ਦੇ ਹੀਰੋ ਹਨ ਤਾਂ ਫਿਰ ਤੁਹਾਡੀ ਸੋਚ ਨੂੰ ਲਾਹਨਤ ਹੈ। ਇਹ ਕਹਿੰਦੇ ਹਨ ਕਿ ਸਾਡੀ ਜ਼ਿੰਮੇਵਾਰੀ ਨਹੀਂ। ਜਦੋਂ ਦੇਸ਼ ਦਾ ਕੋਈ ਖਿਡਾਰੀ ਓਲੰਪਿਕ ਵਿੱਚ ਮੈਡਲ ਜਿੱਤਦਾ ਹੈ, ਕਾਮਨਵੈਲਥ ਵਿੱਚ ਮੈਡਲ ਜਿੱਤਦਾ ਹੈ ਜਾਂ ਸਾਡੀ ਫ਼ੌਜ ਅਪਰੇਸ਼ਨ ਸੰਧੂਰ ਵਿੱਚ ਪਾਕਿਸਤਾਨ ਨੂੰ ਸਬਕ ਸਿਖਾਉਂਦੀ ਹੈ ਤਾਂ ਉਸ ਵੇਲੇ ਖਿਡਾਰੀ ਦਾ ਨਾਂਅ ਨਹੀਂ ਲਿਆ ਜਾਂਦਾ, ਉਸ ਵੇਲੇ ਕੋਈ ਫੌਜੀ ਆਰਮੀ ਜਾਂ ਆਰਮੀ ਮੈਨ ਦਾ ਨਾਂਅ ਨਹੀਂ ਲਿਆ ਜਾਂਦਾ ਜਿਹੜਾ ਲੜਾਈ ਲੜਦਾ ਹੈ ਜਾਂ ਵਿਗਿਆਨੀ ਦਾ ਨਾਂਅ ਨਹੀਂ ਲਿਆ ਜਾਂਦਾ।

*02.32 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਉਸ ਵੇਲੇ ਕਿਹਾ ਜਾਂਦਾ ਹੈ ਮੋਦੀ ਮੋਦੀ। ਜਦੋਂ ਹੁਣ ਪੇਪਰ ਲੀਕ ਹੋ ਗਿਆ ਤਾਂ ਕਹਿੰਦੇ ਕਿ ਮੇਰੀ ਜ਼ਿੰਮੇਵਾਰੀ ਨਹੀਂ ਹੈ। ਬੱਲੇ ਓਏ ਤੇਰੇ, ਜਿਹੜੀਆਂ ਪ੍ਰਾਪਤੀਆਂ ਖਿਡਾਰੀਆਂ ਵੱਲੋਂ ਜਾਂ ਫ਼ੌਜ ਵੱਲੋਂ ਕੀਤੀਆਂ ਜਾਣ, ਉੱਥੇ ਮੋਦੀ ਮੋਦੀ ਅਤੇ ਜਿੱਥੇ ਤੁਹਾਡੀ ਜ਼ਿੰਮੇਵਾਰੀ ਫਿਕਸ ਹੁੰਦੀ ਹੈ, ਉੱਥੇ ਤੁਸੀਂ ਭੱਜਦੇ ਹੋ। ਸੋ, ਅਸੀਂ ਅੱਜ ਇਸ ਵਿਧਾਨ ਸਭਾ ਵਿੱਚ ਵਾਰਨਿੰਗ ਦੇਣੀ ਚਾਹੁੰਦੇ ਹਾਂ ਕਿ ਜਿਹੜੇ ਸਾਡੇ ਨੌਜਵਾਨਾਂ ਤੇ ਪਰਚੇ ਦਰਜ ਹੋਏ ਹਨ, ਉਹ ਵਾਪਸ ਲਏ ਜਾਣ। ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਨੌਜਵਾਨਾਂ ਨੂੰ ਡਰਾਇਆ ਧਮਕਾਇਆ ਨਾ ਜਾਵੇ। ਜਿਨ੍ਹਾਂ ਨੇ ਇਹ ਗੰਨਾਂ ਚਲਾਈਆਂ ਹਨ, ਉਨ੍ਹਾਂ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈਆਂ ਕੀਤੀਆਂ ਜਾਣ ਅਤੇ ਅੱਗੇ ਤੋਂ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕੀਤਾ ਜਾਵੇ। ਤੁਸੀਂ ਸਾਡੀ ਨੌਜਵਾਨ ਪੀੜ੍ਹੀ ਦੇ ਕਾਤਲ ਹੋ, ਕਾਤਲ ਹੋ, ਕਾਤਲ ਹੋ। ਸਪੀਕਰ ਸਾਹਿਬ, ਮੈਂ ਇੱਕੋ ਗੱਲ ਕਹਿ ਕੇ ਸਮਾਪਤ ਕਰ ਦੇਵਾਂਗਾ ਕਿ ਚਾਨਣ ਦੀ ਆਸ ਲੈ ਕੇ ਨਿਕਲੇ ਸੀ ਜੋ ਘਰਾਂ ਤੋਂ, ਤੁਹਾਡੀ ਨਾਕਾਮੀ ਸਦਕਾ ਬੁੱਝ ਗਏ ਚਿਰਾਗ਼ ਕਿੰਨੇ, ਜ਼ੁਲਮ ਦੀ ਹੱਦ, ਹੋਇਆ ਸਬਰਾਂ ਦਾ ਅੰਤ, ਸ਼ੀਸ਼ੇ ਤੇ ਚਿਹਰਾ ਤੱਕਿਓ ਤੁਹਾਡੇ ਦਾਮਨ ਤੇ ਦਾਗ਼ ਕਿੰਨੇ(ਥੰਪਿੰਗ)। ਸੋ, ਇਸ ਵਿਧਾਨ ਸਭਾ ਵਿੱਚ ਅਸੀਂ ਵਿਦਿਆਰਥੀਆਂ ਤੇ ਹੋਏ ਜ਼ੁਲਮਾਂ ਦੀ ਨਿੰਦਾ ਕਰਦੇ ਹਾਂ ਤੇ ਅਸੀਂ ਦੁਬਾਰਾ ਫਿਰ ਕਹਿੰਦੇ ਹਾਂ ਕਿ ਜਿਹੜੇ ਨੌਜਵਾਨਾਂ ਤੇ ਪਰਚੇ ਦਰਜ ਹੋਏ ਹਨ ਜਾਂ ਉਨ੍ਹਾਂ ਦੇ ਮਾਂ ਪਿਉ ਜਾਂ ਪਰਿਵਾਰਾਂ ਨੂੰ ਜਿਹੜਾ ਤੰਗ ਕੀਤਾ ਜਾ ਰਿਹਾ ਹੈ, ਡਰਾਇਆ ਧਮਕਾਇਆ ਜਾ ਰਿਹਾ ਹੈ, ਇਹ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ Gen Z ਨਾਲ ਪਹਿਲਾਂ ਵੀ ਸੀ ਤੇ ਅੱਜ ਵੀ ਹਾਂ। ਮੈਂ ਸਾਡੇ ਅਰਵਿੰਦ ਕੇਜਰੀਵਾਲ ਜੀ ਅਤੇ ਮਨੀਸ਼ ਸਿਸੋਦੀਆ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਜਾ ਕੇ ਬੱਚਿਆਂ ਦਾ ਹਾਲ ਚਾਲ ਪੁੱਛਿਆ ਹੈ, ਦਿਨ ਰਾਤ ਉਨ੍ਹਾਂ ਦੇ ਨਾਲ

ਰਹੇ। ਉਨ੍ਹਾਂ ਨਾਲ ਹਸਪਤਾਲ ਗਏ ਅਤੇ ਜਿਹੜੀ ਉਨ੍ਹਾਂ ਨੂੰ ਲੀਗਲ ਐਡ ਚਾਹੀਦੀ ਸੀ, ਉਹ ਦਿੱਤੀ। ਸਾਡੇ ਪੰਜਾਬ ਦੇ ਨੌਜਵਾਨ ਉੱਥੇ ਜਾ ਕੇ ਖੜ੍ਹ ਗਏ ਅਤੇ ਅਸੀਂ ਅਗਾਂਹ ਨੂੰ ਵੀ ਖੜਾਂਗੇ। ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ।

**1435/Beant kaur**

**ਮਾਣਯੋਗ ਸਪੀਕਰ** : ਵੈਸੇ ਇਕ ਗੱਲ ਤਾਂ ਹੈ ਕਿ ਅੱਧੀ ਰਾਤ ਨੂੰ ਲਾਈਵ ਹੋਣਾ ਪਿਆ ਅਤੇ 12 ਵਜੇ ਲਾਈਵ ਹੋ ਕੇ ਕਹਿੰਦੇ ਹਨ ਕਿ ਅਸੀਂ Gen Z ਦੇ ਨਾਲ ਹਾਂ। ਨਾਲ ਤਾਂ ਉਹ ਹੈ ਜਿਹੜਾ ਰਾਤ ਨੂੰ ਉੱਠ ਕੇ ਮਗਰ ਥਾਣੇ ਗਿਆ, ਛੁਡਾ ਕੇ ਲਿਆਇਆ, ਅਰਵਿੰਦ ਕੇਜਰੀਵਾਲ।(ਥੰਪਿੰਗ) ਤੁਹਾਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ ਹੈ, ਤੁਸੀਂ ਬੱਚਿਆਂ ਤੇ ਪੈਲੇਟ ਗਨ ਚਲਾ ਰਹੇ ਹੋ? ਨਿੱਕੇ ਨਿੱਕੇ ਬੱਚਿਆਂ ਤੇ? ਅਜਿਹੀਆਂ ਗੱਲਾਂ ਸੁਣ ਕੇ ਦਿਲ ਦੁਖਦਾ ਹੈ। ਮੈਂ ਹੁਣ ਡਾਕਟਰ ਬਲਬੀਰ ਜੀ ਨੂੰ ਬੇਨਤੀ ਕਰਾਂਗਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਇਹ ਮੁੱਦਾ ਸਾਡੀ ਅਗਲੀ ਪੀੜ੍ਹੀ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਸਾਡੇ ਫਾਈਨਾਂਸ ਮਨਿਸਟਰ, ਹਰਪਾਲ ਚੀਮਾ ਜੀ ਮਤਾ ਲੈ ਕੇ ਆਏ ਹਨ, ਮੈਂ ਇਸ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਸਰ, ਇਸ ਵਿੱਚ ਪੁਲਿਸ ਦੀ ਗੱਲ ਹੋਈ ਹੈ ਕਿ ਪਲਾਸਟਿਕ ਦੀਆਂ ਗੋਲੀਆਂ ਚੱਲੀਆਂ ਹਨ, ਏਕੇ 47 ਚੱਲੀ ਹੈ, ਇਨ੍ਹਾਂ ਨੂੰ ਚਲਾਉਣ ਦੇ ਹੁਕਮ ਕਿਸ ਨੇ ਦਿੱਤੇ ਹਨ? ਉਸ ਦਾ ਜ਼ਿੰਮੇਵਾਰ ਕੌਣ ਹੈ? ਉਨ੍ਹਾਂ ਦੀ ਜ਼ਿੰਮੇਵਾਰੀ ਕਦੋਂ ਤੈਅ ਹੋਵੇਗੀ? Gen Z ਨੇ ਧਰਮਿੰਦਰ ਪ੍ਰਧਾਨ ਦੀ ਜ਼ਿੰਮੇਵਾਰੀ ਤੈਅ ਕਰ ਦਿੱਤੀ, ਮੋਦੀ ਸਾਹਿਬ ਦਾ ਹੰਕਾਰ ਭੰਨਿਆ ਪਰ ਜੋ ਉਸ ਦਿਨ ਆਪਾਂ ਸਾਰਾ ਵਾਕਿਆ ਦੇਖਿਆ ਹੈ, ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਪਿੱਛੇ ਲੈ ਕੇ ਜਾਣਾ ਚਾਹੁੰਦਾ ਹਾਂ। ਕਿਸਾਨ ਅੰਦੋਲਨ ਵੇਲੇ ਮੈਂ 13 ਮਹੀਨੇ ਉਨ੍ਹਾਂ ਦੇ ਨਾਲ ਰਿਹਾ ਸੀ। ਇਸ ਤੋਂ ਪਹਿਲਾਂ ਇਹ ਪਲਾਸਟਿਕ ਬੁਲੇਟਸ ਕਿਸਾਨਾਂ ਤੇ ਚਲਾਈਆਂ ਗਈਆਂ ਹਨ। ਸਾਡੇ ਘਨੌਰ ਦੇ ਨੌਜਵਾਨਾਂ ਦੀਆਂ ਅੱਖਾਂ ਭੰਨੀਆਂ ਗਈਆਂ ਸਨ ਅਤੇ ਉਹ ਇਕ ਅੱਖ ਤੋਂ blind ਹੋਏ ਹਨ। ਇਕ ਦੀ ਤਾਂ ਦੂਜੀ ਅੱਖ ਵੀ ਡੈਮੇਜ਼ ਹੋ ਗਈ ਸੀ। ਸਾਡੇ ਕਿਸਾਨਾਂ ਉੱਤੇ, ਸਾਡੇ ਬੱਚਿਆਂ ਉੱਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਸਪੀਕਰ ਸਾਹਿਬ, ਥੋੜ੍ਹੇ ਦਿਨ ਪਹਿਲਾਂ ਜਿਹੜੇ ਚੰਡੀਗੜ੍ਹ ਤੋਂ ਲੇਬਰਰ ਗਏ ਹੋਏ ਸੀ, ਉਨ੍ਹਾਂ ਦਾ ਕਸ਼ਮੀਰ ਵਿੱਚ ਖ਼ੂਨ ਹੋਇਆ ਹੈ। ਇਹ ਕਹਿੰਦੇ ਹਨ ਕਿ ਪਾਕਿਸਤਾਨ ਬੈਠੇ ਬੰਦੇ ਇਹ ਕਰਾ ਰਹੇ ਹਨ। ਇਹ ਖੁਦ ਕਹਿ ਰਹੇ ਹਨ। ਕੀ ਇਹ ਗੋਲੀਆਂ ਇਨ੍ਹਾਂ ਕੋਲੋਂ ਉਨ੍ਹਾਂ ਤੇ ਨਹੀਂ ਚਲਦੀਆਂ। ਸਪੀਕਰ ਸਾਹਿਬ, ਜਿਹੜੇ ਪੁਲਿਸ ਵਾਲੇ ਉਥੇ ਡਿਊਟੀ ਤੇ ਸਨ, ਉਨ੍ਹਾਂ ਦੇ ਨੇਮ ਪਲੇਟਾਂ ਕਿਉਂ ਨਹੀਂ ਸਨ? ਇਹ ਹੁਣ Gen Z ਨੂੰ ਆਈਡੈਂਟੀਫਾਈ ਕਰਕੇ, ਉਨ੍ਹਾਂ ਦੇ ਘਰਾਂ ਵਿੱਚ ਬੰਦੇ ਭੇਜ ਕੇ, ਉਨ੍ਹਾਂ ਤੋਂ ਮਾਫੀਆਂ ਮੰਗਵਾ ਰਹੇ ਹਨ। ਜਿਹੜੇ ਬੰਦੇ ਪਲੇਨ ਕੱਪੜਿਆਂ ਵਿੱਚ ਲਾਠੀਆਂ ਵਰਾ ਰਹੇ ਸਨ, ਉਹ ਕੌਣ ਸਨ? ਕੀ ਉਹ ਬੀਜੇਪੀ ਦੇ ਗੁੰਡੇ ਸੀ? ਉਨ੍ਹਾਂ ਤੇ ਕਾਰਵਾਈ ਕਦੋਂ ਹੋਏਗੀ? ਪ੍ਰਧਾਨ ਮੰਤਰੀ ਜੀ ਨੂੰ ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਤੁਸੀ ਮੁੱਖ ਮੰਤਰੀ ਸੀ ਅਤੇ ਉੱਥੇ ਤੁਸੀਂ ਦੰਗੇ ਕਰਵਾਏ ਸੀ, ਅਟੱਲ ਬਿਹਾਰੀ ਵਾਜਪੇਈ ਜੀ ਨੇ ਤੁਹਾਨੂੰ ਕਿਹਾ ਸੀ ਕਿ ਆਪਣਾ ਰਾਜ ਧਰਮ ਨਿਭਾਓ। ਅੱਜ ਅਟੱਲ ਬਿਹਾਰੀ ਵਾਜਪੇਈ ਜੀ ਤਾਂ ਨਹੀਂ ਹਨ ਪਰ ਉਨ੍ਹਾਂ ਦੀ ਗੱਲ ਨੂੰ ਯਾਦ ਕਰੋ। ਤੁਹਾਨੂੰ ਬਣਾਉਣ ਵਾਲੇ ਜਿਹੜੇ ਤੁਹਾਡੇ ਗੁਰੂ

ਸੀ, ਉਨ੍ਹਾਂ ਦੀ ਗੱਲ ਨੂੰ ਯਾਦ ਕਰੋ। ਆਪਣਾ ਰਾਜ ਧਰਮ ਨਿਭਾਓ, ਬੱਚਿਆਂ ਤੋਂ ਮਾਫੀ ਮੰਗੋ ਅਤੇ ਜਿਹੜੇ ਤੁਹਾਡੇ ਮੰਤਰੀ ਨੇ ਆਰਡਰ ਦਿੱਤਾ ਸੀ, ਹੋਮ ਮਨਿਸਟਰ ਦਾ ਅਸਤੀਫਾ ਲੈਣਾ ਚਾਹੀਦਾ ਹੈ, ਜਿਸ ਦੀ ਸਾਰੀ ਜ਼ਿੰਮੇਵਾਰੀ ਸੀ। ਉਨ੍ਹਾਂ ਨੇ ਗੋਲੀਆਂ ਕਿਉਂ ਅਲਾਓ ਕੀਤੀਆਂ? ਪੁਲਿਸ ਦੇ ਇਕ ਸੀਨੀਅਰ ਡੀਜੀਪੀ (ਰਿਟਾ.) ਕਹਿ ਰਹੇ ਸਨ ਕਿ ਏਕੇ 47 ਕਦੇ ਵੀ ਸਿੰਗਲ ਇਸ਼ੂ ਨਹੀਂ ਹੁੰਦੀ ਤਾਂ ਕਿ ਉਸੇ ਨੂੰ ਗੋਲੀ ਮਾਰ ਕੇ ਬੰਦਾ ਏਕੇ 47 ਖੋਹ ਲਵੇ। ਜਦੋਂ ਵੀ ਇਸ਼ੂ ਹੁੰਦੀਆਂ ਹਨ ਤਾਂ ਕਾਫੀ ਗਿਣਤੀ ਵਿੱਚ ਹੁੰਦੀਆਂ ਹਨ ਤਾਂ ਕਿ ਬੰਦੇ ਨੂੰ ਕੋਈ ਓਵਰ ਪਾਵਰ ਨਾ ਕਰ ਸਕੇ। ਇਹ ਕਿਸ ਨੇ ਇਸ਼ੂ ਕੀਤੀਆਂ ਸਨ? ਕਿਸ ਦੀ ਇਜ਼ਾਜਤ ਨਾਲ ਇਹ ਲੈ ਕੇ ਗਏ ਸੀ? ਕਿਸ ਦੀ ਇਜ਼ਾਜਤ ਨਾਲ ਏਕੇ 47 ਚੱਲੀ? ਕਿਸ ਦੀ ਇਜ਼ਾਜਤ ਨਾਲ ਇਹ ਸਭ ਕੁਝ ਹੋਇਆ? ਸਰ, ਜਾਂਚ ਇਨ੍ਹਾਂ ਇਸ਼ੂਜ਼ ਦੀ ਹੋਣੀ ਚਾਹੀਦੀ ਹੈ। ਮੈਂ ਮੰਗ ਕਰਦਾ ਹਾਂ ਕਿ ਜਿਹੜੇ ਬੰਦੇ ਉੱਥੇ ਪਲੇਨ ਕੱਪੜਿਆਂ ਵਿੱਚ ਸਨ, ਉਨ੍ਹਾਂ ਨੂੰ ਆਈਡੈਂਟੀਫਾਈ ਕਰੋ, ਉਨ੍ਹਾਂ ਦੀ ਰਿਸਪਾਂਸੇਬਿਲਟੀ ਫਿਕਸ ਕਰੋ। ਮੈਂ ਮਾਣਯੋਗ ਅਦਾਲਤ ਨੂੰ ਵੀ ਬੇਨਤੀ ਕਰਦਾ ਹਾਂ ਕਿ ਜਦੋਂ ਮੁੱਦਾ ਸਾਡੀ ਅਗਲੀ ਪੀੜ੍ਹੀ ਦਾ ਹੋਵੇ, ਇਹ ਅਕਸਰ ਇਸ ਦੇਸ਼ ਵਿੱਚ ਹੁੰਦਾ ਸੀ, ਉਸ ਨੂੰ suo moto notice ਕਹਿੰਦੇ ਹਨ। ਮੈਂ ਉਮੀਦ ਕਰਦਾ ਹਾਂ ਕਿ ਇਸ ਦੇਸ਼ ਦਾ ਕੋਈ ਨਾ ਕੋਈ ਜੱਜ suo moto notice ਲਏਗਾ ਅਤੇ ਇਕ ਇਨਕੁਆਇਰੀ ਆਰਡਰ ਕਰੇਗਾ ਕਿ ਜਿਹੜੇ ਪਲੇਨ ਕੱਪੜਿਆਂ ਵਿੱਚ ਸਨ, ਉਨ੍ਹਾਂ ਨੂੰ ਕਿਸ ਨੇ ਹੁਕਮ ਦਿੱਤੇ ਸਨ, ਉਨ੍ਹਾਂ ਦੀ ਰਿਸਪਾਂਸੇਬਿਲਟੀ ਫਿਕਸ ਕਰੇਗਾ। ਲਾਸਟ ਉਮੀਦ ਜੁਡੀਸ਼ਰੀ ਹੁੰਦੀ ਹੈ। ਮੈਂ ਜੁਡੀਸ਼ਰੀ ਨੂੰ ਵੀ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਇਸ ਵੇਲੇ ਤੁਸੀਂ ਆਪਣਾ ਫਰਜ਼ ਨਿਭਾਓ ਅਤੇ ਜਿਹੜੇ ਅਸਲੀ ਉੱਪਰ ਬੈਠੇ ਹਨ, ਹੁਕਮ ਦੇਣ ਵਾਲਿਆਂ ਦੀ ਜ਼ਿੰਮੇਵਾਰੀ ਫਿਕਸ ਕਰੋ। ਬਹੁਤ ਬਹੁਤ ਧੰਨਵਾਦ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸਰ, ਮੈਨੂੰ ਹੁਣੇ ਹੀ ਕਿਸੇ ਦਾ ਮੈਸੇਜ ਆਇਆ ਹੈ ਅਤੇ ਮੈਨੂੰ ਪਤਾ ਲੱਗਿਆ ਹੈ ਕਿ ਮੇਰੀ ਸਪੀਚ ਦੌਰਾਨ ਬੋਲਦਿਆਂ ਹੋਇਆਂ ਮੇਰੇ ਤੋਂ ਪੰਚਮ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਆਖਿਆ ਗਿਆ। ਇਹ ਅਣਜਾਣਪੁਣੇ ਵਿੱਚ ਹੋਈ ਗਲਤੀ ਹੋਈ ਹੈ, ਇਸ ਵਾਸਤੇ ਮੈਂ ਆਪਣੀ ਭੁੱਲ ਮੰਨਦਾ ਹਾਂ। ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਆਦਿ ਗ੍ਰੰਥ ਦੀ ਰਚਨਾ ਕੀਤੀ ਅਤੇ ਉਨ੍ਹਾਂ ਦੁਆਰਾ ਹੀ ਪੰਜਾਬ ਦਾ ਐਜੂਕੇਸ਼ਨ ਸਿਸਟਮ ਸ਼ੁਰੂ ਹੋਇਆ ਹੈ। ਮੈਂ ਇਸ ਭੁੱਲ ਲਈ ਹਾਊਸ ਅਤੇ ਜਿੰਨੇ ਵੀ ਸਰੋਤੇ ਹਨ, ਗੁਰੂ ਸਾਹਿਬ ਬਖ਼ਸ਼ਣਹਾਰ ਹਨ, ਅਣਜਾਣ ਸਮਝ ਕੇ ਭੁੱਲ ਬਖ਼ਸ਼ੀ ਜਾਵੇ।

**ਮਾਣਯੋਗ ਸਪੀਕਰ** : ਆਪਾਂ ਸਾਰੇ ਗਲਤੀਆਂ ਦੇ ਪੁਤਲੇ ਹਾਂ। ਗੁਰੂ ਬਖ਼ਸ਼ਣਹਾਰ ਹੈ। ਗੁਰੂ ਤੇ ਸੰਗਤ ਬਖ਼ਸ਼ਣਹਾਰ ਹੈ।

**ਸਿੱਖਿਆ ਮੰਤਰੀ**: ਧੰਨਵਾਦ, ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਧੰਨਵਾਦ। ਹਾਂ ਜੀ, ਸ੍ਰੀਮਤੀ ਨਰਿੰਦਰ ਕੌਰ ਭਰਾਜ।

**1440/Karamjit kaur**

**ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਅੱਜ ਜੋ ਮਾਣਯੋਗ ਹਰਪਾਲ ਸਿੰਘ ਚੀਮਾ ਜੀ ਮਤਾ ਲੈ ਕੇ ਆਏ ਹਨ, ਤੁਸੀਂ ਅੱਜ ਮੈਨੂੰ ਉਸਤੇ ਬੋਲਣ ਲਈ ਸਮਾਂ ਦਿੱਤਾ ਹੈ। ਜੋ ਪਿਛਲੇ ਦਿਨਾਂ ਵਿੱਚ ਜੰਤਰ-ਮੰਤਰ ਤੇ ਦੇਸ਼ ਦੇ ਨੌਜਵਾਨਾਂ ਉੱਤੇ ਅੱਤਿਆਚਾਰ ਹੋਇਆ, ਉਸ ਦੇ ਲਈ ਜੋ ਨਿੰਦਾ ਮਤਾ ਲੈ ਕੇ ਆਏ ਹਨ, ਮੈਂ ਇਸ ਮਤੇ ਦਾ ਸਮਰਥਨ ਕਰਦੀ ਹਾਂ। ਮੈਂ ਇਸ ਮਤੇ ਦੇ ਹੱਕ ਵਿੱਚ ਬੋਲਣ ਲਈ ਖੜ੍ਹੀ ਹੋਈ ਹਾਂ। ਸਪੀਕਰ ਸਾਹਿਬ, ਮੈਂ ਅੱਜ ਇੱਥੇ ਬੋਲਣ ਲੱਗੇ ਇੱਕ ਐਮ.ਐਲ.ਏ. ਹੀ, ਬਲਕਿ ਉਹ ਕੁੜੀ ਜੋ ਸਾਲ 2021 ਤੱਕ ਇੱਕ ਵਿਦਿਆਰਥੀ ਰਹੀ ਹੈ, ਉਸ ਨਾਮ ਤੇ ਮੈਂ ਅੱਜ ਬੋਲ ਰਹੀ ਹਾਂ। ਸਪੀਕਰ ਸਾਹਿਬ, ਕੋਈ ਵੀ ਬੱਚਾ ਜਦੋਂ ਵੱਡਾ ਹੁੰਦਾ ਹੈ, ਮਾਂ ਪਿਉ ਬੜੇ ਚਾਵਾਂ ਨਾਲ ਉਨ੍ਹਾਂ ਨੂੰ ਪੜ੍ਹਾਉਂਦੇ ਹਨ, ਲਿਖਾਉਂਦੇ ਹਨ। ਮਾਪੇ ਆਪਣੇ ਘਰਾਂ ਦੀਆਂ ਤੰਗੀਆਂ ਨੂੰ ਦੇਖਦੇ ਹੋਏ ਆਪਣੇ ਢਿੱਡਾਂ ਨੂੰ ਗੱਠਾਂ ਦਿੰਦੇ ਹੋਏ, ਆਪਣੇ ਹੋਣਹਾਰ-ਹੁਸ਼ਿਆਰ ਬੱਚਿਆਂ ਉੱਤੇ ਸਾਰਾ ਧਿਆਨ ਦਿੰਦੇ ਹਨ। ਆਪ ਇੱਕ ਰੋਟੀ ਦੀ ਜਗ੍ਹਾ ਅੱਧੀ ਰੋਟੀ ਕਰ ਲੈਂਦੇ ਹਨ ਪ੍ਰੰਤੂ ਆਪਣੇ ਬੱਚੇ ਨੂੰ ਅੱਗੇ ਵਧਦਾ ਦੇਖਣਾ ਚਾਹੁੰਦੇ ਹਨ ਕਿਉਂਕਿ ਸ਼ਾਇਦ ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਅਸੀਂ ਗਰੀਬੀ ਵਿੱਚ ਜ਼ਿੰਦਗੀ ਗੁਜ਼ਾਰੀ ਹੈ ਤਾਂ ਸਾਡੇ ਬੱਚੇ ਗਰੀਬੀ ਛੱਡ ਕੇ ਜ਼ਿੰਦਗੀ ਵਿੱਚ ਅੱਗੇ ਵਧਣ। ਸਰ, ਜੋ ਪਿਛਲੇ ਦਿਨਾਂ ਵਿੱਚ ਦੇਸ਼ ਵਿੱਚ ਨੀਟ ਦਾ ਪੇਪਰ ਲੀਕ ਹੋਣ ਤੋਂ ਬਾਅਦ ਜੰਤਰ-ਮੰਤਰ ਉੱਤੇ ਜੋ ਸਾਰਾ ਘਟਨਾਕ੍ਰਮ ਚੱਲਿਆ, ਉਸ ਨੂੰ ਲੈ ਕੇ ਪੂਰਾ ਦੇਸ਼ ਹੀ ਨਹੀਂ, ਸਗੋਂ ਪੂਰੀ ਦੁਨੀਆਂ ਜਿਹੜੀ ਇਸ ਚੀਜ਼ ਲਈ ਫਿਕਰਮੰਦ ਹੈ ਕਿ ਨੌਜਵਾਨਾਂ ਦਾ ਭਵਿੱਖ ਕਿਨ੍ਹਾਂ ਹੱਥਾਂ ਵਿੱਚ ਹੈ। ਸਪੀਕਰ ਸਾਹਿਬ, ਇੱਕ ਚੀਜ਼ ਇਹ ਵੀ ਹੈ ਕਿ ਜਦੋਂ ਜਦੋਂ ਵੀ ਦੇਸ਼ ਦੇ ਨੌਜਵਾਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਉਹ ਹਮੇਸ਼ਾਂ ਉੱਭਰ ਕੇ ਆਏ ਹਨ। ਚਾਹੇ ਅੱਜ ਅਸੀਂ ਸ਼ਹੀਦ-ਏ-ਆਜਮ ਸਰਦਾਰ ਭਗਤ ਸਿੰਘ ਦੀ ਗੱਲ ਕਰ ਲਈਏ, ਜਿਨ੍ਹਾਂ ਨੇ ਲੜਾਈ ਲੜੀ। ਅੱਜ ਉਨ੍ਹਾਂ ਨੂੰ ਮਿਟਾਉਣ ਵਾਲਿਆਂ ਦਾ ਕਿਤੇ ਕੋਈ ਜ਼ਿਕਰ ਨਹੀਂ ਹੈ ਪਰ ਸ਼ਹੀਦ ਭਗਤ ਸਿੰਘ ਜੀ ਅੱਜ ਲੱਖਾਂ ਕਰੋੜਾਂ ਨੌਜਵਾਨਾਂ ਦੇ ਦਿਲਾਂ ਵਿੱਚ ਧੜਕਦੇ ਹਨ। ਚਾਹੇ ਅਸੀਂ ਉਸ ਨੌਜਵਾਨ ਸ਼ਹੀਦ ਊਧਮ ਸਿੰਘ ਜੀ ਦੀ ਗੱਲ ਕਰ ਲਈਏ, ਜਿਨ੍ਹਾਂ ਨੇ ਜ਼ਲ੍ਹਿਆਂ ਵਾਲੇ ਬਾਗ ਵਿੱਚ ਹੋਏ ਨਿਹੱਥੇ ਲੋਕਾਂ ਉੱਤੇ ਜੋ ਜ਼ੁਲਮ ਹੋਇਆ ਸੀ, ਉਨ੍ਹਾਂ ਦਾ ਬਦਲਾ ਲੈਣ ਲਈ ਉਸ ਨੌਜਵਾਨ ਨੇ 20 ਸਾਲ ਆਪਣੇ ਦਿਲ ਵਿੱਚ ਅੱਗ ਬਾਲੀ ਰੱਖੀ ਅਤੇ ਉਸ ਚੀਜ਼ ਦਾ ਬਦਲਾ ਲਿਆ। ਦੇਸ਼ ਆਜ਼ਾਦ ਹੋਇਆ। ਅਸੀਂ 79 ਆਜ਼ਾਦੀ ਦਿਵਸ ਮਨਾ ਰਹੇ ਹਾਂ, ਅਸੀਂ ਤਕਰੀਬਨ 80 ਸਾਲ ਦੇ ਨੇੜੇ ਪਹੁੰਚ ਗਏ ਹਾਂ, ਅਸੀਂ 80 ਸਾਲਾ ਆਜ਼ਾਦੀ ਦਿਵਸ ਮਨਾ ਰਹੇ ਹਾਂ। ਪਰ ਫੇਰ ਵੀ ਦੇਸ਼ ਦੇ ਜਿਹੜੇ ਨੌਜਵਾਨ ਹਨ, ਜਿਨ੍ਹਾਂ ਨੂੰ 'Zen-G' ਕਿਹਾ ਜਾ ਰਿਹਾ ਹੈ, ਉਹ ਆਪਣਾ ਭਵਿੱਖ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜਦੋਂ ਕੋਈ ਬੱਚਾ ਮਿਹਨਤ ਕਰਦਾ ਹੈ, ਉਨ੍ਹਾਂ ਦਾ ਜਿਹੜਾ ਮਿਹਨਤ ਦੇ ਉੱਤੇ ਵਿਸ਼ਵਾਸ ਸੀ, ਉਹ ਹੁਣ ਟੁੱਟ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸਿਸਟਮ ਦੇ ਉਪਰੋਂ ਉੱਠ ਗਿਆ ਹੈ। ਸਰ, ਜਦੋਂ ਸਿਸਟ ਦੇ ਉੱਤੋਂ ਵਿਸ਼ਵਾਸ ਉੱਠ ਜਾਂਦਾ ਹੈ ਤਾਂ ਇਹ ਦੇਸ਼ ਦੇ ਨੌਜਵਾਨਾਂ ਦਾ ਹੀ ਨਹੀਂ, ਮੈਨੂੰ ਲਗਦਾ ਹੈ ਕਿ ਇਹ ਪੂਰੇ ਦੇਸ਼ ਵਾਸੀਆਂ ਦਾ ਵਿਸ਼ਵਾਸ ਹੀ ਉੱਠ ਗਿਆ ਹੈ। ਇਸ ਕਾਰਨ ਦੇਸ਼ ਦਾ ਸਭ ਤੋਂ ਵੱਡਾ ਨੁਕਸਾਨ ਹੋ ਰਿਹਾ ਹੈ।

ਅੱਜ ਜੇ ਮੈਂ ਪੰਜਾਬ ਦੀ ਗੱਲ ਕਰਾਂ। ਮੈਂ ਜਦੋਂ ਤੋਂ ਪੰਜਾਬ ਵਿੱਚ ਸੁਰਤ ਸੰਭਾਲੀ ਹੈ, 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਅਸੀਂ ਪੜ੍ਹਦੇ ਹਾਂ, ਸੁਣਦੇ ਹਾਂ ਅਤੇ ਬੋਲਦੇ ਹਾਂ। ਪੰਜਾਬ ਵਿੱਚ ਮੋਦੀ ਸਰਕਾਰ ਭਾਜਪਾ ਸਰਕਾਰ ਅੱਜ ਲੋਕਾਂ ਵਿੱਚ ਡਬਲ ਇੰਜਣ ਦੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੀ ਹੈ। ਸਰ, ਕਿਹੜਾ ਡਬਲ ਇੰਜਣ? ਜਿਹੜੇ ਦੇਸ਼ ਵਿੱਚ ਵਿਦਿਆਰਥੀਆਂ ਦੀ ਪ੍ਰੀਖਿਆਵਾਂ ਨੂੰ ਲੀਕ ਹੋਣ ਤੋਂ ਕੰਟਰੋਲ ਨਹੀਂ ਕਰ ਸਕਦੇ, ਅੱਜ ਪੰਜਾਬ ਵਿੱਚ ਸਾਡੇ ਪਹਿਲਾਂ ਕਿਸਾਨਾਂ

ਦੇ ਉੱਤੇ ਅਤਿਆਚਾਰ ਹੋਇਆ। ਪਹਿਲਾਂ ਸੈਂਕੜੇ ਕਿਸਾਨ ਸਾਡੇ ਸਰਹੱਦਾਂ ਦੇ ਉੱਤੇ ਸ਼ਹੀਦ ਹੋਏ ਹਨ। ਅੱਜ ਜਿੱਥੇ ਪੂਰੇ ਦੇਸ਼ ਦਾ ਨੌਜਵਾਨ ਇਸ ਜ਼ੁਲਮ ਦੇ ਖਿਲਾਫ ਲੜਿਆ, ਇਸ ਬੇਭਰੋਸਗੀ ਦੇ ਖਿਲਾਫ ਲੜਿਆ, ਉੱਥੇ ਪੰਜਾਬ ਦੇ ਨੌਜਵਾਨ ਦਿੱਲੀ ਵਿੱਚ ਜਾ ਕੇ ਜੰਤਰ-ਮੰਤਰ ਵਿੱਚ ਡੱਟ ਕੇ ਖੜ੍ਹੇ। ਸਰ, ਇਹ ਪੰਜਾਬ ਦੇ ਤੇ ਦੇਸ਼ ਦੇ ਜਵਾਨਾਂ ਨਾਲ ਵੀ ਧੱਕਾ ਕਰ ਰਹੇ ਹਨ, ਪੰਜਾਬ ਦੇ ਕਿਸਾਨਾਂ ਨਾਲ ਵੀ ਧੱਕਾ ਕਰ ਰਹੇ ਹਨ ਪਰ ਫੇਰ ਵੀ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੇ ਹਨ। ਮੈਨੂੰ ਹੈਰਾਨੀ ਹੈ ਕਿ ਪਿਛਲੇ ਦਿਨੀਂ ਦੋ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅੱਧੀ ਰਾਤ ਨੂੰ ਲਾਈਵ ਹੁੰਦੇ ਹਨ ਅਤੇ ਜਿਵੇਂ ਕਹਾਵਤ ਹੈ ਕਿ ਇੱਕ ਤਾਂ ਚੋਰੀ, ਉਪਰੋਂ ਸੀਨਾ ਜ਼ੋਰੀ, ਉਨ੍ਹਾਂ ਨੇ ਗਲਤੀ ਵੀ ਮੰਨ ਲਈ। ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਵੀ ਲੈ ਲਿਆ ਅਤੇ ਬਾਅਦ ਵਿੱਚ ਨੌਜਵਾਨਾਂ ਨੂੰ ਕਹਿ ਰਹੇ ਹਨ ਕਿ ਮੈਂ ਤੁਹਾਨੂੰ ਮੁਆਫ ਕਰ ਦਿੱਤਾ। ਭਾਈ, ਤੁਸੀਂ ਗਲਤੀ ਨਹੀਂ, ਤੁਸੀਂ ਗੁਨਾਹ ਕੀਤੇ ਹਨ ਅਤੇ ਮੁਆਫ਼ ਕਰਨ ਵਾਲੇ ਤੁਸੀਂ ਕੌਣ ਹੁੰਦੇ ਹੋ? ਮੁਆਫ਼ੀ ਦੇਣੀ ਹੈ ਜਾਂ ਨਹੀਂ ਦੇਣੀ, ਇਹ ਦੇਸ਼ ਦੇਖੇਗਾ।

**1445/harpreet singh**

ਦੇਸ਼ ਦੇ ਨੌਜੁਆਨ ਵੇਖਣਗੇ ਕਿ ਉਨ੍ਹਾਂ ਨੇ ਬੀ.ਜੇ.ਪੀ. ਤੇ ਪ੍ਰਧਾਨ ਮੰਤਰੀ ਮੋਦੀ ਜੀ ਨੂੰ ਮੁਆਫ਼ ਕਰਨਾ ਹੈ ਜਾਂ ਨਹੀਂ ਕਰਨਾ। ਸਪੀਕਰ ਸਾਹਿਬ, ਇਹ ਜਿਹੜਾ ਅੱਤਿਆਚਾਰ ਹੈ, ਇਹ ਦਿਨ ਬ ਦਿਨ ਵੱਧ ਰਿਹਾ ਹੈ। ਕਿਸੇ ਵੀ ਦੇਸ਼ ਦੀ ਤਾਕਤ ਉਸ ਦੀਆਂ ਸਰਹੱਦਾਂ ਤੋਂ ਨਹੀਂ ਨਾਪੀ ਜਾਂਦੀ, ਉਹ ਦੇਸ਼ ਦੇ ਨੌਜੁਆਨਾਂ ਦੇ ਭਰੋਸੇ ਤੋਂ ਨਾਪੀ ਜਾਂਦੀ ਹੈ। ਜਦੋਂ ਦੇਸ਼ ਦੇ ਨੌਜੁਆਨਾਂ ਦਾ ਭਰੋਸਾ ਹੀ ਡਗਮਗਾ ਗਿਆ ਤਾਂ ਪਿੱਛੇ ਕੀ ਰਹਿ ਗਿਆ ਹੈ। ਦੇਸ਼ ਦੇ ਨੌਜੁਆਨ ਕਿਸ ਚੀਜ਼ ਲਈ ਮਿਹਨਤ ਕਰਨਗੇ, ਜਦੋਂ ਸਿਸਟਮ ਵਿਚ ਉਨ੍ਹਾਂ ਨੂੰ ਇਨਸਾਫ਼ ਦੀ ਸੰਭਾਵਨਾ ਹੀ ਨਜ਼ਰ ਨਹੀਂ ਆਉਂਦੀ। ਜੰਤਰ ਮੰਤਰ ਵਿਚ ਜੋ ਹੋਇਆ, ਮੇਰੇ ਸਾਥੀ ਵਿਧਾਇਕਾਂ ਨੇ ਵੀ ਦੱਸਿਆ। ਸਾਰੇ ਦੇਸ਼ ਨੇ ਵੇਖਿਆ ਹੈ ਅਤੇ ਹਰ ਇਕ ਅੱਖ ਨਮ ਹੋਈ ਹੈ। ਸਪੀਕਰ ਸਾਹਿਬ, ਉਨ੍ਹਾਂ ਦਾ ਕਸੂਰ ਕੀ ਸੀ? ਉਨ੍ਹਾਂ ਦਾ ਕਸੂਰ ਸਿਰਫ਼ ਇਹ ਸੀ ਕਿ ਉਨ੍ਹਾਂ ਨੇ ਤਿੰਨ ਸਵਾਲ ਕੀਤੇ। ਕੀ ਉਨ੍ਹਾਂ ਦੀ ਮਿਹਨਤ ਦਾ ਸਹੀ ਮੁੱਲ ਕਦੇ ਪਵੇਗਾ? ਕੀ ਹਰ ਪ੍ਰੀਖਿਆ ਨਿਰਪੱਖ ਹੋਵੇਗੀ? ਜੇਕਰ ਕੋਈ ਗਲਤ ਕੰਮ ਕਰੇਗਾ ਤਾਂ ਉਸ ਤੇ ਕਾਰਵਾਈ ਹੋਵੇਗੀ? ਸਪੀਕਰ ਸਾਹਿਬ, ਇਹ ਸਵਾਲ ਲੈ ਕੇ ਦੇਸ਼ ਦਾ ਨੌਜੁਆਨ ਆਪਣੀ ਚੁਣੀ ਹੋਈ ਦੇਸ਼ ਦੀ ਸਰਕਾਰ ਕੋਲ ਗਿਆ ਸੀ। ਉਨ੍ਹਾਂ ਨੌਜੁਆਨਾਂ ਨੂੰ ਕੋਲ ਬੁਲਾ ਕੇ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ, ਜਿਸ ਤਰੀਕੇ ਨਾਲ ਉਨ੍ਹਾਂ ਤੇ ਲਾਠੀਚਾਰਜ ਹੋਇਆ, ਜਿਸ ਤਰੀਕੇ ਨਾਲ ਫਾਇਰ ਛੱਡੇ ਗਏ, ਜ਼ਖਮੀ ਹਾਲਤ ਵਿਚ ਬੱਚਿਆਂ ਦੀ ਹਾਲਤ ਵੇਖੀ ਨਹੀਂ ਸੀ ਜਾ ਰਹੀ। ਬੀ.ਜੇ.ਪੀ. ਦੇ ਲੀਡਰ ਲਗਾਤਾਰ ਉਨ੍ਹਾਂ ਨੂੰ ਕਦੇ ਦੇਸ਼ ਧਰੋਹੀ, ਕਦੇ ਅੱਤਿਵਾਦੀ ਕਹਿ ਰਹੇ ਹਨ। ਇਹੋ ਜਿਹੇ ਸ਼ਬਦਾਂ ਦੀ ਵਰਤੋਂ ਕਦੇ ਸੋਸ਼ਲ ਮੀਡੀਆ ਤੇ, ਪਾਰਲੀਮੈਂਟ ਵਿਚ ਅਤੇ ਹਰ ਜਗ੍ਹਾ ਵਰਤੀ ਜਾ ਰਹੀ ਹੈ। ਕੀ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਦੀ ਸੋਚ ਸਾਡੇ ਦੇਸ਼ ਦੇ ਨੌਜੁਆਨਾਂ ਪ੍ਰਤੀ ਕਿੱਥੇ ਖੜ੍ਹੀ ਹੈ। ਅੱਜ ਵੀ ਦੇਸ਼ ਦੇ ਨੌਜੁਆਨਾਂ ਨੂੰ ਕਿਸੇ ਇਨਸਾਫ਼ ਦੀ ਉਮੀਦ ਨਜ਼ਰ ਨਹੀਂ ਆ ਰਹੀ। ਮੈਂ ਸਮਝਦਾ ਹਾਂ ਕਿ ਦੇਸ਼ ਦੇ ਨੌਜੁਆਨ ਆਉਣ ਵਾਲੇ ਸਮੇਂ ਵਿਚ ਇਸ ਦਾ ਜਵਾਬ ਦੇਣਗੇ। ਸੋ, ਅਖੀਰ ਵਿਚ ਮੈਂ ਇਕ ਵਾਰ ਫਿਰ ਚੀਮਾ ਸਾਹਿਬ ਦੇ ਇਸ ਮਤੇ ਤੇ ਆਪਣਾ ਸਮਰਥਨ ਦਿੰਦੀ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ:** ਧੰਨਵਾਦ ਸਪੀਕਰ ਸਾਹਿਬ।

**ਮਾਣਯੋਗ ਸਪੀਕਰ:** ਤੁਸੀਂ ਆਪਣੇ ਗਲ ਵਿਚੋਂ ਰੋਸ ਵਾਲਾ ਕੱਪੜਾ ਲਾਹ ਦਿੱਤਾ ਹੈ? (ਹਾਸਾ)

**ਡਾਕਟਰ ਨਛੱਤਰ ਪਾਲ:** ਤੁਸੀਂ ਮੇਰੀ ਗੱਲ ਸੁਣ ਲਈ ਜੀ, ਮੈਂ ਲਾਹ ਦਿੱਤਾ ਜੀ। ਬਾਕੀ ਤਾਂ ਇੱਥੋਂ ਚਲੇ ਜਾਂਦੇ ਹਨ ਪਰ ਅਸੀਂ ਤਾਂ ਤੁਹਾਡੇ ਨਾਲ ਹੀ ਸਦਨ ਵਿਚ ਰਹਿੰਦੇ ਹਾਂ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਇਹ ਸਦਨ ਤੁਹਾਡਾ ਹੀ ਹੈ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਾਡੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ ਚੀਮਾ ਸਾਹਿਬ ਜੋ ਮਤਾ ਲੈ ਕੇ ਆਏ ਹਨ। ਮੈਂ ਉਸ ਦੇ ਹੱਕ ਵਿਚ ਬੋਲਣ ਲਈ ਖੜਾ ਹੋਇਆ ਹਾਂ। ਇਸ ਮਤੇ ਬਾਰੇ ਸਾਡੇ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਅਤੇ ਹੋਰ ਸਾਥੀ ਬਹੁਤ ਵਿਸਥਾਰ ਨਾਲ ਬੋਲ ਕੇ ਗਏ ਹਨ। ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। 23 ਲੱਖ ਬੱਚਿਆਂ ਵੱਲੋਂ ਦਿੱਤਾ ਗਿਆ ਨੀਟ ਦਾ ਪੇਪਰ ਲੀਕ ਹੋਇਆ ਅਤੇ ਹੋਰ ਇਸ ਤਰ੍ਹਾਂ ਦੇ ਕਈ ਮਾਮਲੇ ਮੌਜੂਦਾ ਕੇਂਦਰ ਸਰਕਾਰ ਦੇ ਸਮੇਂ ਹੋਏ। ਇਸ ਨਾਲ ਵਿਦਿਆਰਥੀਆਂ ਨੂੰ ਲੱਗਿਆ ਕਿ ਸਾਨੂੰ ਕਿਸ ਤਰ੍ਹਾਂ ਨੌਕਰੀਆਂ ਅਤੇ ਸਿੱਖਿਆ ਵਿਚ ਹਿੱਸਾ ਮਿਲੇਗਾ। ਉਨ੍ਹਾਂ ਵਿਚ ਰੋਹ ਜਾਗਿਆ ਤਾਂ ਉਹ ਦਿੱਲੀ ਦੇ ਜੰਤਰ ਮੰਤਰ ਤੇ ਇਕੱਠੇ ਹੋਏ। ਕੇਂਦਰੀ ਸਰਕਾਰ ਨੇ ਉਨ੍ਹਾਂ ਨੂੰ ਭਰੋਸਾ ਦਿਵਾਉਣ ਦੀ ਬਜਾਏ ਉਨ੍ਹਾਂ ਨੂੰ ਬਹੁਤ ਹਲਕੇ ਵਿਚ ਲਿਆ। ਇਹ ਨਹੀਂ ਸੋਚਿਆ ਕਿ ਉਹ ਚਾਹੁੰਦੇ ਕੀ ਹਨ? ਉਹ ਚਾਹੁੰਦੇ ਸੀ ਕਿ ਜਿਹੜੇ ਲੋਕਾਂ ਨੇ ਸਾਡੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਹੈ, ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕਰਕੇ ਉਨ੍ਹਾਂ ਨੂੰ ਅਹੁੱਦਿਆਂ ਤੋਂ ਹਟਾਇਆ ਜਾਵੇ ਪਰ ਸਰਕਾਰ ਨੇ ਉਨ੍ਹਾਂ ਦੀ ਗੱਲ ਮੰਨਣ ਦੀ ਬਜਾਏ ਉਨ੍ਹਾਂ ਤੇ ਲਾਠੀ ਚਾਰਜ ਕੀਤਾ, ਅਾਂਸੂ ਗੈਸ ਦੇ ਗੋਲੇ ਚਲਾਏ, ਪੈਲਟ ਗੰਨ ਚਲਾਈ। ਸਾਡੀਆਂ ਬੱਚੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ। ਉਹ ਕਿਸ ਤਰ੍ਹਾਂ ਤ੍ਰਾਹ ਤ੍ਰਾਹ ਕਰਦੇ ਸਨ।

**1450/amandeep kaur**

ਕਿਸ ਤਰ੍ਹਾਂ ਉਨ੍ਹਾਂ ਨੂੰ ਕੁੱਟਿਆ ਮਾਰਿਆ ਗਿਆ। ਹਰ ਇੱਕ ਦੇਸ਼ ਦੇ ਵਾਸੀ ਦਾ ਮਨ ਝੰਝੋੜਿਆ ਗਿਆ ਹੈ। ਵੱਡੀ ਪੱਧਰ ਦੇ ਅੰਦਰ ਲੋਕ ਜੰਤਰ ਮੰਤਰ ਤੇ ਇੱਕਠੇ ਹੋਏ ਹਨ। ਇਨ੍ਹਾਂ ਨੂੰ ਲੱਗਦਾ ਸੀ ਕਿ ਅਸੀਂ ਪਹਿਲਾਂ ਦੀ ਤਰ੍ਹਾਂ ਇਸ ਅੰਦੋਲਨ ਨੂੰ ਦਬਾ ਦਿਆਂਗੇ। ਇਨ੍ਹਾਂ ਨੇ ਕੋਸ਼ਿਸ਼ ਵੀ ਕੀਤੀ ਪਰ ਇਹ ਇੱਕ ਬਹੁਤ ਵੱਡਾ ਅੰਦੋਲਨ ਬਣਿਆ। ਕੇਂਦਰ ਸਰਕਾਰ ਨੇ ਦਬਾਅ ਵਿੱਚ ਆ ਕੇ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਲਿਆ। ਕਾਫੀ ਮੰਗਾਂ ਮੰਨੀਆਂ ਗਈਆਂ ਪਰ ਜਿਹੜੇ ਬੱਚਿਆਂ ਤੇ ਪਰਚੇ ਦਰਜ ਹੋਏ ਉਹ ਅਜੇ ਵੀ ਰੱਦ ਨਹੀਂ ਹੋਏ। ਉਨ੍ਹਾਂ ਬੱਚਿਆਂ ਨੂੰ ਲੱਭਿਆ ਜਾ ਰਿਹਾ ਹੈ। ਉਨ੍ਹਾਂ ਦੇ ਮਾਂ-ਪਿਓ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਸਦਨ ਰਾਹੀਂ ਮੇਰੀ ਬੇਨਤੀ ਵੀ ਹੈ ਕਿ ਜਿਹੜਾ ਅੱਜ ਇਹ ਰੋਹ ਪੂਰੇ ਦੇਸ਼ ਦੇ ਲੋਕਾਂ ਵਿੱਚ ਵੇਖਣ ਨੂੰ ਮਿਲਿਆ, ਇਸ ਨੇ ਸਾਰੇ ਦੇਸ਼ ਦੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਅਸੀਂ ਲੋਕਾਂ ਦੇ ਭਲੇ ਲਈ ਲੋਕਾਂ ਦੇ ਕੰਮਾਂ ਲਈ ਅਤੇ ਲੋਕਾਂ ਦੇ ਲਈ ਅਸੀਂ ਜਵਾਬਦੇਹ ਹਾਂ। ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਲਈ ਕੰਮ ਕਰਨਾ ਚਾਹੀਦਾ ਹੈ। ਇਸ

ਕਰਕੇ ਜਿੱਥੇ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਉਥੇ ਮੈਂ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਵੀ ਕਰਦਾ ਹਾਂ ਕਿ ਪੰਜਾਬ ਦੇ ਅੰਦਰ ਬਰਨਾਲਾ, ਖੰਨਾ ਤੇ ਪਟਿਆਲਾ ਦੇ ਵਿੱਚ ਵੀ ਜਿਹੜਾ ਪੁਲਿਸ ਮੁਲਾਜ਼ਮਾਂ ਵੱਲੋਂ ਬਹੁਤ ਵੱਡੇ ਪੱਧਰ ਤੇ ਤਸ਼ੱਦਦ ਹੋਇਆ, ਲਾਠੀਚਾਰਜ ਹੋਇਆ ਉਸ ਦੀ ਨਿੰਦਾ ਕਰਦਾ ਹੋਇਆ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਵੈਸੇ ਜਿਹੜਾ ਜੈਨ-ਜ਼ੀ ਨੇ ਦਿੱਲੀ ਵਿੱਚ ਤਾਕਤ ਦਿਖਾਈ, ਉਸ ਲਈ ਸਾਨੂੰ ਸਾਡੇ ਦੇਸ਼ ਦੇ ਟੀਚਰ ਸਾਹਿਬਾਨਾਂ ਨੂੰ ਨਮਨ ਕਰਨਾ ਚਾਹੀਦਾ ਹੈ ਜਿੰਨਾਂ ਨੇ ਇਸ ਤਰ੍ਹਾਂ ਦੀ ਬੱਚਿਆਂ ਨੂੰ ਸਿੱਖਿਆ ਦਿੱਤੀ। ਬਹੁਤ ਵੱਡੀ ਗੱਲ ਹੈ। ਨਿੱਕੇ ਨਿੱਕੇ ਬੱਚੇ ਸਨ। ਮੇਰਾ ਬੇਟਾ ਵੀ ਕਹਿੰਦਾ ਸੀ ਕਿ ਮੈਂ ਉੱਥੇ ਜਾ ਰਿਹਾ ਹਾਂ। ਮੈਂ ਕਿਹਾ ਕਿ ਤੂੰ ਜਾਣਾ ਹੈ ਤੇ ਜਾ। ਵੈਸੇ ਤਾਂ ਸਾਡਾ ਡੀ.ਐਨ.ਏ ਹੀ ਇਨਕਲਾਬੀ ਹੈ। ਪਰ ਜਿਹੜਾ ਉੱਥੇ ਪਾਇਲੈਟ ਗਨ ਚਲਾਈ ਗਈ ਉਥੋਂ tiananmen square massacre ਯਾਦ ਆਉਂਦਾ ਹੈ। ਚੀਨ ਨੇ 1989 ਦੇ ਵਿੱਚ ਬਹੁਤ ਵੱਡਾ massacre ਕੀਤਾ ਸੀ, ਉਹ ਕਿਤੇ ਡਿਸਕਸ ਨਹੀਂ ਕਰਨ ਦਿੰਦੇ। ਲੇਕਿਨ ਸਲਾਮ ਹੈ ਜੈਨ-ਜ਼ੀ ਨੂੰ ਅਤੇ ਸਾਰੇ ਟੀਚਰ ਸਾਹਿਬਾਨ ਨੂੰ ਵੀ ਸਲਾਮ ਹੈ।

**ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ (ਅਮਲੋਹ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਮੇਰੇ ਆਪ ਖੁਦ ਦੇ ਮਨ ਦੇ ਕਰੀਬ ਦਾ ਬਹੁਤ ਹੀ ਅਹਿਮ ਮਸਲਾ ਹੈ ਕਿਉਂਕਿ ਮੈਂ ਆਪਣੇ ਪੜਾਈ ਦੇ ਦਿਨਾਂ ਵਿੱਚ ਬਹੁਤ ਸਾਰੇ competitive examinations ਵਿੱਚ ਬੈਠਾ ਹਾਂ ਜਿਵੇਂ ਕਿ ਆਈ.ਆਈ.ਟੀ, ਜੀ.ਮੈਟ ਸਾਡੇ ਵੇਲੇ ਇਕ ਏ.ਆਈ(ਟ੍ਰਿਕੀ) ਹੁੰਦਾ ਸੀ, ਉਹ ਸਾਰੇ ਐਗਜ਼ਾਮ ਮੈਂ ਦਿੱਤੇ ਹਨ। ਜਿਹੜੇ ਸਾਡੇ ਸਟੂਡੈਂਟਸ ਹਨ ਜਿਨ੍ਹਾਂ ਦੇ ਨਾਲ ਇਹ ਤ੍ਰਾਸਦੀ ਹੋਈ ਹੈ, ਉਨ੍ਹਾਂ ਦਾ ਪੇਨ ਮੈਂ ਖੁਦ ਮਹਿਸੂਸ ਕਰ ਸਕਦਾ ਹਾਂ ਕਿਉਂਕਿ ਇੱਕ ਬੱਚਾ ਜਦੋਂ ਕਿਸੇ ਵੀ competitive examination ਦੀ ਤਿਆਰੀ ਕਰਦਾ ਹੈ ਤਾਂ ਘੱਟੋ-ਘੱਟ 2 ਸਾਲ ਜਾਂ ਆਮ ਤੌਰ ਤੇ 4-5 ਸਾਲ ਦੀ ਤਿਆਰੀ ਹੁੰਦੀ ਹੈ। ਜਦੋਂ ਬੱਚੇ ਨੂੰ ਇਹ ਫੀਲ ਹੁੰਦਾ ਕਿ ਲਾਸਟ ਮੂਵਮੈਂਟ ਤੇ ਆ ਕੇ ਮੇਰੇ ਨਾਲ cheating ਹੋ ਗਈ ਤਾਂ ਮੈਮਰੀ ਜਿਹੜੀ ਕਿ ਬੜੀ ਸਟਰਾਂਗ ਹੁੰਦੀ ਹੈ ਉਹ ਸਾਰੀ ਉਮਰ ਯਾਦ ਰੱਖਦੀ ਹੈ। ਮੈਨੂੰ ਯਾਦ ਹੈ ਜਦੋਂ ਅਸੀਂ B.tech ਕਰਦੇ ਸੀ ਤਾਂ ਸਾਡੇ ਕਾਲਜ ਵਿੱਚ placement ਸੀ। ਕੰਪਨੀ 2 ਤਰੀਕਿਆਂ ਦੇ ਟੈਸਟ ਲੈਂਦੀ ਸੀ ਇੱਕ ਕੁਆਂਟ ਦਾ ਟੈਸਟ ਹੁੰਦਾ ਸੀ ਅਤੇ ਇੱਕ technical test ਹੁੰਦਾ ਸੀ। ਦੋਨੋਂ invigilator ਨੇ ਇੱਕਠੇ ਲੈਣੇ ਹੁੰਦੇ ਸਨ। ਸਾਡੇ ਏਰੀਏ ਦੇ ਵਿੱਚ ਜਿਹੜਾ invigilator ਲੱਗਿਆ ਹੋਇਆ ਸੀ ਉਸ ਨੇ ਕੁਆਂਟ ਵਾਲਾ ਟੈਸਟ ਲੈ ਕੇ ਇੱਕਠੇ ਕਰ ਲਏ। ਉਪਰੋਂ ਉਸ ਦੇ ਸੀਨੀਅਰ ਦੀ instruction ਆਈ ਕਿ ਇੱਕ ਟਾਈਮ ਤੇ ਇੱਕਠੇ ਕਰਨੇ ਹਨ। ਉਸ ਨੇ randomly ਉਸੇ ਤਰ੍ਹਾਂ distribute ਕਰ ਦਿੱਤਾ। ਮੇਰਾ ਪੇਪਰ ਕਿਸੇ ਹੋਰ ਕੋਲ ਚਲਿਆ ਗਿਆ, ਕਿਸੇ ਦਾ ਕਿਸੇ ਹੋਰ ਕੋਲ ਚਲਿਆ ਗਿਆ। ਜਿਹੜਾ ਮੇਰੇ right hand side ਤੇ ਮੁੰਡਾ ਬੈਠਿਆ ਸੀ, ਉਸ ਨੂੰ ਜਦੋਂ answer sheet ਆਈ ਤਾਂ ਉਹ double marking ਕਰਨ ਲੱਗ ਪਿਆ। ਮੈਂ ਉਸ ਤੋਂ ਪੁੱਛਿਆ ਕਿ ਤੂੰ ਆਹ ਕੀ ਕਰ ਰਿਹਾ ਹੈ? ਕਹਿੰਦਾ ਕਿਸੇ ਦਾ ਪੇਪਰ ਖਰਾਬ ਕਰਾਂਗੇ ਤਾਂ ਹੀ ਆਪਣਾ ਨੰਬਰ ਆਏਗਾ।

**1455/Tarlochan Singh**

ਮੇਰੇ ਮਨ ਵਿੱਚ ਇਹ ਡਰ ਪੈਦਾ ਹੋ ਗਿਆ ਕਿ ਮੇਰਾ ਪੇਪਰ ਜਿਸ ਕੋਲ ਗਿਆ ਹੋਵੇਗਾ, ਉਸ ਨੇ ਵੀ ਇਹੋ ਕੀਤਾ ਹੋਵੇਗਾ। ਬੜੀ ਟੈਨਸ਼ਨ ਦੇ ਮਾਹੌਲ ਵਿੱਚ ਆਪਣਾ ਇਗਜ਼ਾਮ ਪੂਰਾ ਕੀਤਾ ਅਤੇ ਉਸ ਤੋਂ ਬਾਅਦ ਮੈਂ ਕਾਲਜ ਅਥਾਰਟੀ ਕੋਲ ਗਿਆ ਕਿ ਇਸ ਤਰ੍ਹਾਂ ਹੋਇਆ, ਕਿਰਪਾ ਕਰਕੇ ਤੁਸੀਂ ਰੀ-ਟੈਸਟ ਕਰਵਾ ਲਉ। ਕਿਸੇ ਇੱਕ ਬੱਚੇ ਦਾ ਤਾਂ ਮੈਂ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ, ਸ਼ਾਇਦ ਇਹ ਮੇਰੇ ਨਾਲ ਵੀ ਹੋ ਗਿਆ ਹੋਵੇ। ਹਾਲਾਂਕਿ ਉਹ ਟੈਸਟ ਮੈਂ ਕਲੀਅਰ ਕਰ ਗਿਆ ਸੀ ਪਰ ਜਦੋਂ ਤੱਕ ਰਿਜ਼ਲਟ ਨਹੀਂ ਆਇਆ ਸੀ, 48 ਘੰਟੇ ਹਾਲੇ ਤੱਕ ਵੀ ਮੇਰੀ ਕਾਲਜ ਦੇ ਦਿਨਾਂ ਦੀ ਸਭ ਤੋਂ strongest memory ਹੈ। ਆਪਾਂ ਕਾਲਜ ਵਿੱਚ ਬਹੁਤ ਤਰ੍ਹਾਂ ਦੀ ਦੁਨੀਆਂ ਦੇਖਦੇ ਹਾਂ, ਬਹੁਤ ਸਾਰੇ experiences ਕਰਦੇ ਹਾਂ ਪਰ ਉਹ 4 ਸਾਲਾਂ ਨੂੰ ਛੱਡ ਕੇ ਇੱਕ ਛੋਟੀ ਜਿਹੀ ਮੈਮਰੀ, ਜਿਸ ਦਾ ਕੋਈ ਵੱਡਾ impact ਵੀ ਨਹੀਂ ਸੀ, ਉਹ ਮੈਮਰੀ ਮੈਨੂੰ ਅੱਜ ਵੀ ਸਭ ਤੋਂ ਜ਼ਿਆਦਾ ਚੁਭਦੀ ਹੈ। ਮੈਨੂੰ ਲੱਗਦਾ ਹੈ ਕਿ ਜਿਹੜੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਹੋਇਆ ਹੈ, 22-23 ਲੱਖ ਤਾਂ ਸਿੱਧੇ ਹੀ NEET ਦੇ ਵਿਦਿਆਰਥੀ ਸਨ, ਉਸ ਤੋਂ ਇਲਾਵਾ ਹੋਰ competitive examination ਵਿੱਚ ਲਗਭਗ 2 ਕਰੋੜ ਬੱਚੇ ਬੈਠਦੇ ਹਨ, ਉਨ੍ਹਾਂ ਦੇ ਮਨਾਂ ਤੇ ਜੋ ਗੱਲ ਬੀਤੀ ਹੈ, ਉਹ 10-20-30 ਸਾਲਾਂ ਤੱਕ ਆਉਣ ਵਾਲੀਆਂ ਸਰਕਾਰਾਂ ਮਹਿਸੂਸ ਕਰਨਗੀਆਂ। ਧਰਮਿੰਦਰ ਪ੍ਰਧਾਨ ਦਾ ਜਿਹੜਾ ਅਸਤੀਫਾ ਹੈ, ਇਹ ਸਿਰਫ ਇੱਕ ਸ਼ੁਰੂਆਤ ਹੈ। ਇਸ ਦਾ ਦਰਦ ਬਹੁਤ ਦੂਰ ਤੱਕ ਜਾਣਾ ਹੈ ਅਤੇ ਬਹੁਤ ਸਾਰੀਆਂ ਸਰਕਾਰਾਂ ਇਸ ਦਾ ਦਰਦ ਮਹਿਸੂਸ ਕਰਨਗੀਆਂ। ਮੈਨੂੰ ਇੱਕ ਬੜੇ ਸਿਆਣੇ ਬੰਦੇ ਨੇ ਕਿਹਾ ਸੀ ਕਿ ਜੇ ਕਿਸੇ ਬੰਦੇ ਬਾਰੇ ਪਤਾ ਕਰਨਾ ਹੋਵੇ ਤਾਂ ਉਸ ਤੋਂ ਇੱਕ ਸਵਾਲ ਪੁੱਛੋ ਕਿ ਤੂੰ ਕਿੱਥੇ ਪੜ੍ਹਿਆ ਹੈ? ਜੇਕਰ ਤਾਂ ਬੰਦਾ self made ਹੋਵੇਗਾ ਅਤੇ ਅਨਪੜ੍ਹ ਹੋਵੇਗਾ ਤਾਂ ਉਹ ਦੱਸ ਦੇਵੇਗਾ ਕਿ ਮੈਂ ਘੱਟ ਪੜ੍ਹਿਆ ਹਾਂ ਪਰ ਮੈਂ ਜ਼ਿੰਦਗੀ ਵਿੱਚ ਇਹ ਕੰਮ ਕੀਤੇ ਹਨ। ਜੇ ਉਹ ਪੜ੍ਹਿਆ ਲਿਖਿਆ ਹੋਵੇਗਾ ਤਾਂ ਉਹ ਯੂਨੀਵਰਸਿਟੀ ਦਾ ਨਾਂ ਦੱਸੇਗਾ, ਆਪਣੇ ਕਾਲਜ ਦਾ ਨਾਂ ਦੱਸੇਗਾ। ਜਿਹੜੇ ਸੈਲਫ ਮੇਡ ਬੰਦੇ ਹੁੰਦੇ ਹਨ। ਜਿਹੜੇ ਪਿਤਾ ਮੇਡ ਹੁੰਦੇ ਹਨ ਉਹ ਆਪਣੇ ਸਕੂਲ ਦਾ ਨਾਂ ਦੱਸਦੇ ਹੁੰਦੇ ਹਨ ਅਤੇ ਜਿਹੜੇ fraud made ਹੁੰਦੇ ਹਨ, ਉਹ ਗੱਲ ਨੂੰ ਗੋਲ ਕਰਦੇ ਹੁੰਦੇ ਹਨ। ਉਹ ਗੱਲ ਨੂੰ ਘੁਮਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਜਦੋਂ ਫਸ ਜਾਂਦੇ ਹਨ ਤਾਂ ਫੋਟੋਸ਼ਾਪ ਰਾਹੀਂ entire political science ਦੀ ਡਿਗਰੀ ਬਣਾ ਲੈਂਦੇ ਹਨ। ਆਪਣੇ ਦੇਸ਼ ਦੀ ਤ੍ਰਾਸਦੀ ਇਹ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ fraud made ਹੈ। ਉਹ ਖੁਦ ਕਦੇ ਕਿਤੇ competitive examination ਵਿੱਚ ਬੈਠੇ ਹੁੰਦੇ, ਕਦੇ ਤਿਆਰੀ ਕੀਤੀ ਹੁੰਦੀ ਤਾਂ ਇਨ੍ਹਾਂ ਬੱਚਿਆਂ ਦਾ ਦਰਦ ਸਮਝਦੇ। ਪਰ ਜਦੋਂ ਉਹ ਖੁਦ fraud made ਹਨ, ਖੁਦ ਜ਼ਿੰਦਗੀ ਵਿੱਚ ਸ਼ਾਰਟਕੱਟ ਅਪਣਾ ਕੇ ਇਸ ਪੁਜ਼ੀਸ਼ਨ ਤੇ ਪਹੁੰਚੇ ਹਨ, ਇਸ ਲਈ ਬੱਚਿਆਂ ਦਾ ਦਰਦ ਉਹ ਅੱਜ ਤੱਕ ਮਹਿਸੂਸ ਨਹੀਂ ਕਰ ਸਕੇ। ਪਰ ਮਹਿਸੂਸ ਕਰਨਗੇ। ਮੈਂ ਜਨਰੇਸ਼ਨ ਜ਼ੀ ਨੂੰ ਸਲੂਟ ਕਰਦਾ ਹਾਂ ਜਿਨ੍ਹਾਂ ਨੇ ਇੰਨੇ ਵੱਡੇ ਪੱਧਰ ਤੇ mobilisation ਕੀਤੀ। ਇਸ ਦੇ ਨਾਲ ਹੀ ਮੈਂ ਸਾਰੇ ਮਾਪਿਆਂ ਨੂੰ ਵੀ ਸਲੂਟ ਕਰਦਾ ਹਾਂ ਕਿ ਉਨ੍ਹਾਂ ਨੇ ਵੀ ਕੰਨ ਖੋਲ੍ਹੇ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੱਚਿਆਂ ਤੇ ਲਾਠੀਚਾਰਜ ਹੋਇਆ ਹੈ, ਉਨ੍ਹਾਂ ਦਾ ਸਾਥ ਦਿੱਤਾ ਤੇ ਸਰਕਾਰ ਨੂੰ ਝੁਕਣਾ ਪਿਆ। ਅੱਜ ਮਾਣਯੋਗ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਵੱਲੋਂ ਜੋ ਮਤਾ ਲਿਆਂਦਾ ਗਿਆ ਹੈ, ਮੈਂ ਉਸ ਦੀ ਖੁੱਲ੍ਹ ਕੇ ਸਪੋਰਟ ਕਰਦਾ ਹਾਂ। ਮੈਂ ਦੇਸ਼ ਦੀ ਸਰਕਾਰ ਨੂੰ ਇਹ ਮੈਸੇਜ ਵੀ ਦੇਣਾ ਚਾਹੁੰਦਾ ਹਾਂ ਕਿ this is not the end, this is just the start. ਜਿਹਡੇ 100 ਤੋਂ ਜ਼ਿਆਦਾ ਪੇਪਰ ਲੀਕ ਹੋਏ ਹਨ, ਜੇ ਤੁਸੀਂ ਇਸ ਚੀਜ਼ ਨੂੰ ਕੰਟਰੋਲ ਨਹੀਂ ਕਰੋਗੇ, ਜੇ ਬੱਚਿਆਂ ਦੇ ਭਵਿੱਖ ਨਾਲ ਇਸੇ ਤਰ੍ਹਾਂ ਖਿਲਵਾੜ ਕਰੋਗੇ, ਜੇ ਤੁਸੀਂ meritocracy ਸਿਸਟਮ ਪ੍ਰਸ਼ਨ ਚਿੰਨ੍ਹ ਲਗਾਉਗੇ ਤਾਂ ਦੇਸ਼ ਦਾ ਭਵਿੱਚ ਬਹੁਤ ਜ਼ਿਆਦਾ ਧੁੰਦਲਾ ਹੋ ਜਾਵੇਗਾ। ਬਹੁਤ-ਬਹੁਤ ਧੰਨਵਾਦ।

**ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਮਿਹਰਬਾਨੀ ਸਪੀਕਰ ਸਾਹਿਬ। ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤੇ ਤੇ, ਜਿਹੜਾ ਕਿ ਮੇਰੇ ਸਾਥੀ ਹਰਪਾਲ ਚੀਮਾ ਜੀ ਨੇ ਪੇਸ਼ ਕੀਤਾ ਹੈ, ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਮੇਰੇ ਸਾਥੀਆਂ ਨੇ, ਸਤਿਕਾਰਯੋਗ ਕੁਲੀਗਜ਼ ਨੇ ਇਸ ਤੇ ਬੜੇ ਵਿਸਤਾਰ ਨਾਲ ਗੱਲ ਕੀਤੀ ਹੈ। ਸਪੀਕਰ ਸਾਹਿਬ, ਪਿਛਲੇ ਦਿਨਾ ਵਿੱਚ ਪੂਰੀ ਦੁਨੀਆਂ ਨੇ ਦੇਖਿਆ ਹੈ ਕਿ ਕਿਸ ਤਰੀਕੇ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਨੂੰ ਦੇਸ਼ ਦੇ ਤਾਨਾਸ਼ਾਹ ਵੱਲੋਂ ਕਿਵੇਂ ਦੇਖਿਆ ਗਿਆ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਦੇਸ਼ ਵਿਕਸਤ ਹੋਣਾ ਚਾਹੀਦਾ ਹੈ, ਦੇਸ਼ ਵਰਲਡ ਪਾਵਰ ਬਣਨਾ ਚਾਹੀਦਾ ਹੈ, ਦੇਸ਼ ਵਿੱਚ ਸਬ ਕਾ ਸਾਥ, ਸਬ ਕਾ ਵਿਕਾਸ ਦੀਆਂ ਗੱਲਾਂ ਹੋਣ, ਪਰ ਉਨ੍ਹਾਂ ਦਾ ਅਸਲੀ ਚਿਹਰਾ ਦੁਨੀਆਂ ਨੇ ਦੇਖਿਆ ਹੈ ਅਤੇ ਇਨ੍ਹਾਂ ਦੇ ਕਾਰਨਾਮਿਆਂ ਕਾਰਨ ਪੂਰੇ ਮੁਲਕ ਦਾ ਸਿਰ ਵੀ ਨੀਵਾਂ ਦੇਖਣਾ ਪਿਆ ਹੈ। ਮੇਰੇ ਖਿਆਲ ਵਿੱਚ, ਸਪੀਕਰ ਸਾਹਿਬ, ਇਸ ਤੋਂ ਵੱਡੀ mass human rights violation ਨਹੀਂ ਹੋ ਸਕਦੀ ਜੋ ਪਿਛਲੇ ਦਿਨਾਂ ਵਿੱਚ ਪੂਰੀ ਦੁਨੀਆਂ ਨੇ ਜੰਤਰ ਮੰਤਰ ਵਿਖੇ ਹੀ ਨਹੀਂ, ਇਕੱਲੇ ਦਿੱਲੀ ਵਿੱਚ ਹੀ ਨਹੀਂ ਸਗੋਂ ਪੂਰੇ ਮੁਲਕ ਵਿੱਚ ਅਲੱਗ ਅਲੱਗ ਸਟੇਟਾਂ ਵਿੱਚ ਹੁੰਦਾ ਦੇਖਿਆ ਹੈ। ਸਰ, ਮੈਂ ਇਸ ਕਰਕੇ mass human rights violation ਕਹਿੰਦਾ ਹਾਂ ਕਿ ਦੇਖੋ ਉਹ ਬੱਚੇ ਕੀ ਮੰਗ ਰਹੇ ਸਨ? ਜੇਕਰ ਆਪਾਂ ਸੰਵਿਧਾਨ ਦੀ ਵੀ ਗੱਲ ਕਰ ਲਈਏ ਤਾਂ ਸੰਵਿਧਾਨ ਦੇ ਆਰਟੀਕਲ 14, 16 ਤੇ 21 ਵਿੱਚ ਕਲੀਅਰਲੀ ਮੈਨਸ਼ਨ ਕੀਤਾ ਹੈ ਕਿ right to fair examination and opportunities in career. ਜਦੋਂ ਇਹ ਚੀਜ਼ਾਂ ਸਾਡੇ ਸੰਵਿਧਾਨ ਵਿੱਚ ਲਿਖੀਆਂ ਹਨ ਤਾਂ ਫਿਰ ਤੁਸੀਂ ਆਪਣੀ ਜ਼ਿੰਮੇਵਾਰੀ ਫਿਕਸ ਕਰਨ ਦੀ ਥਾਂ, ਦੇਸ਼ ਤੋਂ ਮੁਆਫੀ ਮੰਗਣ ਦੀ ਥਾਂ, ਡਿਕਟੇਟਰਸ਼ਿਪ ਵਾਲਾ ਬਿਹੇਵੀਅਰ ਕਰੋ, ਇਹ ਕਦੇ ਵੀ acceptable ਨਹੀਂ ਹੈ। ਸਪੀਕਰ ਸਾਹਿਬ, ਸਾਰੇ ਸਤਿਕਾਰਯੋਗ ਬੁਲਾਰਿਆਂ ਨੇ ਦੱਸਿਆ ਹੈ ਕਿ ਅਤੇ ਸਰਕਾਰੀ ਮਤੇ ਵਿੱਚ ਵੀ ਦੱਸਿਆ ਗਿਆ ਹੈ ਕਿਵੇਂ 10 ਸਾਲਾਂ ਵਿੱਚ 70 ਤੋਂ ਵੱਧ ਪੇਪਰ ਲੀਕ ਹੋਏ ਹਨ, ਹੈਕਿੰਗ ਹੋਈ ਹੈ, job recruitment scam ਹੋਏ ਹਨ ਅਤੇ ਕਰੋੜਾਂ ਬੱਚਿਆਂ ਦਾ ਭਵਿੱਖ affect ਹੋਇਆ ਹੈ। ਇਹ phenomenon ਇਕੱਲਾ ਹੁਣ ਨਹੀਂ, ਸਗੋਂ ਕੇਂਦਰ ਸਰਕਾਰ ਵੱਲੋਂ ਜਿੰਨੇ ਵੀ ਇਮਤਿਹਾਨ ਲਏ ਜਾਂਦੇ ਹਨ ਅਤੇ ਰਾਜ ਸਰਕਾਰ ਵੱਲੋਂ ਵੀ ਜਿੰਨੇ ਇਮਤਿਹਾਨ ਲਏ ਜਾਂਦੇ ਹਨ, ਵਿੱਚ ਬੜੇ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੈ।

**1500/mehak**

ਮੇਰੇ ਕੋਲ ਇੱਕ ਲੰਮੀ ਚੌੜੀ ਲਿਸਟ ਹੈ ਜਿਸ ਵਿੱਚ ਡਿਟੇਲ ਹੈ ਕਿ ਸੈਂਟਰ ਦੇ ਐਗਜ਼ਾਮ ਵਿੱਚ ਕਿਵੇਂ ਅਤੇ ਰਾਜ ਸਰਕਾਰਾਂ ਦੇ ਐਗਜ਼ਾਮ ਵਿੱਚ ਕਿਵੇਂ ਪੇਪਰ ਲੀਕ ਹੁੰਦੇ ਹਨ। ਇਸੇ ਤਰ੍ਹਾਂ ਹੀ ਪੰਜਾਬ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਬਹੁਤ ਪੇਪਰ ਲੀਕ ਹੋਏ, ਕੈਪਟਨ ਅਮਰਿੰਦਰ ਸਿੰਘ ਵੇਲੇ ਪੇਪਰ ਲੀਕ ਹੋਏ, PSTET ਦਾ ਪੇਪਰ ਚੰਨੀ ਸਾਹਿਬ ਵੇਲੇ ਲੀਕ ਹੋਇਆ, ਉਨ੍ਹਾਂ ਦੀ ਤਾਂ ਮਹਿਜ਼ ਤਿੰਨ ਮਹੀਨਿਆਂ ਦੀ ਸਰਕਾਰ ਸੀ। ਮੇਰੇ ਕਹਿਣ ਦਾ ਮਤਲਬ ਹੈ ਕਿ ਇੱਕ phenomena ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਸੀ। ਇਹ ਤਾਂ ਸਿਰਫ ਇੱਕ ਮੌਕਾ ਆਇਆ ਕਿ ਜਦੋਂ ਉਨ੍ਹਾਂ ਦੇ ਸੱਟ ਵੀ ਮਾਰੀ ਗਈ, ਉਨ੍ਹਾਂ ਦੇ ਜ਼ਖਮਾਂ ਤੇ ਲੂਣ ਵੀ ਭੁੱਕਿਆ ਗਿਆ ਤੇ ਉਸ ਨੂੰ ਰਗੜਿਆ ਵੀ ਗਿਆ। ਇਸ ਕਰਕੇ Gen Z ਉਠੀ ਤੇ ਉਠਦੀ ਵੀ ਕਿਉਂ ਨਾ। ਜੇ ਆਪਾਂ National Scenario ਦੇ ਉੱਪਰ ਨਜ਼ਰ ਮਾਰੀਏ ਤਾਂ 2002 ਤੋਂ 2025 ਤੱਕ ਜਿੰਨੇ ਪੇਪਰ

ਲੀਕ ਹੋਏ, ਉਸ ਲਈ 1658 ਅਰੈਸਟਾਂ ਹੋਈਆਂ, 925 ਚਾਰਜਸ਼ੀਟਾਂ ਹੋਈਆਂ ਤੇ ਮਹਿਜ਼ 18 ਲੋਕਾਂ ਨੂੰ ਸਜ਼ਾਵਾਂ ਹੋਈਆਂ। ਉਹ ਗੁਨਾਹਗਾਰ ਜਿਹੜੇ ਦੇਸ਼ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਸੀ, ਆਪਣੇ ਨਿੱਜੀ ਹਿੱਤਾਂ ਕਰਕੇ, ਲਾਲਚਾਂ ਕਰਕੇ, ਉਨ੍ਹਾਂ ਦੇ ਖਿਲਵਾੜ ਕਰਕੇ ਕਿੰਨੇ ਬੱਚੇ ਹੋਣਗੇ ਜਿਹੜੇ ਡਿਪ੍ਰੈਸ਼ਨ ਵਿੱਚ ਚਲੇ ਗਏ ਹੋਣਗੇ, ਜਿਨ੍ਹਾਂ ਨੇ ਪੜ੍ਹਾਈ ਛੱਡ ਦਿੱਤੀ ਹੋਵੇਗੀ, ਜਿਨ੍ਹਾਂ ਨੇ ਪੜ੍ਹਾਈ ਤੋਂ ਤੌਬਾ ਕਰ ਲਈ ਹੋਵੇਗੀ, ਕਿਸੇ ਨੇ ਸੁਸਾਈਡ ਕਰ ਲਿਆ ਹੋਵੇਗਾ, ਇਹ ਉਨ੍ਹਾਂ ਦਾ ਹਿਸਾਬ ਲੈਣ ਦਾ ਸਮਾਂ ਸੀ। ਹੁਣ ਜੇ ਆਪਾਂ ਇਸ ਪੇਪਰ ਲੀਕ ਦੀ ਗੱਲ ਕਰੀਏ ਕਿ ਇਸ ਦਾ ਕਿੰਨਾ ਵੱਡਾ magnitude ਸੀ, ਕਿੰਨੀ ਵੱਡੀ ਇੰਪਾਰਟੈਂਸ ਸੀ। ਮੇਰੇ ਹੱਥ ਵਿੱਚ ਬੀ.ਜੇ.ਪੀ. ਦਾ 2024 ਦਾ ਲੋਕ ਸਭਾ ਦਾ ਮੈਨੀਫੈਸਟੋ ਹੈ (ਮੈਨੀਫੈਸਟੋ ਦਿਖਾਉਂਦੇ ਹੋਏ)। ਪ੍ਰਧਾਨ ਮੰਤਰੀ ਮੋਦੀ ਸਾਹਿਬ ਆਪ ਇਸ ਨੂੰ ਜਾਰੀ ਕਰ ਰਹੇ ਸਨ ਤੇ ਸਭ ਤੋਂ ਪਹਿਲਾਂ ਕਹਿ ਰਹੇ ਹਨ ਕਿ ਅਸੀਂ ਪੇਪਰ ਲੀਕ ਨੂੰ ਰੋਕਣ ਲਈ ਸਖਤ ਕਾਨੂੰਨ ਲੈ ਕੇ ਆਵਾਂਗੇ। ਜਨਾਬ ਨੇ ਕਹਿ ਦਿੱਤਾ ਤੇ ਵੋਟਾਂ ਵੀ ਲੈ ਲਈਆਂ, ਸੱਤਾ ਵਿੱਚ ਆ ਗਏ ਤੇ ਤੀਜੀ ਵਾਰੀ ਪ੍ਰਧਾਨ ਮੰਤਰੀ ਵੀ ਬਣ ਗਏ। ਉਸ ਤੋਂ ਬਾਅਦ 2024 ਵਿੱਚ Public Examination Prevention of Unfair Means Act, 2024 ਵੀ ਆ ਗਿਆ ਤੇ 2024 ਤੋਂ ਲੈ ਕੇ ਹੁਣ ਤੱਕ ਮਹਿਜ਼ ਦੋ ਸਾਲਾਂ ਵਿੱਚ 2024 ਵਿੱਚ ਵੀ NEET UG ਲੀਕ ਹੋ ਗਿਆ, 2024 ਵਿੱਚ ਫਿਰ UGC NET ਲੀਕ ਹੋ ਗਿਆ ਤੇ ਹੁਣ 2026 ਵਿੱਚ ਫਿਰ ਦੁਬਾਰਾ ਲੀਕ ਹੋ ਗਿਆ। ਸਰ, ਇਹ ਪਾਣੀ ਜਦੋਂ ਸਿਰ ਦੇ ਉੱਪਰੋਂ ਲੰਘ ਗਿਆ ਫਿਰ ਦੇਸ਼ ਦਾ ਯੁਵਾ, ਦੇਸ਼ ਦਾ ਨੌਜਵਾਨ, ਦੇਸ਼ ਦਾ ਸਟੂਡੈਂਟ ਜਿਸ ਨੂੰ ਆਪਾਂ Gen Z ਕਹਿ ਦਿੰਦੇ ਹਾਂ, ਉਹ ਉਠਿਆ ਹੈ ਤੇ ਫਿਰ ਉਸ ਤੋਂ ਬਾਅਦ ਜੋ ਜੰਤਰ ਮੰਤਰ ਤੋਂ ਸ਼ੁਰੂਆਤ ਹੋਈ ਤਾਂ ਇੱਕ ਨਿੱਕੀ ਜਿਹੀ ਚਿੰਘਿਆੜੀ ਨੇ ਸੱਤਾ ਦੇ ਧੁਰੇ ਹਿਲਾ ਕੇ ਰੱਖ ਦਿੱਤੇ। ਸ਼ਰਮ ਆਉਂਦੀ ਹੈ ਕਿ ਇਹੋ ਜਿਹੇ ਦੇਸ਼ ਦੇ ਤਾਨਾਸ਼ਾਹ ਜਿਹੜੇ ਕਿ ਮਾਫੀ ਮੰਗਣ ਦੀ ਬਜਾਏ, ਆਪਣੀ ਜ਼ਿੰਮੇਵਾਰੀ ਓਟਣ ਦੀ ਬਜਾਏ ਲੱਖਾਂ ਸਟੂਡੈਂਟਸ ਨੂੰ ਜਿਹੜੇ ਸ਼ਾਂਤੀਪੂਰਵਕ ਤਰੀਕੇ ਨਾਲ ਉੱਥੇ ਪ੍ਰੋਟੈਸਟ ਕਰ ਰਹੇ ਸਨ, ਕੋਈ ਉਨ੍ਹਾਂ ਨੂੰ ਆਈ.ਐਸ.ਆਈ. ਦਾ ਏਜੰਟ ਕਹਿ ਰਿਹਾ ਹੈ, ਕੋਈ ਦੇਸ਼ ਵਿਰੋਧੀ ਕਹਿ ਰਿਹਾ ਹੈ, ਕੋਈ ਅਤਿਵਾਦੀ ਕਹਿ ਰਿਹਾ ਹੈ ਤੇ ਸੋਨਮ ਵਾਂਗਚੁੱਕ ਵਰਗੇ ਲੋਕ ਜਿਨ੍ਹਾਂ ਨੂੰ ਅੱਜ ਦੀ ਪੀੜ੍ਹੀ ਪੂਜਦੀ ਹੈ, ਜਿਨ੍ਹਾਂ ਤੋਂ ਸੇਧ ਲੈਂਦੀ ਹੈ, ਉਨ੍ਹਾਂ ਨੂੰ ਕਿਵੇਂ ਚੁੱਕ ਲਿਆ ਜਾਂਦਾ ਹੈ, ਇਹ ਸ਼ਰਮਸਾਰ ਸੀ। ਪੈਲੇਟ ਗਨਜ਼ ਦਾ ਯੂਜ਼ ਹੋਇਆ, ਸਾਰੇ ਸਾਥੀਆਂ ਨੇ ਗੱਲ ਕੀਤੀ, ਪਰਚੇ ਦਰਜ ਹੋ ਗਏ, ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਮਾਈਨਰ ਬੱਚੇ, ਲੜਕੀਆਂ ਤੱਕ ਨੂੰ ਵੀ ਬਖਸ਼ਿਆ ਨਹੀਂ ਗਿਆ। ਸੋ, ਸਪੀਕਰ ਸਾਹਿਬ, ਮੈਂ ਤਾਂ ਸਿਰਫ ਔਰ ਸਿਰਫ ਇਸ ਉੱਪਰ ਇੰਨਾ ਹੀ ਕਹਿਣਾ ਚਾਹਾਂਗਾ ਕਿ ਜਿਵੇਂ ਕਹਿੰਦੇ ਹਨ ਕਿ ਬੇਸ਼ਰਮ ਦੀ ਦਾਲ ਡੁੱਲ ਗਈ, ਯਾਰ ਤਾਂ ਕਹਿੰਦੇ ਭੂੰਜੇ ਹੀ ਚਟਦੇ ਹੁੰਦੇ ਹਨ। ਪਹਿਲਾਂ ਉਹ ਮੰਨੇ ਨਹੀਂ ਸੀ ਤੇ ਜਦੋਂ ਦੇਸ਼ ਦੇ Gen Z ਨੇ, ਦੇਸ਼ ਦੇ ਨੌਜਵਾਨ ਨੇ ਸਰਕਾਰ ਦੀ ਗਰਦਨ ਤੇ ਗੋਡਾ ਧਰ ਲਿਆ ਤਾਂ ਇਨ੍ਹਾਂ ਨੂੰ ਆਪਣੀ ਕੁਰਸੀ ਜਾਂਦੀ ਦਿਖੀ। ਜੇ ਅੱਜ ਵੀ ਕਹੀਏ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਿਲ ਦੇ ਵਿੱਚ ਕੋਈ ਬੱਚਿਆਂ ਪ੍ਰਤੀ ਦਰਦ ਜਾਂ ਸਨੇਹ ਜਾਗ ਗਿਆ ਹੋਵੇਗਾ? ਨਾ, ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ Gen Z ਦੀ ਤਾਕਤ ਉਹ ਹੈ ਜਿਨ੍ਹਾਂ ਨੇ ਨੇਪਾਲ ਤੇ ਬੰਗਲਾਦੇਸ਼ ਦੀਆਂ ਸਰਕਾਰਾਂ ਦੀਆਂ ਜੜ੍ਹਾਂ ਹਿਲਾ ਸਕਦੇ ਹਨ ਤੇ ਇਹ ਸਾਡੀਆਂ ਜੜ੍ਹਾਂ ਨੂੰ ਵੀ ਪੈ ਚੁੱਕੇ ਹਨ ਤਾਂ ਕਿਤੇ ਸਾਡੇ ਤਖਤ ਵੀ ਨਾ ਹਿਲ ਜਾਣ। ਫਿਰ ਮਾਫੀਆਂ ਮੰਗਣ ਦੀ ਥਾਂ ਤੇ ਜਦੋਂ ਇਹ ਪ੍ਰਧਾਨ ਦਾ ਅਸਤੀਫਾ ਕਰਵਾਉਂਦੇ ਹਨ ਤਾਂ ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਬੇਸ਼ਰਮ ਦੀ ਦਾਲ ਡੁੱਲ ਗਈ ਤੇ ਯਾਰ ਤਾਂ ਭੂੰਜੇ ਚਟਦੇ ਹਨ। ਅਗਲੇ ਦਿਨ ਜਦੋਂ ਇਹ ਪਾਰਲੀਮੈਂਟ ਵਿੱਚ ਜਾਂਦੇ ਹਨ ਤਾਂ

ਉੱਥੇ ਬੀ.ਜੇ.ਪੀ. ਦੇ ਐਮ.ਪੀ. ਦੇ ਲੀਡਰ ਫੁੱਲਾਂ ਦੀ ਵਰਖਾ ਇਸ ਤਰ੍ਹਾਂ ਕਰਦੇ ਹਨ ਜਿਵੇਂ ਕੋਈ ਜਮਰੌਦ ਦਾ ਕਿੱਲਾ ਜਿੱਤ ਕੇ ਆਇਆ ਹੋਵੇ। ਸਰ, ਮੇਰਾ ਸਿਰਫ ਔਰ ਸਿਰਫ ਇੰਨਾ ਕਹਿਣਾ ਹੈ ਕਿ ਇਹ ਸਾਰੀਆਂ ਪਾਰਟੀਆਂ ਦਾ ਨੈਸ਼ਨਲ ਇਸ਼ੂ ਸੀ,

**1505/Sukhpiar Singh**

ਇਹ ਕੋਈ ਪਾਰਟੀਬਾਜ਼ੀ ਦਾ ਇਸ਼ੂ ਨਹੀਂ ਸੀ, ਸਭ ਤੋਂ ਅੱਗੇ ਹੋ ਕੇ ਜੇ ਉਨ੍ਹਾਂ ਦੀ ਆਵਾਜ਼ ਚੁੱਕੀ ਤਾਂ ਸਾਡੇ ਨੈਸ਼ਨਲ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ, ਮਨੀਸ਼ ਜੀ ਅਤੇ ਮਾਨ ਸਾਹਿਬ ਹੁਰਾਂ ਨੇ ਆਵਾਜ਼ ਚੁੱਕੀ, ਆਮ ਆਦਮੀ ਪਾਰਟੀ ਨੇ ਆਵਾਜ਼ ਚੁੱਕੀ। ਸੋ, ਮੇਰੀ ਬੇਨਤੀ ਇੰਨੀ ਹੈ ਕਿ ਇੱਕ ਪਾਸੇ ਜਿੱਥੇ ਮੋਦੀ ਸਾਹਿਬ ਨੇ ਕਿਹਾ ਕਿ ਮੈਂ ਇਨ੍ਹਾਂ ਨੂੰ ਮੁਆਫ ਕਰਦਾ ਹਾਂ। ਮੈਂ ਅੱਜ ਇਸ ਸਦਨ ਦੇ ਜ਼ਰੀਏ ਉਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਜੇ ਤੁਹਾਡੇ ਵਿੱਚ ਥੋੜ੍ਹੀ ਬਹੁਤ ਵੀ ਲਿਆਕਤ, ਸ਼ਰਮ ਨਾਮ ਦੀ ਕੋਈ ਚੀਜ਼ ਹੈ ਤਾਂ ਮੁਆਫ ਕਰਨ ਦੀ ਬਜਾਏ ਕੰਨ ਫੜ੍ਹ ਕੇ ਉਨ੍ਹਾਂ ਤੋਂ ਮੁਆਫੀ ਮੰਗੋ ਜਿਨ੍ਹਾਂ ਦੇ ਤੁਸੀਂ ਕੈਰੀਅਰ ਬਰਬਾਦ ਕਰਕੇ ਰੱਖ ਦਿੱਤੇ ਹਨ। ਆਖੀਰ ਵਿੱਚ ਮੈਂ Gen Z ਨੂੰ ਸੈਲਿਊਟ ਕਰਾਂਗਾ, ਇਸ ਤੋਂ ਪਹਿਲਾਂ ਇੱਕ ਸੈਲਿਊਟ ਪੰਜਾਬ ਦੇ ਕਿਸਾਨਾਂ ਨੂੰ ਕੀਤਾ ਸੀ, ਤਕਰੀਬਨ 14 ਸਾਲਾਂ ਵਿੱਚ ਜੇ ਉਸ ਤਾਨਾਸ਼ਾਹ ਦਾ ਕੋਈ ਮੂੰਹੋਂ ਮੋੜ ਸਕਿਆ ਹੈ ਤਾਂ ਇਹ ਦੋ ਹੀ ਜਰਨੈਲ ਹਨ। ਦੇਸ਼ ਦਾ ਨੌਜਵਾਨ ਅਤੇ ਪੰਜਾਬ ਦਾ ਕਿਸਾਨ ਜਿਨ੍ਹਾਂ ਨੇ ਪਹਿਲਾਂ ਉਨ੍ਹਾਂ ਦਾ ਮੂੰਹ ਮੋੜਿਆ ਸੀ। ਮੈਨੂੰ ਇਨ੍ਹਾਂ ਤੇ ਵੀ ਸ਼ਰਮ ਆਉਂਦੀ ਹੈ, ਜਦੋਂ ਪ੍ਰੋਟੈਸਟ ਚੱਲਦਾ ਸੀ ਤਾਂ ਰਾਹੁਲ ਗਾਂਧੀ ਦੀ ਫੋਟੋ ਆਈ ਕਿ ਥਾਣੇ ਵਿੱਚੋਂ ਨਿਕਲ ਰਿਹਾ ਹੈ, ਇੱਕ ਪੈਰ ਵਿੱਚ ਚੱਪਲ ਨਹੀਂ ਹੈ ਅਤੇ ਪਿੱਛੋਂ ਲਿਬੜਿਆ ਹੋਇਆ ਹੈ। ਅੱਜ ਮੈਂ ਰਾਹੁਲ ਗਾਂਧੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਤੁਸੀਂ ਤਾਂ ਉਦੋਂ ਡਰਾਮੇ ਕਰਦੇ ਸੀ ਕਿ ਅਸੀਂ ਦੇਸ਼ ਦੀ ਆਵਾਜ਼ ਚੁੱਕ ਰਹੇ ਹਾਂ। ਅੱਜ ਜਦੋਂ ਡਿਸਕਸ਼ਨ ਕਰਨ ਦਾ ਮੌਕਾ ਆਇਓ, ਅੱਜ ਜਦੋਂ ਹੱਕ ਬਣਦਾ ਸੀ ਕਿ ਪੂਰੀ ਦੀ ਪੂਰੀ ਵਿਧਾਨ ਸਭਾ ਦਾ across all parties, ਸਾਰੀਆਂ ਸਿਆਸੀ ਪਾਰਟੀਆਂ ਅਤੇ ਧਿਰਾਂ ਤੋਂ ਉੱਪਰ ਉਠ ਕੇ ਅੱਜ ਹੱਕ ਬਣਦਾ ਸੀ ਕਿ ਸਾਰੇ ਇੱਥੇ ਮੌਜੂਦ ਹੁੰਦੇ ਅਤੇ ਤਿੰਨ ਕਰੋੜ ਅੱਜ ਪੰਜਾਬੀ ਪ੍ਰਧਾਨ ਮੰਤਰੀ ਤੋਂ ਮੁਆਫੀ ਅਤੇ ਅਸਤੀਫੇ ਦੀ ਮੰਗ ਕਰਦੇ, ਅੱਜ ਇਹ ਲੋਕ ਨਦਾਰਦ ਹਨ। ਇਨ੍ਹਾਂ ਦਾ ਪਹਿਲਾ ਸਾਥੀ ਅਸ਼ਵਨੀ ਜੀ ਰੌਲਾ ਪਾਈ ਜਾਂਦੇ ਸੀ, ਉਹ ਵੀ ਗਾਇਬ ਹਨ। ਸੋ, ਮੇਰੇ ਕਹਿਣ ਦਾ ਸਿਰਫ ਔਰ ਸਿਰਫ ਭਾਵ ਇੰਨਾ ਹੀ ਹੈ ਕਿ ਦੇਸ਼ ਦੇ ਨੌਜਵਾਨ ਨੇ ਅੱਜ ਉਨ੍ਹਾਂ ਹੁਕਮਰਾਨਾਂ ਨੂੰ ਆਇਨਾ ਦਿਖਾ ਦਿੱਤਾ ਹੈ, ਸ਼ੀਸ਼ਾ ਦਿਖਾ ਦਿੱਤਾ ਹੈ, ਜਿਹੜੇ ਕਹਿੰਦੇ ਹਨ ਕਿ ਅਸੀਂ ਡਿਕਟੇਟਰ ਬਣ ਕੇ ਦੇਸ਼ ਚਲਾਵਾਂਗੇ ਅਤੇ ਦੇਸ਼ ਦੇ ਨੌਜਵਾਨ ਨੇ ਸ਼ੀਸ਼ਾ ਦਿਖਾ ਦਿੱਤਾ ਕਿ ਜਦੋਂ ਨੌਜਵਾਨ ਉੱਠੇਗਾ ਤਾਂ ਵੱਡੀਆਂ ਵੱਡੀਆਂ ਸਰਕਾਰਾਂ ਅਤੇ ਵੱਡੇ ਵੱਡੇ ਤਾਨਾਸ਼ਾਹਾਂ ਦਾ ਮੂੰਹ ਮੋੜ ਕੇ ਰੱਖ ਦੇਵੇਗਾ। ਅੱਜ ਆਮ ਆਦਮੀ ਪਾਰਟੀ ਵੱਲੋਂ ਅਤੇ ਪੂਰੇ ਪੰਜਾਬ ਵੱਲੋਂ ਮਾਨ ਸਾਹਿਬ ਦੀ ਅਗਵਾਈ ਵਿੱਚ ਨੌਜਵਾਨਾਂ ਨੂੰ ਬੇਨਤੀ ਕਰਾਂਗਾ ਕਿ ਆਉਣ ਵਾਲਾ ਸਮਾਂ ਤੁਹਾਡਾ ਹੈ, ਜਦੋਂ ਦੇਸ਼ ਦਾ ਤਾਨਾਸ਼ਾਹ ਅਜਿਹਾ ਕਰੇ ਤਾਂ ਆਪਾਂ ਸਾਰੇ ਰਲ ਕੇ ਉਨ੍ਹਾਂ ਦਾ ਮੂੰਹ ਮੋੜਾਂਗੇ ਤਾਂ ਕਿ ਇਸ ਦੇਸ਼ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸਭ ਤੋਂ ਮਜ਼ਬੂਤ ਲੋਕਤੰਤਰ ਆਪਾਂ ਬਣਾ ਸਕੀਏ। ਸੋ, ਬਹੁਤ ਬਹੁਤ ਧੰਨਵਾਦ ਜੀ। ਜੈ ਹਿੰਦ।

**ਮਾਣਯੋਗ ਸਪੀਕਰ**: ਮੈਂ ਹੁਣ ਲੀਡਰ ਆਫ ਦਿ ਹਾਊਸ, ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ। ਬਹੁਤ ਹੀ ਗੰਭੀਰ ਵਿਸ਼ੇ ਤੇ ਸਾਡੇ ਹਰਪਾਲ ਸਿੰਘ ਚੀਮਾ ਸਾਹਿਬ ਇੱਕ ਨਿੰਦਾ ਪ੍ਰਸਤਾਵ ਲੈ ਕੇ ਆਏ ਹਨ ਜਿਸ ਦਾ ਸਬੰਧ ਵਿੱਦਿਆ ਨਾਲ ਹੈ, ਜਿਸ ਦਾ ਸਬੰਧ ਅਖਰ ਨਾਲ ਹੈ, ਜਿਸ ਦਾ ਸਬੰਧ ਸ਼ਬਦਾਂ ਨਾਲ ਹੈ, ਜਿਸ ਦਾ ਸਬੰਧ ਮਨੁੱਖ ਦੇ ਤੀਜੇ ਨੇਤਰ ਨਾਲ ਹੈ ਅਤੇ ਮੈਂ ਉਸ ਨਿੰਦਾ ਪ੍ਰਸਤਾਵ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਤੁਸੀਂ ਮੈਨੂੰ ਮੌਕਾ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਜਿਹੜੀ ਸਾਡੇ ਦੇਸ਼ ਦੀ ਨਵੀਂ ਜਨਰੇਸ਼ਨ ਹੈ, ਜਿਹੜੀ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਮੰਨੀ ਜਾਂਦੀ ਹੈ, ਮਿਹਨਤ ਕਰਨ ਵਿੱਚ ਕੋਈ ਕਮੀ ਨਹੀਂ ਛੱਡਦੇ, ਜਦੋਂ ਉਨ੍ਹਾਂ ਨੂੰ ਵਾਰ ਵਾਰ ਧੋਖੇ ਖਾਣੇ ਪੈਂਦੇ ਹਨ ਤਾਂ ਬੜਾ ਦੁਖ ਹੁੰਦਾ ਹੈ। ਇੱਕ ਗਰੀਬ ਦਾ ਬੱਚਾ ਸੋਚਦਾ ਹੈ ਕਿ ਮੈਂ ਕਿਤਾਬ ਨਾਲ ਆਪਣੀ ਅਤੇ ਆਪਣੇ ਪਰਿਵਾਰ ਦੀ ਕਿਸਮਤ ਬਦਲ ਦੇਵਾਂਗਾ। ਮੈਂ ਕੋਈ ਘੁਟਾਲੇ ਨਹੀਂ ਕਰ ਰਿਹਾ, ਮਾਂ-ਪਿਓ ਨੂੰ ਵੀ ਹੁੰਦਾ ਹੈ ਕਿ ਸਾਡਾ ਬੱਚਾ ਮਿਹਨਤ ਕਰ ਰਿਹਾ ਹੈ। ਸਿਟਿੰਗ ਢਾਈ-ਢਾਈ ਵਜੇ ਦੇ ਅਲਾਰਮ ਲਗਾ ਕੇ ਪਹਿਲਾਂ ਮਾਂ-ਪਿਓ ਉੱਠਦੇ ਹਨ, ਚਾਹ ਬਣਾ ਕੇ ਦਿੰਦੇ ਹਨ। ਮਾਂ-ਪਿਓ ਵਿੱਚੋਂ ਕੋਈ ਦਿਹਾੜੀਦਾਰ ਹੈ ਤਾਂ ਇੱਕ ਅੱਧਾ ਦਿਹਾੜੀ ਵੀ ਛੱਡਦਾ ਹੈ ਕਿ ਮੈਂ ਬੱਚੇ ਨੂੰ ਪੜਾਉਣਾ ਹੈ, ਅੱਜ ਬੱਚੇ ਨੂੰ ਟਿਊਸ਼ਨ ਤੋਂ ਲਿਆਉਣਾ ਹੈ ਜਾਂ ਛੱਡ ਕੇ ਆਉਣਾ ਹੈ। ਮਹਿੰਗੀ ਮਹਿੰਗੀ ਕੋਚਿੰਗ ਲੈਣੀ ਪੈਂਦੀ ਹੈ, ਪਤਾ ਨਹੀਂ ਕਿਵੇਂ ਕਿਵੇਂ ਪੈਸੇ ਇਕੱਠੇ ਕਰਕੇ ਗਰੀਬ ਦਾ ਇੱਕ ਬੱਚਾ ਪੇਪਰ ਦੇ ਸੈਂਟਰ ਹਾਲ ਤੱਕ ਪਹੁੰਚਦਾ ਹੈ, ਪੇਪਰ ਦੇ ਐਗਜ਼ਾਮੀਨੇਸ਼ਨ ਸੈਂਟਰ ਤੇ ਪਹੁੰਚਦਾ ਹੈ ਪਰ ਜਦੋਂ ਉਸ ਬੱਚੇ ਨੂੰ ਪਤਾ ਲੱਗਦਾ ਹੈ ਕਿ ਮੈਂ ਤਾਂ ਢਾਈ-ਤਿੰਨ ਵਜੇ ਉੱਠ ਕੇ ਪੜ੍ਹਦਾ ਰਿਹਾ ਅਤੇ ਮੇਰੀ 18-18 ਘੰਟੇ ਸਿਟਿੰਗ ਰਹੀ, ਜਿਹੜਾ ਪੇਪਰ ਦੇਣਾ ਸੀ, ਉਹ ਤਾਂ ਦੋ ਦਿਨ ਪਹਿਲਾਂ ਹੀ ਕੋਈ ਅਮੀਰ ਬੰਦੇ ਖਰੀਦ ਕੇ ਲੈ ਗਏ। ਪੇਪਰ ਹੀ ਖਰੀਦ ਕੇ ਲੈ ਗਏ, ਇਹ ਪੇਪਰ ਲੀਕ ਨਹੀਂ, ਪੇਪਰ ਖਰੀਦ ਹੈ।

1510/**manika**

ਲੀਕ ਕਿਸ ਵਾਸਤੇ ਹੁੰਦਾ ਹੈ, ਉਹ ਤਾਂ ਹੁੰਦਾ ਹੈ ਜੇਕਰ ਉਸ ਦਾ ਕੋਈ ਗਾਹਕ ਹੁੰਦਾ ਹੈ। ਆਮ ਬੱਚਾ ਕਿਵੇਂ ਖਰੀਦ ਲਵੇਗਾ ਕਿਉਂਕਿ 8-8, 10-10, 15-15 ਅਤੇ 20-20 ਲੱਖ ਰੁਪਏ ਦਾ ਰੇਟ ਚੱਲਦਾ ਹੈ। ਅਸੀਂ ਨਕਲ ਕਰਵਾਉਣ ਵਾਲੀ ਗੈਂਗ ਫੜੀ ਹੈ। ਸਰ, ਨਕਲ ਕਰਵਾਉਣ ਦੇ ਰੇਟ ਚੱਲ ਰਹੇ ਹਨ। ਜਦੋਂ ਅਮੀਰ ਘਰਾਂ ਦੇ ਬੱਚੇ ਪੇਪਰ ਖਰੀਦ ਕੇ ਲੈ ਜਾਂਦੇ ਹਨ ਤਾਂ ਆਮ ਘਰਾਂ ਦੇ ਬੱਚਿਆਂ ਦਾ ਸੁਪਨਾ ਟੁੱਟ ਜਾਂਦਾ ਹੈ। ਮੇਰੇ ਸਾਹਮਣੇ ਇੱਕ ਲਿਸਟ ਪਈ ਹੈ। ਇੱਕ ਤਾਂ 2019-2024 ਤੱਕ ਦੀ ਹੈ, ਜਿਸ ਵਿੱਚ ਭਾਰਤ ਦਾ ਨਕਸ਼ਾ ਬਣਿਆ ਹੋਇਆ ਹੈ, ਜਿੱਥੇ-ਜਿੱਥੇ ਵੀ ਬੀ.ਜੇ.ਪੀ. ਦੀ ਸਰਕਾਰ ਹੈ, ਉਥੇ ਪੇਪਰ ਲੀਕ ਹੋਏ ਹਨ। (ਇਸ ਸਮੇਂ ਹੱਥ ਵਿੱਚ ਫੜਿਆ ਕਾਗਜ਼ ਦਿਖਾਉਂਦੇ ਹੋਏ।) (ਟਰੇਜ਼ਰੀ ਬੈਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) 2019-2024 ਤੱਕ 65 ਪੇਪਰ ਲੀਕ ਹੋਏ ਹਨ। ਜਿਵੇਂ ਪ੍ਰਧਾਨ ਮੰਤਰੀ ਜਾਂ ਜਿਹੜੇ ਅੰਧ ਭਗਤ ਹਨ, ਉਹ ਕਹਿੰਦੇ ਹਨ ਕਿ ਦੇਸ਼ ਆਜ਼ਾਦ ਹੀ 2014 ਤੋਂ ਬਾਅਦ ਹੋਇਆ ਹੈ। ਸਾਨੂੰ ਆਜ਼ਾਦੀ ਹੀ 2014 ਤੋਂ ਬਾਅਦ ਮਿਲੀ ਹੈ। ਜਦੋਂ ਤੋਂ ਪ੍ਰਧਾਨ ਮੰਤਰੀ ਮੋਦੀ ਜੀ ਆਏ ਹਨ, ਉਸ ਤੋਂ ਬਾਅਦ ਹੀ ਆਜ਼ਾਦੀ ਮਿਲੀ ਹੈ। So called ਆਜ਼ਾਦੀ ਜੋ 2014 ਤੋਂ ਮਿਲੀ ਹੈ, ਉਸ ਸਮੇਂ ਦੇ ਅੰਦਰ 93 ਪੇਪਰ ਲੀਕ ਹੋਏ ਹਨ। (ਇਸ ਸਮੇਂ ਹੱਥ ਵਿੱਚ ਫੜਿਆ ਕਾਗਜ਼ ਦਿਖਾਉਂਦੇ ਹੋਏ।) ਸ੍ਰੀ ਅਰਵਿੰਦ ਕੇਜਰੀਵਾਲ ਜੀ ਨੇ ਇਹ ਆਪਣੀ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਸੀ ਪਰ ਸਭ ਤੋਂ ਵੱਧ ਟਾੱਪ ਪੰਜ ਸਟੇਟਾਂ ਹਨ, ਜਿੱਥੇ ਪੇਪਰ ਲੀਕ ਹੋਏ ਹਨ, ਉਥੇ ਬੀ.ਜੇ.ਪੀ. ਦਾ ਰਾਜ ਹੈ। ਉਨ੍ਹਾਂ ਵਿੱਚ ਰਾਜਸਥਾਨ, ਉੱਤਰਪ੍ਰਦੇਸ਼, ਝਾਰਖੰਡ, ਗੁਜਰਾਤ, ਬਿਹਾਰ,

ਮੱਧਪ੍ਰਦੇਸ਼, ਉਡੀਸ਼ਾ, ਪੱਛਮੀ ਬੰਗਾਲ, ਦਿੱਲੀ, ਤਿਲੰਗਾਨਾ, ਹਿਮਾਚਲ, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਨਾਗਾਲੈਂਡ ਹਨ। ਸਰ, ਅਸਲ ਵਿੱਚ ਇਹ ਪੇਪਰ ਲੀਕ ਨਹੀਂ ਹੈ, ਇਹ ਬੱਚਿਆਂ ਦੀ ਕਿਸਮਤ ਨਾਲ ਖਿਲਵਾੜ ਹੈ। ਬੱਚਿਆਂ ਦੇ ਫਿਊਚਰ ਨਾਲ ਖਿਲਵਾੜ ਹੈ। ਗੁਜਰਾਤ ਵਿੱਚ ਪੇਪਰ ਲੀਕ ਨੂੰ 'ਪੇਪਰ ਫੂਟਾ' ਕਿਹਾ ਜਾਂਦਾ ਹੈ। ਉਥੋਂ ਦੇ ਬੱਚੇ ਪੇਪਰ ਲੀਕ ਨੂੰ ਪੇਪਰ ਫੂਟਾ ਕਹਿੰਦੇ ਹਨ। ਅਸੀਂ ਗੁਜਰਾਤ ਜਾਂਦੇ ਹਾਂ ਤਾਂ ਸਾਨੂੰ ਬੱਚੇ ਮਿਲਦੇ ਹਨ ਅਤੇ ਉਹ ਰੈਲੀ ਵਿੱਚ ਇੱਕ ਸਲੋਗਨ ਲਿਖ ਕੇ ਲਿਆਉਂਦੇ ਹਨ ਕਿ 'ਪੇਪਰ ਫੂਟਾ, ਸਪਨਾ ਟੂਟਾ' ਸਰ, ਸੁਪਨੇ ਟੁੱਟ ਜਾਂਦੇ ਹਨ। ਇਸੇ ਕਰਕੇ ਫਿਰ Gen-G ਨੂੰ ਉਠਣਾ ਪਿਆ। ਤੁਸੀਂ ਟੀ.ਵੀ. ਉੱਤੇ ਦੇਖਿਆ ਹੋਵੇਗਾ ਕਿ ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਪੇ ਵੀ ਪ੍ਰਦਰਸ਼ਨ ਵਿੱਚ ਆਏ ਸਨ। ਛੋਟੇ-ਛੋਟੇ 14-14 ਅਤੇ 15-15 ਸਾਲਾਂ ਦੇ ਬੱਚਿਆਂ ਨਾਲ ਉਨ੍ਹਾਂ ਦੇ ਮਾਪੇ ਆਏ ਸਨ। ਮਾਪੇ ਕਹਿੰਦੇ ਸੀ ਕਿ ਅਸੀਂ ਇਨ੍ਹਾਂ ਨੂੰ ਲੈ ਕੇ ਚੱਲੇ ਹਾਂ ਅਤੇ ਇਨ੍ਹਾਂ ਨੂੰ ਆਪਣੇ ਹੱਕ ਮੰਗਣ ਦਾ ਅਧਿਕਾਰ ਹੈ। ਉਨ੍ਹਾਂ ਬੱਚਿਆਂ ਉੱਤੇ ਲਾਠੀਚਾਰਜ, ਉਨ੍ਹਾਂ ਉੱਤੇ ਪਾਈਲਟ ਗੰਨਾਂ ਅਤੇ ਪਾਣੀ ਦੀਆਂ ਬੁਛਾੜਾਂ ਚਲਾਈਆਂ ਗਈਆਂ। ਸਰ, ਬੱਚੇ ਖੜ੍ਹੇ ਰਹੇ ਅਤੇ ਕਹਿੰਦੇ ਰਹੇ ਕਿ ਮਾਰ ਲਵੋ, ਕੁੱਟ ਲਉ। ਹੋਰ ਕੁੱਟ ਲਵੋ ਜੀ। ਪੁਲਿਸ ਵਾਲਿਆਂ ਨੂੰ ਕਹਿੰਦੇ ਰਹੇ ਕਿ ਅੰਕਲ ਜੀ! ਤੁਹਾਡੇ ਘਰੇ ਵੀ ਬੱਚੇ ਹਨ, ਅੱਜ ਤੁਸੀਂ ਘਰ ਜਾ ਕੇ ਕੀ ਕਹੋਗੇ? ਸ਼ਾਮ ਨੂੰ ਘਰ ਜਾ ਕੇ ਕਹੋਗੇ ਕਿ ਅੱਜ ਬੱਚਿਆਂ ਨੂੰ ਕੁੱਟ ਕੇ ਆਏ ਹਾਂ। ਉਹ ਬੱਚੇ ਕੀ ਕਹਿੰਦੇ ਸਨ? ਉਹ ਸਿਰਫ ਇੰਨਾ ਕਹਿੰਦੇ ਸਨ ਕਿ ਪ੍ਰਧਾਨ ਮੰਤਰੀ ਜੀ, ਸਿੱਖਿਆ ਮੰਤਰੀ ਜੀ ਦਾ ਅਸਤੀਫਾ ਲੈ ਲਓ। ਪ੍ਰਧਾਨ ਮੰਤਰੀ ਜੀ ਅੜੇ ਹੋਏ ਅਤੇ ਜ਼ਿੱਦ ਦੇ ਪੱਕੇ ਹਨ ਅਤੇ ਕਹਿੰਦੇ ਕਿ ਨਾ ਜੀ, ਇਸ ਸਰਕਾਰ ਵਿੱਚ ਤਾਂ ਅਸਤੀਫਾ ਹੁੰਦਾ ਹੀ ਨਹੀਂ ਹੈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਕੱਠ ਵਧ ਗਿਆ ਹੈ ਅਤੇ ਇੱਕ ਲੱਖ ਤੋਂ ਉੱਪਰ ਟੱਪ ਲਿਆ ਗਿਆ ਹੈ, ਜਦੋਂ ਉਨ੍ਹਾਂ ਨੇ ਸ੍ਰੀਲੰਕਾ, ਬੰਗਲਾਦੇਸ਼ ਅਤੇ ਨੇਪਾਲ ਦੀ ਹਿਸਟਰੀ ਦੇਖੀ ਤਾਂ ਅੱਧੀ ਰਾਤ ਨੂੰ ਉੱਠ ਕੇ ਕਹਿੰਦੇ ਹਨ ਕਿ 'ਫਰੈਂਜ਼ ਪੇਪਰ ਲੀਕ ਬਹੁਤ ਬੜਾ ਵਿਸ਼ਾ ਹੈ।' ਉਨ੍ਹਾਂ ਨੂੰ ਫਿਰ ਯਾਦ ਆਇਆ। ਫਿਰ ਅਸਤੀਫਾ ਲਿਆ। ਫਿਰ ਜਿਹੜੇ ਸਟੂਡੈਂਟਸ ਅੱਗੇ ਮੰਗਾਂ/ਗੱਲਾਂ ਰੱਖਣ ਜਾਂਦੇ ਹੁੰਦੇ ਸਨ, ਜਿਨ੍ਹਾਂ ਵਿੱਚ ਦੋ-ਤਿੰਨ ਗੱਲਾਂ ਨੂੰ ਲੈ ਕੇ ਸਹਿਮਤੀ ਹੋਈ ਸੀ, ਫਿਰ ਉਨ੍ਹਾਂ ਸਾਰੀਆਂ ਗੱਲਾਂ ਤੋਂ ਮੁੱਕਰ ਗਏ ਅਤੇ ਹੁਣ ਲੱਭ-ਲੱਭ ਕੇ ਪਰਚੇ ਕਰ ਰਹੇ ਹਨ। ਸਹਿਮਤੀ ਵਿੱਚ ਕਿਹਾ ਗਿਆ ਸੀ ਕਿ ਪਰਚੇ ਨਹੀਂ ਕੀਤੇ ਜਾਣਗੇ ਅਤੇ ਜਿਹੜੇ ਹੋ ਗਏ ਹਨ, ਉਹ ਸਾਰੇ ਕੈਂਸਲ ਕੀਤੇ ਜਾਣਗੇ। ਪਾਇਲਟ ਗੰਨ ਬਾਰੇ ਕਹਿੰਦੇ ਹਨ ਕਿ ਕਸ਼ਮੀਰ ਵਿੱਚ ਯੂਜ਼ ਕਰਦੇ ਸੀ। ਕੀ ਗੱਲ ਕਸ਼ਮੀਰ ਵਿੱਚ ਕੋਈ ਲੋਕ ਨਹੀਂ ਰਹਿੰਦੇ ਹਨ। ਕੀ ਗੱਲ ਉਥੇ ਇਨਸਾਨ ਨਹੀਂ ਰਹਿੰਦੇ ਹਨ। ਜਦੋਂ ਹਿਊਮਨ ਰਾਈਟਸ ਵੱਲੋਂ ਪਾਇਲਟ ਗੰਨ ਪੂਰੀ ਦੁਨੀਆ ਵਿੱਚ ਬੈਨ ਹੀ ਕੀਤੀ ਹੋਈ ਹੈ, ਫਿਰ ਕਿਉਂ ਯੂਜ਼ ਕੀਤੀ ਗਈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਪਾਇਲਟ ਗੰਨ ਨਹੀਂ ਚਲਾਉਣੀ ਕਿਉਂਕਿ ਇਸ ਗੰਨ ਦੇ ਜ਼ਖਮ ਛੇਤੀ-ਛੇਤੀ ਨਹੀਂ ਭਰਦੇ ਹਨ। ਫਿਰ ਤੁਸੀਂ ਬੱਚਿਆਂ ਉੱਤੇ ਉਹ ਗੋਲੀਆਂ ਚਲਾ ਦਿੱਤੀਆਂ। ਗ੍ਰਹਿ ਮੰਤਰੀ ਸਾਹਿਬ ਪਿਛਲੇ ਕਈ ਦਿਨਾਂ ਤੋਂ ਪਾਰਲੀਮੈਂਟ ਵਿੱਚ ਨਹੀਂ ਦਿਖ ਰਹੇ ਹਨ, ਉਨ੍ਹਾਂ ਦੇ ਗੁੰਮਸ਼ੁਦਾ ਦੇ ਪੋਸਟਰ ਲੱਗ ਰਹੇ ਹਨ। ਸਭ ਕਹਿ ਰਹੇ ਹਨ ਕਿ ਪਾਰਲੀਮੈਂਟ ਵਿੱਚ ਕਿਉਂ ਨਹੀਂ ਆ ਰਹੇ ਹਨ। ਅੱਛਾ, ਪ੍ਰਧਾਨ ਮੰਤਰੀ ਸਾਹਿਬ, ਫਿਰ ਕੀ ਕਹਿੰਦੇ ਹਨ। ਕਹਿੰਦੇ ਹਨ ਕਿ ਲਓ ਜੀ, ਪੇਪਰ ਲੀਕ ਦਾ ਹੱਲ ਹੋ ਗਿਆ ਹੈ। ਫਾਸਟ ਟਰੈਕ ਕੋਰਟਾਂ ਬਣਾ ਦਿਆਂਗੇ। ਇਸ ਦਾ ਫੈਸਲਾ ਜਲਦੀ ਹੋ ਜਾਇਆ ਕਰੇਗਾ। ਇਹ ਨਹੀਂ ਕਹਿੰਦੇ ਕਿ ਪੇਪਰ ਲੀਕ ਜਲਦੀ ਰੋਕ ਲਵਾਂਗੇ। ਕਹਿੰਦੇ ਹਨ ਕਿ ਫੈਸਲਾ ਜਲਦੀ ਹੋ ਜਾਇਆ ਕਰੇਗਾ। ਫੈਸਲਾ ਜਲਦੀ ਹੋਣ ਦਾ ਕੀ ਭਾਅ। ਕੱਟੇ ਨੂੰ ਨੈ ਮਣ ਦੁੱਧ ਦਾ ਕੀ ਭਾਅ। ਫੈਸਲਾ ਜਲਦੀ ਹੋ ਗਿਆ ਜਾਂ ਕਿਸੇ ਨੂੰ ਸਜ਼ਾ ਹੋ ਗਈ ਪਰ ਬੱਚੇ ਦਾ ਫਿਊਚਰ ਤਾਂ ਖਰਾਬ ਹੋ ਜਾਂਦਾ ਹੈ।ਤੁਸੀਂ ਪੇਪਰ ਲੀਕ ਕਿਉਂ ਨਹੀਂ ਰੋਕ ਸਕਦੇ।

**1515/Gurpreet kaur**

ਸਪੀਕਰ ਸਾਹਿਬ, ਕਮਾਲ ਦੀ ਗੱਲ ਤਾਂ ਇਹ ਹੈ, ਮੈਂ ਤਾਂ ਪੂਰੀ ਦੁਨੀਆ ਵਿੱਚ ਇਸ ਤਰ੍ਹਾਂ ਦੇਖਿਆ ਨਹੀਂ ਕਿ ਹੁਣ ਏਅਰਫੋਰਸ ਦੀ ਡਿਊਟੀ ਲਗਾਈ ਜਾਵੇਗੀ। ਫੌਜ ਦੀ ਡਿਊਟੀ ਲਗਾ ਦਿੱਤੀ ਗਈ ਕਿ ਹੁਣ ਫੌਜ ਪੇਪਰ ਲਵੇਗੀ। ਅਸੀਂ ਫੌਜ ਤੋਂ ਕਿਹੜੇ ਕੰਮ ਲੈਣ ਲੱਗੇ ਹੋਏ ਹਾਂ? ਫੌਜ ਦੇ ਜਹਾਜ਼ਾਂ ਵਿੱਚ ਪੇਪਰ ਆਉਣਗੇ? ਆਰਮੀ ਵਾਲੇ ਵੀ ਸੋਚਦੇ ਹੋਣਗੇ ਕਿ ਸਾਨੂੰ ਇਨ੍ਹਾਂ ਨੇ ਕਿਹੜੇ ਕੰਮਾਂ ਤੇ ਲਗਾ ਦਿੱਤਾ ਹੈ। ਸਾਨੂੰ ਟ੍ਰੇਨਿੰਗ ਤਾਂ ਮੋਰਚਿਆਂ ਵਿੱਚ ਬੈਠਣ ਦੀ ਦਿੱਤੀ ਸੀ। ਸਾਨੂੰ ਤਾਂ ਦੇਸ਼ ਦੀ ਰੱਖਿਆ ਕਰਨ ਦੀਆਂ ਟ੍ਰੇਨਿੰਗਾਂ ਦਿੱਤੀਆਂ ਗਈਆਂ ਸਨ। ਸਾਨੂੰ ਇਨ੍ਹਾਂ ਨੇ ਪੇਪਰ ਲੈਣ ਲਗਾ ਦਿੱਤਾ। ਅਫਸਰਾਂ ਤੇ ਅਜੇ ਵੀ ਕੋਈ ਲਗਾਮ ਨਹੀਂ। ਕਹਿੰਦੇ ਇਹ ਕੰਮ ਫੌਜ ਤੋਂ ਕਰਵਾ ਲਵਾਂਗੇ। ਹਰ ਕੰਮ ਵਾਸਤੇ ਫੌਜ ਲਗਾ ਦਿਆ ਕਰੋ। ਮੋਦੀ ਜੀ ਦੀ ਰੱਖਿਆ ਕਰਨ ਲਈ ਵੀ ਫੌਜ ਲੱਗੀ ਹੋਈ ਸੀ। ਸਟੂਡੈਂਟਾਂ ਨੂੰ ਕੁੱਟਣ ਲਈ ਵੀ ਫੌਜ ਬੁਲਾ ਲਈ ਗਈ। ਇਸ ਕਰਕੇ ਜਦੋਂ ਸਾਡੇ ਬੱਚੇ ਵਿਕਸਤ ਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਹ ਇੱਥੇ ਵਾਲੇ ਪੇਪਰਾਂ ਦਾ ਅਤੇ ਇੱਥੇ ਵਾਲੀਆ ਡਿਗਰੀਆਂ ਦਾ ਕੋਈ ਮੁੱਲ ਨਹੀਂ ਪਾਉਂਦੇ। ਉਹ ਕਹਿੰਦੇ ਹਨ ਕਿ ਤੁਹਾਡੇ ਦੇਸ਼ ਵਿੱਚ ਤਾਂ ਜਦੋਂ ਮਰਜ਼ੀ ਡਿਗਰੀ ਲੈ ਲਵੋ। ਤੁਹਾਡੇ ਦੇਸ਼ਾਂ ਵਿੱਚ ਤਾਂ ਡਿਗਰੀਆਂ ਵੀ ਮੁੱਲ ਮਿਲਦੀਆਂ ਹਨ। ਜਦੋਂ ਪ੍ਰਧਾਨ ਮੰਤਰੀ ਦੀ ਹੀ ਡਿਗਰੀ ਨਕਲੀ ਹੈ ਤਾਂ ਹੋਰ ਸਟੂਡੈਂਟਾਂ ਦਾ ਉੱਥੇ ਕੀ ਬਣੇਗਾ। ਜੇਕਰ ਸਾਡਾ ਬੱਚਾ ਅੱਜ ਆਪਣੇ ਦੇਸ਼ ਵਿੱਚ ਐਮ.ਬੀ.ਬੀ.ਐਸ ਕਰਕੇ ਅਮਰੀਕਾ ਜਾਂ ਕੈਨੇਡਾ ਜਾਂਦਾ ਹੈ ਤਾਂ ਉਸ ਨੂੰ ਉੱਥੇ ਜਾ ਕੇ ਦੁਬਾਰਾ ਪੜ੍ਹਨਾ ਪੈਂਦਾ ਹੈ ਕਿਉਂਕਿ ਉਹ ਕਹਿੰਦੇ ਹਨ ਕਿ ਸਾਨੂੰ ਤੁਹਾਡੇ ਤੇ ਯਕੀਨ ਹੀ ਨਹੀਂ ਹੈ। ਕੀ ਪਤਾ ਕਿਹੜੀ ਪੜ੍ਹਾਈ ਕਰਕੇ ਇੱਥੇ ਆਏ ਹੋ। ਇੱਥੇ ਜੇਕਰ ਬੱਚਾ ਵੈਟਰਨਰੀ ਦਾ ਕੋਰਸ ਕਰਕੇ ਜਾਂਦਾ ਹੈ ਤਾਂ ਉੱਥੇ ਜਾ ਕੇ ਦੁਬਾਰਾ ਪੜ੍ਹਨਾ ਪੈਂਦਾ ਹੈ। ਬੱਚੇ ਪਹਿਲਾਂ ਉੱਥੇ ਜਾ ਕੇ ਟੈਕਸੀਆਂ ਚਲਾਉਂਦੇ ਹਨ ਨਾਲ ਨਾਲ ਰਾਤ ਨੂੰ ਪੜ੍ਹਦੇ ਹਨ। ਫਿਰ ਉੱਥੇ ਪੇਪਰ ਦੇ ਕੇ ਉਹ ਇਲੀਜੀਬਲ ਹੁੰਦੇ ਹਨ। ਬਾਹਰਲੇ ਮੁਲਕ ਸਾਡਾ ਡਰਾਈਵਿੰਗ ਲਾਇਸੰਸ ਵੀ ਨਹੀਂ ਮੰਨਦੇ। ਸਾਡੇ ਦੇਸ਼ ਵਿੱਚ ਤਾਂ ਪਤਾ ਹੀ ਹੈ ਕਿ ਡਰਾਈਵਿੰਗ ਲਾਇਸੰਸ ਘਰ ਹੀ ਆ ਜਾਂਦਾ ਹੈ। ਇੱਥੇ ਤਾਂ ਕੋਈ ਟੈਸਟ ਦੇਣ ਦੀ ਲੋੜ ਹੀ ਨਹੀਂ ਪੈਂਦੀ। ਅਜਿਹੀਆਂ ਚੀਜ਼ਾਂ ਨਾਲ ਹੋਰ ਵੀ ਯਕੀਨ ਉੱਠਦਾ ਹੈ। ਅਸੀਂ ਕਿਵੇਂ ਵਿਸ਼ਵ ਗੁਰੂ ਬਣ ਜਾਵਾਂਗੇ। ਸਾਡੇ ਤੋਂ ਹਾਲੇ ਪੇਪਰ ਲੀਕ ਤਾਂ ਰੁਕੇ ਨਹੀਂ। ਅੱਜ ਜੋ ਐਜੂਕੇਸ਼ਨ ਸਿਸਟਮ ਤੇ ਹਮਲਾ ਹੋ ਰਿਹਾ ਹੈ, ਉਸ ਨੂੰ ਰੋਕਣ ਦੀ ਲੋੜ ਹੈ। ਐਜੂਕੇਸ਼ਨ ਸਿਸਟਮ ਵਿੱਚ ਬਹੁਤ ਚਲਾਕੀ ਨਾਲ ਇੱਕ ਖਾਸ ਵਰਗ ਦਾ ਟੀਕਾ ਲਗਾਇਆ ਜਾ ਰਿਹਾ ਹੈ। ਇਤਿਹਾਸ ਦੀਆਂ ਕਿਤਾਬਾਂ ਵਿੱਚ ਇਤਿਹਾਸ ਨੂੰ ਬਦਲਿਆ ਜਾ ਰਿਹਾ ਹੈ। ਸਾਨੂੰ ਇਸ ਗੱਲ ਬਾਰੇ ਕਦੇ ਵੀ ਨਹੀਂ ਦੱਸਿਆ ਗਿਆ ਕਿ ਜਦੋਂ ਰਾਜਗੁਰੂ ਨੂੰ ਫਾਂਸੀ ਹੋਣ ਲੱਗੀ ਸੀ ਤਾਂ ਰਾਜਗੁਰੂ ਨੇ ਕੀ ਲਿਖਿਆ ਸੀ। ਭਗਤ ਸਿੰਘ ਤਾਂ ਬਹੁਤ ਲਿਖਦੇ ਸਨ। ਐਡੀਟੋਰੀਅਲ ਵੀ ਲਿਖਦੇ ਸਨ। ਰੰਗ ਦੇ ਬਸੰਤੀ ਚੋਲਾ ਵੀ ਲਿਖਿਆ। ਰਾਜਗੁਰੂ ਕੁਝ ਲਿਖਦਾ ਨਹੀਂ ਸੀ। ਉਹ ਰਾਜਗੁਰੂ ਨੂੰ ਮਜ਼ਾਕ ਕਰਦੇ ਰਹਿੰਦੇ ਸਨ ਕਿ ਤੂੰ ਕੁਝ ਲਿਖੇਗਾ? ਉਹ ਕਹਿੰਦਾ ਹਾਂ, ਮੈਂ ਵੀ ਕੁਝ ਲਿਖਾਂਗਾ ਜਿਸ ਨੂੰ ਕਦੇ ਕਲਾਸ ਵਿੱਚ ਪੜ੍ਹਾਇਆ ਜਾਵੇਗਾ। ਮੈਂ ਜੋ ਲਿਖਾਂਗਾ ਉਸ ਦਾ ਸਟੇਜ ਤੇ ਜ਼ਿਕਰ ਕੀਤਾ ਜਾਵੇਗਾ। ਇੰਨੇ ਨੂੰ ਫਾਂਸੀ ਦਾ ਹੁਕਮ ਹੋ ਗਿਆ। ਕਹਿੰਦੇ, ਕੁਝ ਲਿਖਿਆ? ਉਹ ਕਹਿੰਦਾ, ਨਹੀਂ। ਅਭੀ ਲਿਖਾ ਨਹੀਂ। ਰਾਜਗੁਰੂ ਪੂਨੇ ਤੋਂ ਸੀ। ਉਹ ਹਿੰਦੀ ਬੋਲਦੇ ਸੀ। ਫਾਂਸੀ ਵਾਲਾ ਦਿਨ ਆ ਗਿਆ। ਸਵੇਰੇ ਸਾਢੇ ਤਿੰਨ, ਪੌਣੇ ਚਾਰ ਵਜੇ ਸਿਪਾਹੀ ਜਗਾਉਣ ਆ ਗਏ। ਭਗਤ ਸਿੰਘ ਨੇ ਫਿਰ ਪੁੱਛਿਆ ਕਿ ਕੁਝ ਲਿਖਿਆ ਰਾਜਗੁਰੂ? ਰਾਜਗੁਰੂ ਕਹਿੰਦਾ ਕਿ ਅੱਜ ਲਿਖਾਂਗਾ। ਉਹ ਕਹਿੰਦੇ ਕਿ ਫਾਂਸੀ ਦਾ ਤਾਂ ਸਮਾਂ ਆ ਗਿਆ।

ਹੁਣ ਕਦੋਂ ਲਿਖੇਗਾ। ਜਿਹੜਾ ਸਿਪਾਹੀ ਜਗਾਉਣ ਆਇਆ ਸੀ ਉਹ ਭਾਰਤੀ ਸੀ ਪਰ ਉਹ ਬ੍ਰਿਟਿਸ਼ ਫੌਜ ਦਾ ਸੀ। ਰਾਜਗੁਰੂ ਨੇ ਕਿਹਾ ਕਿ ਇੱਕ ਕੋਲਾ ਲਿਆ ਦਿਓ, ਮੈਂ ਕੁਝ ਲਿਖਣਾ ਹੈ। ਫਾਂਸੀ ਵਾਲਿਆਂ ਤੋਂ ਸਾਰੀਆਂ ਚੀਜ਼ਾਂ ਖੋਹ ਲਈਆਂ ਜਾਂਦੀਆਂ ਹਨ ਤਾਂ ਕਿ ਆਪਣੇ ਆਪ ਨੂੰ ਕੋਈ harm ਨਾ ਕਰ ਲੈਣ। ਆਪਣੇ ਆਪ ਨੂੰ ਕੋਈ ਚੋਟ ਨਾ ਲਗਾ ਲੈਣ। ਸਿਪਾਹੀ ਨੇ ਕਿਹਾ ਕਿ ਚਲੋ ਕੋਲਾ ਲਿਆ ਦਿੰਦਾ ਹਾਂ। ਆਖਰੀ ਦਿਨ ਹੈ ਅਤੇ ਆਖਰੀ ਇੱਛਾ ਹੈ। ਸਿਪਾਹੀ ਨੇ ਕੋਲਾ ਲਿਆ ਕੇ ਦਿੱਤਾ। ਰਾਜਗੁਰੂ ਨੇ ਲਾਹੌਰ ਦੀ ਸੈਂਟਰਲ ਜੇਲ੍ਹ ਦੀ ਬੈਰਕ ਦੀ ਕੰਧ ਤੇ ਹਿੰਦੀ ਵਿੱਚ ਦੋ ਲਾਈਨਾਂ ਲਿਖੀਆਂ:

हम भी जी सकते थे चुप रह कर
हम भी जी सकते थे चुप रह कर
हमें भी माँ बाप ने पाला था दुख सह कर

ਇਹ ਦੋ ਲਾਈਨਾਂ ਲਿਖੀਆਂ ਅਤੇ ਅੱਧੇ ਘੰਟੇ ਬਾਅਦ ਫਾਂਸੀ ਹੋ ਗਈ। ਇਹ ਸਾਨੂੰ ਕਦੇ ਪੜ੍ਹਾਇਆ ਹੀ ਨਹੀਂ ਗਿਆ। ਸਾਡੇ ਤੋਂ ਸਾਡੇ ਯੋਧਿਆਂ ਦੀਆਂ ਕਥਾਵਾਂ ਹੀ ਖੋਹ ਲਈਆਂ ਗਈਆਂ। ਸਾਨੂੰ ਹੋਰ ਹੀ ਕੁਝ ਪੜ੍ਹਾਈ ਜਾਂਦੇ ਹਨ। ਸਿਲੇਬਸ ਵਿੱਚ ਆਪਣਾ ਏਜੰਡਾ ਫਿੱਟ ਕਰ ਰਹੇ ਹਨ। ਪੰਜਾਬ ਇਸ ਤਰ੍ਹਾਂ ਨਹੀਂ ਹੋਣ ਦੇਵੇਗਾ। ਅਸੀਂ ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਮਨਾ ਕੇ ਹਟੇ ਹਾਂ। ਅਸੀਂ ਸਕੂਲਾਂ ਵਿੱਚ ਬੱਚਿਆਂ ਦੇ ਸਿਲੇਬਸਾਂ ਵਿੱਚ ਉਨ੍ਹਾਂ ਦੀ ਜੀਵਨੀ ਬਾਰੇ ਪਾਇਆ ਹੈ ਕਿ ਕਿਵੇਂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਸ੍ਰੀਨਗਰ ਤੋਂ ਕਸ਼ਮੀਰੀ ਪੰਡਤਾਂ ਦਾ ਵਫਦ ਚੱਲਿਆ ਸੀ

**1520/Kuldeep kaur**

ਇਹ ਵੀ ਕਦੇ ਕਿਸੇ ਨੂੰ ਨਹੀਂ ਪੜ੍ਹਾਇਆ ਗਿਆ ਕਿ ਬਾਅਦ ਵਿੱਚ ਜਦੋਂ ਗੁਰੂ ਸਾਹਿਬ ਦੀ ਚਾਂਦਨੀ ਚੌਕ ਵਿੱਚ ਸ਼ਹੀਦੀ ਹੋ ਗਈ ਸੀ ਤਾਂ ਕਿਰਪਾ ਰਾਮ ਵਾਪਸ ਨਹੀਂ ਗਿਆ। ਕਿਰਪਾ ਰਾਮ ਅੰਮ੍ਰਿਤ ਛੱਕ ਕੇ ਕਿਰਪਾ ਸਿੰਘ ਬਣ ਗਿਆ ਅਤੇ ਉਨ੍ਹਾਂ ਨੇ ਸ੍ਰੀ ਚਮਕੌਰ ਸਾਹਿਬ ਵਿਖੇ ਲੜਾਈ ਵਿੱਚ ਵੱਡੇ ਸਾਹਿਬਜ਼ਾਦਿਆਂ ਨਾਲ ਸ਼ਹੀਦੀ ਪ੍ਰਾਪਤ ਕੀਤੀ ਸੀ। ਉਸ ਨੇ ਕਿਹਾ ਕਿ ਜਦ ਸਾਡੇ ਲਈ ਇੰਨਾ ਕੁਝ ਹੋ ਸਕਦਾ ਹੈ ਤਾਂ ਫਿਰ ਅਸੀਂ ਕਿਹੜੇ ਮੂੰਹ ਨਾਲ ਵਾਪਸ ਜਾਵਾਂਗੇ। ਸਾਨੂੰ ਇਹ ਪੜ੍ਹਾਇਆ ਹੀ ਨਹੀਂ ਗਿਆ। ਇਹ ਹਿਸਟਰੀ ਨਾਲ ਛੇੜਛਾੜ ਹੈ। ਹੁਣ 650 ਸਾਲਾ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਵਾਂਗੇ ਤਾਂ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਦੱਸਾਂਗੇ। ਅਸੀਂ ਪੂਰਾ ਪਰਾਪਰ ਪਲਾਨ ਬਣਾ ਕੇ ਚੱਲਾਂਗੇ। ਸਾਨੂੰ ਦੱਸ ਦੇਵੋ ਕਿ ਸਾਡੇ ਕੋਲ ਤਾਂ ਇੰਨੇ ਵੱਡੇ ਖਜ਼ਾਨੇ ਪਏ ਹਨ ਪਰ ਸਾਡੀਆਂ ਕਿਤਾਬਾਂ ਵਿੱਚ ਕੁਝ ਹੋਰ ਹੈ। ਸੋ, ਇਸ ਕਰਕੇ ਇਹ ਜਿਹੜਾ ਰੁਝਾਨ ਹੈ, ਜੋ ਐਜੂਕੇਸ਼ਨ ਸਿਸਟਮ ਨਾਲ ਛੇੜਛਾੜ ਹੋ ਰਹੀ ਹੈ, ਇਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਆਓ, ਕੰਪੀਟੀਸ਼ਨ ਵਿੱਚ ਆਓ, ਸਾਰਿਆਂ ਨੂੰ ਬਰਾਬਰ ਦਾ ਮੌਕਾ ਦਿਓ। ਸਾਲ 2021 ਵਿੱਚ ਸਰਕਾਰੀ ਸਕੂਲਾਂ ਦੇ ਨੀਟ ਕਰਲੀਅਰ ਕਰਨ ਵਾਲੇ 80 ਸਟੂਡੈਂਟਸ ਸਨ। ਉਸ ਤੋਂ ਪਹਿਲਾਂ ਦਾ ਕੋਈ ਡਾਟਾ ਹੀ ਨਹੀਂ ਹੈ। ਸਾਲ 2021 ਦਾ ਡਾਟਾ ਮਿਲਿਆ ਹੈ ਕਿ 80 ਦੇ ਲਗਭਗ ਸਨ। ਇਸ ਵਾਰ, ਆਹ ਕੁਝ ਦਿਨ ਪਹਿਲਾਂ ਨੀਟ ਦਾ ਪੇਪਰ ਹੋਇਆ ਹੈ, ਜਿਹੜਾ ਪਹਿਲਾਂ ਲੀਕ ਹੋ ਗਿਆ ਸੀ ਅਤੇ ਬਾਅਦ ਵਿੱਚ ਪੇਪਰ ਲਿਆ ਗਿਆ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਸਟੂਡੈਂਟ ਹਨ, ਜਿਨ੍ਹਾਂ ਨੇ ਪੇਪਰ ਕਲੀਅਰ ਕੀਤਾ ਹੈ। (ਥੰਪਿਗ) ਇਨ੍ਹਾਂ ਵਿੱਚੋਂ ਕਿਸੇ ਦਾ ਬਾਪੂ ਮਜ਼ਦੂਰ ਹੈ, ਕਿਸੇ ਦਾ ਬਾਪੂ ਟਰੱਕ ਚਲਾਉਂਦਾ ਹੈ, ਕਿਸੇ ਦੀ

ਮਾਂ ਲੋਕਾਂ ਦੇ ਘਰਾਂ ਵਿੱਚ ਪੋਚੇ ਲਗਾਉਂਦੀ ਹੈ, ਉਨ੍ਹਾਂ ਦੇ ਬੱਚੇ ਡਾਕਟਰ ਬਣਨਗੇ। ਜੇਕਰ ਇਹ ਪੇਪਰ ਲੀਕ ਨਾ ਹੁੰਦਾ ਤਾਂ 1000 ਦੇ ਲਗਭਗ ਬੱਚੇ ਹੋਣੇ ਸੀ ਕਿਉਂਕਿ ਬਹੁਤ ਸਾਰੇ ਬੱਚਿਆਂ ਨੇ ਦੁਬਾਰਾ ਪੇਪਰ ਹੀ ਨਹੀਂ ਦਿੱਤਾ। ਜਿਵੇਂ ਡਾਟਾ ਦਿੱਤਾ ਸੀ ਕਿ ਢਾਈ ਲੱਖ ਬੱਚਿਆਂ ਨੇ ਇਹ ਪੇਪਰ ਹੀ ਨਹੀਂ ਦਿੱਤਾ। ਉਸ ਵਿੱਚ ਪੰਜਾਬ ਦੇ ਬੱਚੇ ਵੀ ਸਨ। ਬੱਚਿਆਂ ਦਾ ਦਿਲ ਟੁੱਟ ਗਿਆ, ਉਹ ਦੁਬਾਰਾ ਤਿਆਰੀ ਕਿੱਥੋਂ ਕਰਨ? ਉਹ ਸੋਚਦੇ ਹਨ ਕਿ ਕੀ ਪਤਾ ਕੀ ਹੋਵੇਗਾ? ਬੱਚਿਆਂ ਦਾ ਯਕੀਨ ਉੱਠ ਜਾਂਦਾ ਹੈ। ਸੋ, ਪੰਜਾਬ ਵਿੱਚ ਜਿਹੜਾ ਐਜੂਕੇਸ਼ਨ ਸਿਸਟਮ ਹੈ, ਜਦੋਂ 2022 ਵਿੱਚ ਅਸੀਂ ਸ਼ਹੀਦ-ਏ-ਆਜ਼ਮ ਦੇ ਪਿੰਡ ਜਾ ਕੇ ਓਥ ਲਈ ਸੀ, ਤਾਂ ਉਸ ਵੇਲੇ ਪੰਜਾਬ ਐਜੂਕੇਸ਼ਨ ਵਿੱਚ 27ਵੇਂ ਨੰਬਰ ਤੇ ਸੀ ਅਤੇ ਹੁਣ ਜਿਹੜੀ ਨੈਸ਼ਨਲ ਰੈਂਕਿੰਗ ਆਈ ਹੈ, ਉਸ ਮੁਤਾਬਕ ਪੰਜਾਬ ਕੇਰਲਾ ਨੂੰ ਹਰਾ ਕੇ ਪਹਿਲੇ ਨੰਬਰ ਤੇ ਆ ਗਿਆ ਹੈ। (ਥੰਪਿੰਗ) ਕੇਰਲਾ ਪਹਿਲੀ ਵਾਰ ਦੂਜੇ ਨੰਬਰ ਤੇ ਗਿਆ ਹੈ। ਸਕੂਲਾਂ ਵਿੱਚ ਬਿਜਲੀ ਦੇ ਮਾਮਲੇ ਵਿੱਚ ਪੰਜਾਬ ਪਹਿਲੇ ਨੰਬਰ ਤੇ ਹੈ। ਸਕੂਲਾਂ ਵਿੱਚ ਕਿੰਨੇ ਪ੍ਰਸੈਂਟ ਕੰਪਿਊਟਰ ਬੱਚਿਆਂ ਨੂੰ available ਹਨ, ਉਸ ਵਿੱਚ ਵੀ ਪੰਜਾਬ ਪਹਿਲੇ ਨੰਬਰ ਤੇ ਹੈ। ਬੱਚਿਆਂ ਦਾ ਟੀਚਰਾਂ ਦੇ ਨਾਲ ਅਨੁਪਾਤ ਦੇ ਮਾਮਲੇ ਵਿੱਚ ਵੀ ਪੰਜਾਬ ਪਹਿਲੇ ਨੰਬਰ ਤੇ ਹੈ। ਸਾਇੰਸ, ਮੈਥ ਵਿੱਚੋਂ ਵੀ ਪਹਿਲੇ ਨੰਬਰ ਤੇ ਹੈ ਕਿਉਂਕਿ ਅਸੀਂ ਕੰਮ ਕੀਤਾ ਹੈ। ਅਸੀਂ ਫਿਨਲੈਂਡ, ਸਿੰਗਾਪੁਰ ਟੀਚਰਾਂ ਨੂੰ ਟਰੇਨਿੰਗ ਦਿਵਾ ਕੇ ਲਿਆਏ ਹਾਂ। ਸਰ, ਹੁਣ ਪੜ੍ਹਾਉਣ ਦੇ ਤਰੀਕੇ ਬਦਲ ਗਏ ਹਨ, ਹੁਣ ਗਾਈਡਾਂ ਤੇ ਨਿਸ਼ਾਨੀਆਂ ਲਗਾਉਣ ਵਾਲਾ ਜ਼ਮਾਨਾ ਨਹੀਂ ਹੈ। ਪਹਿਲਾਂ ਤਾਂ ਟੀਚਰ ਆਪਾਂ ਤੋਂ ਡੰਡਾ ਮੰਗਵਾਉਂਦੇ ਹੁੰਦੇ ਸੀ। ਇਸ ਤਰ੍ਹਾਂ ਲਗਦਾ ਸੀ ਕਿ ਸਕੂਲ ਨਹੀਂ ਚੱਲੇ ਸਗੋਂ ਥਾਣੇ ਚੱਲੇ ਹਾਂ, ਰਿਮਾਂਡ ਲੈਣਗੇ। ਹੁਣ ਉਹ ਕੁੱਟਣ ਵਾਲਾ ਜ਼ਮਾਨਾ ਵੀ ਚਲਾ ਗਿਆ ਹੈ, ਹੁਣ ਤਾਂ ਖੇਡਾਂ ਖੇਡਾਂ ਵਿੱਚ ਹੀ ਪੜ੍ਹਾ ਦਿੰਦੇ ਹਨ। ਗੇਮਾਂ ਰਾਹੀਂ ਹੀ ਬੱਚਿਆਂ ਨੂੰ ਪੜ੍ਹਾ ਦਿੰਦੇ ਹਨ। ਹੁਣ ਤਾਂ ਤਰੀਕੇ ਹੀ ਬਦਲ ਗਏ ਹਨ। ਸੋ, ਇਸ ਕਰਕੇ ਇਹ ਜਿਹੜਾ ਜੰਤਰ ਮੰਤਰ ਤੇ GEN-Z ਨੇ ਪ੍ਰਦਰਸ਼ਨ ਕੀਤਾ ਹੈ, ਅਸੀਂ ਉਸ ਦੀ ਸਪੋਰਟ ਕਰਦੇ ਹਾਂ। ਹਾਲਾਂਕਿ ਇਸ ਦੇ ਨਾਲ ਹੀ 22 ਸਟੂਡੈਂਟਾਂ ਨੂੰ ਸੁਸਾਈਡ ਕਰਨਾ ਪੈ ਗਿਆ ਹੈ। ਗਰੀਬਾਂ ਦੇ ਬੱਚੇ ਹੋਣਗੇ, ਉਨ੍ਹਾਂ ਨੇ ਮਿਹਨਤ ਕੀਤੀ ਹੋਵੇਗੀ ਅਤੇ ਉਨ੍ਹਾਂ ਦੀ ਮਿਹਨਤ ਤੇ ਪਾਣੀ ਫਿਰ ਗਿਆ ਅਤੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਮੈਂ ਤੁਹਾਨੂੰ ਮਾਫ ਕਰ ਦਿੱਤਾ। ਕਮਾਲ ਹੈ, ਕਮਾਲ ਹੈ, ਮਤਲਬ ਤੁਸੀਂ ਇੰਨੇ ਵੀ ਪੱਥਰ ਦਿਲ ਨਹੀਂ ਹੋ ਸਕਦੇ ਕਿ 22 ਸਟੂਡੈਂਟਾਂ ਦੀ ਮੌਤ ਹੋ ਗਈ ਅਤੇ ਇਹ ਕਹਿ ਰਹੇ ਹਨ ਕਿ ਅਸੀਂ ਤੁਹਾਨੂੰ ਮਾਫ ਕਰ ਦਿੱਤਾ। ਅੱਜ ਇਸ ਸਦਨ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ, ਬੜੀ ਵਧੀਆ ਗੱਲ ਹੈ ਪਰ ਉਨ੍ਹਾਂ ਦੇ ਮਾਂ-ਪਿਓ ਤਾਂ ਇਸੇ ਗੱਲ ਨੂੰ ਪਛਤਾਉਣਗੇ ਕਿ ਜੇ ਪੇਪਰ ਲੀਕ ਨਾ ਹੁੰਦਾ ਤਾਂ ਅੱਜ ਸਾਡਾ ਬੱਚਾ ਜਿਊਂਦਾ ਹੁੰਦਾ।

**ਮਾਣਯੋਗ ਸਪੀਕਰ:** ਬਿਲਕੁਲ ਠੀਕ ਹੈ।

**ਮੁੱਖ ਮੰਤਰੀ:** ਇਨ੍ਹਾਂ ਨੇ ਦੇਸ਼ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਇਨ੍ਹਾਂ ਤੋਂ ਇੱਕ ਪੇਪਰ ਵੀ ਢੰਗ ਨਾਲ ਨਹੀਂ ਲਿਆ ਜਾਂਦਾ ਅਤੇ ਇਹ ਵਿਸ਼ਵ ਗੁਰੂ ਬਣਾਉਣ ਲੱਗੇ ਹਨ। ਜਿੱਧਰ ਮਰਜ਼ੀ ਚੱਲ ਜਾਵੋ, ਕੋਈ ਨਾ ਕੋਈ ਪੰਗਾ ਪਿਆ ਹੀ ਰਹਿੰਦਾ ਹੈ। ਇਹ ਕਹਿੰਦੇ ਹਨ ਕਿ ਵਿਸ਼ਵ ਗੁਰੂ ਹਨ, ਜਦੋਂ ਆਪ੍ਰੇਸ਼ਨ ਸਿੰਧੂਰ ਹੋਇਆ ਤਾਂ ਆਪਣੇ ਨਾਲੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਨੇ ਦੱਸਿਆ ਕਿ ਮੈਂ ਇਨ੍ਹਾਂ ਦਾ ਸਮਝੌਤਾ ਕਰਵਾ ਦਿੱਤਾ ਹੈ। ਟਰੰਪ ਸਾਨੂੰ ਇਹ ਕਹਿ ਰਿਹਾ ਹੈ ਕਿ ਮੈਂ ਇੱਕ ਮਹੀਨੇ ਲਈ ਤੁਹਾਨੂੰ ਤੇਲ ਖਰੀਦਣ ਦੀ ਇਜਾਜ਼ਤ ਦਿੰਦਾ ਹਾਂ। ਇਸ ਦਾ ਮਤਲਬ ਸਾਡਾ ਦੇਸ਼ White House ਤੋਂ ਚੱਲ ਰਿਹਾ ਹੈ। ਮੋਦੀ ਜੀ, ਕਿਸੇ ਪਾਸੇ ਤਾਂ ਠੰਢੀ ਹਵਾ ਦਾ ਬੁੱਲ੍ਹਾ ਆਵੇ। ਜੇ GEN-Z ਦਾ ਪ੍ਰੈਸ਼ਰ ਨਾ ਪੈਂਦਾ ਤਾਂ ਪ੍ਰਧਾਨ ਸੇਵਕ ਤਾਂ ਧਰਮਿੰਦਰ

ਪ੍ਰਧਾਨ ਦੇ ਸੇਵਕ ਬਣ ਕੇ ਰਹਿ ਗਏ ਹਨ। ਆਹ ਕਾਂਗਰਸ ਵਾਲੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇਹ ਭਾਈ ਸਾਹਿਬ ਹਮੇਸ਼ਾ ਅਲੱਗ ਹੀ ਤੁਰਦੇ ਹਨ।

**1525/Pawan sharma**

ਇਨ੍ਹਾਂ ਦੀ ਆਪ ਦੀ ਡੁਗਡੁਗੀ ਹੈ। ਉੱਥੇ ਵੀ ਜੰਤਰ ਮੰਤਰ ਤੇ ਨਹੀਂ ਗਏ, ਪ੍ਰਧਾਨ ਮੰਤਰੀ ਦੇ ਘਰ ਦੇ ਮੂਹਰੇ ਜਾ ਵੜੇ। ਕਹਿੰਦੇ ਰਾਹੁਲ ਗਾਂਧੀ ਦੇ ਚੱਪਲਾਂ ਨਹੀਂ ਹੈਗੀਆਂ। ਲੈ ਦੱਸ, ਰਾਹੁਲ ਗਾਂਧੀ ਦੇ ਚੱਪਲਾਂ ਨਹੀਂ ਹੈਗੀਆਂ। ਇੱਥੇ ਪਤਾ ਨਹੀਂ ਕਿੰਨੇ ਕਰੋੜ ਲੋਕਾਂ ਦੇ ਪੈਰ ਨੰਗੇ ਹਨ, ਫੁੱਟਪਾਥ ਤੇ ਸੌਂਦੇ ਹਨ। ਜੇਕਰ ਰਾਹੁਲ ਗਾਂਧੀ ਨੇ ਇੱਕ ਦਿਨ ਚੱਪਲਾਂ ਨਹੀਂ ਪਾਈਆਂ ਤਾਂ ਕੀ ਹੋ ਗਿਆ। ਚੰਨੀ ਹੋਰੀਂ ਵੀ ਵਿੱਚੇ ਹੀ ਫਿਰਦੇ ਸਨ। ਉੱਥੇ ਨਾਅਰੇ ਲਗਾਉਣ ਲੱਗ ਗਏ ਕਿਉਂਕਿ ਕਹਿੰਦੇ ਅਸੀਂ ਅਲੱਗ ਹਾਂ। ਜੰਤਰ ਮੰਤਰ ਤੇ ਜਾਂਦੇ, ਉਨ੍ਹਾਂ ਦੀ ਸਪੋਰਟ ਕਰਦੇ, ਅਰਵਿੰਦ ਕੇਜਰੀਵਾਲ ਜੰਤਰ ਮੰਤਰ ਤੇ ਹੀ ਗਏ ਸਨ। ਉਹ ਉਨ੍ਹਾਂ ਦੀਆਂ ਜ਼ਮਾਨਤਾਂ ਦਿੰਦੇ ਫਿਰਦੇ ਸਨ, ਉਨ੍ਹਾਂ ਦਾ ਹਸਪਤਾਲਾਂ ਵਿੱਚ ਇਲਾਜ ਕਰਵਾਉਂਦੇ ਫਿਰਦੇ ਸਨ। ਅੱਜ ਫਿਰ ਇੱਥੇ ਤਾਂ ਬੈਠਦੇ। ਮੈਂ ਨਛੱਤਰ ਪਾਲ, ਸੁੱਖੀ ਸਾਹਿਬ ਅਤੇ ਮਨਪ੍ਰੀਤ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਹ ਘੱਟੋ ਘੱਟ ਵਿਰੋਧੀ ਧਿਰ ਦਾ ਰੋਲ ਤਾਂ ਨਿਭਾਅ ਰਹੇ ਹਨ। ਲੋ ਆਹ ਕਿਧਰ ਗਏ। ਤੁਸੀਂ ਦੇਖ ਲੈਣਾ, ਲੋਕਾਂ ਨੇ ਇਨ੍ਹਾਂ ਨੂੰ ਅਗਲੀ ਵਾਰ ਵਿਰੋਧੀ ਧਿਰ ਵਿੱਚ ਵੀ ਨਹੀਂ ਭੇਜਣਾ ਕਿਉਂਕਿ ਲੋਕ ਕਹਿਣਗੇ ਕਿ ਉੱਥੇ ਬਹਿੰਦੇ ਤਾਂ ਹੈ ਨਹੀਂ, ਫ਼ਾਇਦਾ ਕੀ ਹੋਇਆ(ਹਾਸਾ)। ਇਹ 2027 ਦੀ ਫ਼ੋਟੋ ਹੋਵੇਗੀ(ਵਿਰੋਧੀ ਧਿਰ ਦੀਆਂ ਖ਼ਾਲੀ ਪਈਆਂ ਕੁਰਸੀਆਂ ਵੱਲ ਇਸ਼ਾਰਾ ਕਰਦੇ ਹੋਏ)। ਇਹ ਇਸ ਤਰ੍ਹਾਂ ਹੀ ਹੋਵੇਗੀ, ਖ਼ਾਲੀ ਖ਼ਾਲੀ। ਮੈਨੂੰ ਲੱਗਦਾ ਹੈ ਕਿ ਇੱਧਰੋਂ ਕੁਝ ਬਿਠਾਉਣੇ ਪੈਣਗੇ(ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਕਿ ਯਾਰ ਤੁਸੀਂ ਹੀ ਜਾ ਕੇ ਬੈਠ ਜਾਓ, ਕੀ ਕਰੀਏ ਫਿਰ(ਹਾਸਾ)। ਇਹ 2027 ਦੇ ਮਾਡਲ ਦੀ ਹੀ ਫ਼ੋਟੋ ਹੈ। ਕੁਦਰਤ ਪਹਿਲਾਂ ਹੀ ਦਿਖਾਉਣ ਲੱਗ ਪੈਂਦੀ ਹੈ, ਪਹਿਲਾਂ ਹੀ ਵਿਧੀਆਂ ਬਣ ਜਾਂਦੀਆਂ ਹਨ। ਬਈ ਤੁਸੀਂ ਗੱਲ ਕਰੋ। ਤੁਸੀਂ ਇਨ੍ਹਾਂ ਨੂੰ ਖੁੱਲ੍ਹਾ ਟਾਈਮ ਦਿੰਦੇ ਹੋ(ਸਪੀਕਰ ਸਾਹਿਬ ਨੂੰ ਸੰਬੋਧਨ ਕਰਦੇ ਹੋਏ)। ਠੀਕ ਹੈ ਨਾ। ਅੱਜ ਬੋਲੋ। ਇਹ ਤਾਂ ਮੁੱਦਾ ਰਾਜਨੀਤੀ ਤੋਂ ਉਪਰ ਉੱਠ ਕੇ ਹੈ। ਅਸੀਂ ਆਪ ਇਸ ਵਿੱਚ ਤੁਹਾਡਾ ਸਾਥ ਦੇਵਾਂਗੇ। ਲੜਾਈ ਮੋਦੀ ਨਾਲ ਹੈ, ਇਹ ਸਾਡੇ ਨਾਲ ਕਰ ਕੇ ਬੈਠ ਜਾਂਦੇ ਹਨ। ਹੁਣ ਤਾਂ ਘਰੇ ਚੱਲੇ ਗਏ ਹੋਣਗੇ, ਦੁਪਹਿਰ ਦਾ ਭੋਜਨ ਕਰਕੇ ਸੌਂ ਵੀ ਗਏ ਹੋਣਗੇ। ਉਨ੍ਹਾਂ ਨੂੰ ਕੀ ਹੈ। ਸੋ, ਸਪੀਕਰ ਸਾਹਿਬ ਆਹ ਮੇਰੇ ਕੋਲ ਲਿਸਟਾਂ ਪਈਆਂ ਹਨ। ਇਹ ਪੰਜਾਬ ਦੀ ਗੱਲ ਕਰਦੇ ਹਨ। ਨਕਲ ਦੇ ਦੋ ਕੇਸ ਆਏ ਸੀ। ਪਹਿਲਾ ਇੱਕ ਤਾਂ ਪੇਪਰ ਵੀ ਹੋ ਗਿਆ ਸੀ। ਨਾਇਬ ਤਹਿਸੀਲਦਾਰ ਦੇ ਪੇਪਰ ਦਾ ਰਿਜ਼ਲਟ ਵੀ ਆ ਗਿਆ ਸੀ ਤਾਂ ਸਾਨੂੰ ਸ਼ੱਕ ਹੋਇਆ। ਕਿਸੇ ਨੇ, ਵਿਰੋਧੀ ਧਿਰ ਜਾਂ ਮੀਡੀਆ ਨੇ ਕੁਝ ਅਜਿਹਾ ਨਹੀਂ ਕੱਢਿਆ। ਸਾਨੂੰ ਸ਼ੱਕ ਹੋਇਆ ਕਿ ਇਸ ਇਲਾਕੇ ਦੇ ਬੱਚੇ ਜਿਹੜੇ ਹਨ, ਉਮੀਦਵਾਰ ਕਹਿ ਲਵੋ ਕਿਉਂਕਿ ਨਾਇਬ ਤਹਿਸੀਲਦਾਰ ਦਾ ਪੇਪਰ ਸੀ, ਉਸ ਇਲਾਕੇ ਦੇ ਉਮੀਦਵਾਰ ਟੋਪ 10 ਵਿੱਚੋਂ 9 ਆ ਗਏ। ਬਈ ਇੱਥੇ ਕਿਹੜੀ ਇਹ ਪੜ੍ਹਾਈ ਕਰ ਗਏ। ਸਾਨੂੰ ਥੋੜ੍ਹਾ ਸ਼ੱਕ ਹੋਇਆ। ਜਦੋਂ ਅਸੀਂ ਕੰਮ ਚੈੱਕ ਕੀਤਾ, ਉਹ ਹੀ ਹਰਿਆਣੇ ਤੋਂ ਗੈਂਗ ਫੜ੍ਹ ਕੇ ਲਿਆਂਦਾ ਗਿਆ। ਜਦੋਂ ਅਸੀਂ ਉਮੀਦਵਾਰਾਂ ਨਾਲ ਗੱਲ ਕੀਤੀ ਕਿ ਅਸੀਂ ਪੇਪਰ ਦੁਬਾਰਾ ਲਵਾਂਗੇ, ਤੁਸੀਂ ਤਾਂ ਪਹਿਲਾਂ ਹੀ ਪੜ੍ਹੇ ਹੋਏ ਹੋ, ਦੁਬਾਰਾ ਫਿਰ ਫ਼ਸਟ ਆ ਜਾਵੋਗੇ। ਇਹ ਸਾਰਾ ਪਾਤੜਾਂ ਦਾ, ਮੂਣਕ ਦਾ ਏਰੀਆ ਸੀ। ਇਹ ਉਸ ਨੂੰ ਕਹਿੰਦੇ ਹਨ ਕਿ ਪੇਪਰ ਲੀਕ ਹੋ ਗਿਆ। ਪੇਪਰ ਲੀਕ ਥੋੜ੍ਹੀ ਹੋਇਆ, ਰਿਜ਼ਲਟ ਦੇ ਵਿੱਚੋਂ ਸਾਨੂੰ ਸ਼ੱਕ ਹੋਇਆ ਸੀ। ਆਹ ਹੁਣ ਵੀ ਜਿਹੜਾ ਫਾਰਮੇਸੀ ਵਾਲਾ ਪੇਪਰ ਹੈ, ਉਸ ਵਿੱਚ ਜਿਵੇਂ ਹਰਜੋਤ ਨੇ ਦੱਸਿਆ

ਹੈ ਕਿ ਉਹ ਡਿਜੀਟਲ ਡਿਵਾਈਸ ਲੈ ਕੇ, ਪੈੱਨ ਸਕੈਨਿੰਗ ਵਾਲਾ ਲੈ ਗਏ, 15 ਮਿੰਟਾਂ ਵਿੱਚ ਫੜ ਲਏ ਸੀ। 11.15 ਤੇ ਫੜ ਲਏ ਸੀ ਕਿਉਂਕਿ 11.00 ਵਜੇ ਪੇਪਰ ਸ਼ੁਰੂ ਹੋਇਆ ਸੀ। ਇਹ ਪੇਪਰ ਲੀਕੇਜ ਥੋੜ੍ਹੀ ਹੈ। ਨਕਲ ਤੇ ਬੜੇ ਬੜੇ ਲੋਕਾਂ ਨੇ ਸਟਾਇਰ ਕੀਤੇ ਹਨ, ਵਿਅੰਗ ਕੀਤੇ ਹਨ। ਮੈਂ ਵੀ ਕੀਤਾ ਸੀ। ਸਾਡੇ ਪਿੰਡ ਦਾ ਇੱਕ ਮੁੰਡਾ ਦਸਵੀਂ ਵਿੱਚ ਪੜ੍ਹਦਾ ਸੀ। ਉਹ ਬਾਂਹ ਤੇ ਕੁਝ ਲਿਖ ਕੇ ਲੈ ਗਿਆ। ਫਲਾਇੰਗ ਆ ਗਈ। ਦਸਵੀਂ ਦਾ ਪੇਪਰ ਸੀ। ਉਸ ਤੇ ਨਕਲ ਦਾ ਕੇਸ ਬਣ ਗਿਆ ਕਿ ਬਾਂਹ ਤੇ ਲਿਖਿਆ ਹੋਇਆ ਹੈ। ਫਿਰ ਜਦੋਂ ਨਕਲ ਦਾ ਕੇਸ ਬਣ ਗਿਆ ਤਾਂ ਉਹ ਲੀਡਰ ਕੋਲ ਗਏ। ਉਦੋਂ ਸੁਨਾਮ ਵਾਲੇ ਇਲਾਕੇ ਦੇ ਲੀਡਰ ਢੀਂਡਸਾ ਸਾਹਿਬ ਸੀ ਕਿਉਂਕਿ ਉਸ ਦਾ ਬਾਪੂ ਉਨ੍ਹਾਂ ਨਾਲ ਜਥੇਦਾਰ ਸੀ। ਢੀਂਡਸਾ ਸਾਹਿਬ ਨੇ ਬੋਰਡ ਦੇ ਚੇਅਰਮੈਨ ਨੂੰ ਫ਼ੋਨ ਕੀਤਾ ਕਿ ਬਈ ਆਪਣਾ ਮੁੰਡਾ ਹੈ ਯਾਰ। ਇਸ ਤਰ੍ਹਾਂ ਕਰਕੇ ਬਾਂਹ ਤੇ ਲਿਖ ਕੇ ਲੈ ਗਿਆ ਸੀ।

---

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ**: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਵਾਈ ਦਾ ਸਮਾਂ ਕਾਰਜ ਸੂਚੀ ਵਿੱਚ ਦਰਜ ਬਿਜ਼ਨਸ ਦੇ ਅੱਜ ਖ਼ਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ**: ਸਦਨ ਦਾ ਸਮਾਂ ਅੱਜ ਕਾਰਜ ਸੂਚੀ ਵਿੱਚ ਦਰਜ ਬਿਜ਼ਨਸ ਦੇ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

---

## CENSURE MOTION *(Resumption)*

**ਮੁੱਖ ਮੰਤਰੀ**: ਉਨ੍ਹਾਂ ਨੇ ਫ਼ੋਨ ਕਰ ਲਿਆ ਕਿ ਮੁੰਡੇ ਤੇ ਨਕਲ ਦਾ ਕੇਸ ਹੋ ਗਿਆ ਕਿਉਂਕਿ ਬਾਂਹ ਤੇ ਕੁਝ ਲਿਖ ਕੇ ਲੈ ਗਿਆ ਸੀ। ਚੇਅਰਮੈਨ ਸਾਹਿਬ ਕਹਿੰਦੇ ਕਿ ਜਦੋਂ ਇਹ ਮੇਰੇ ਕੋਲ ਪੇਸ਼ੀ ਤੇ ਆਵੇਗਾ ਤਾਂ ਮੈਨੂੰ ਇਹ ਤਿੰਨ ਗੱਲਾਂ ਕਹਿ ਦੇਵੇ, ਮੈ ਇਸ ਨੂੰ ਬਰੀ ਕਰ ਦੇਵਾਂਗਾ। ਕੇਸ ਤਾਂ ਹੁਣ ਬਣ ਗਿਆ ਹੈ। ਪਹਿਲੀ ਗੱਲ ਕਿ ਮੈਂ ਪੇਪਰ ਦੀ ਤਿਆਰੀ ਕਰਨ ਵੇਲੇ ਬਾਂਹ ਤੇ ਲਿਖਿਆ ਸੀ, ਜਿਸ ਨੂੰ ਮੈਂ ਮਿਟਾਉਣਾ ਭੁੱਲ ਗਿਆ। ਦੂਜੀ ਗੱਲ, ਜੋ ਮੈ ਲਿਖਿਆ ਹੋਇਆ ਸੀ, ਉਸ ਵਿੱਚੋਂ ਪੇਪਰ ਵਿੱਚ ਕੁਝ ਵੀ ਨਹੀਂ ਆਇਆ। ਨੰਬਰ ਤਿੰਨ ਇਹ ਕਹਿ ਦੇਵੇ ਕਿ ਸਿਆਹੀ ਦੇ ਸ਼ੱਕ ਵਿੱਚ ਫੜ ਲਿਆ, ਸਮਝ ਵੀ ਨਹੀਂ ਆਉਂਦਾ ਸੀ ਅੱਖਰ ਥੋੜ੍ਹੇ ਮਿਟ ਗਏ ਸੀ। ਇਹ ਤਿੰਨ ਗੱਲਾਂ ਕਹਿ ਦੇਵੇ, ਮੈਂ ਛੱਡ ਦੇਵਾਂਗਾ, ਬਰੀ ਕਰ ਦੇਵਾਂਗਾ।

**1530/Beant kaur**

ਜਦੋਂ ਉਹ ਮੁੰਡਾ ਪੇਸ਼ੀ ਤੇ ਗਿਆ ਤਾਂ ਚੇਅਰਮੈਨ ਨੇ ਢੀਂਡਸੇ ਨੂੰ ਫੋਨ ਕੀਤਾ ਕਿ ਕਿਹੜਾ ਪਿੰਡ ਹੈ? ਕਹਿੰਦਾ ਸਤੋਜ। ਚੇਅਰਮੈਨ ਕਹਿੰਦਾ, ਭਗਵੰਤ ਮਾਨ ਵਾਲਾ? ਉਸ ਸਮੇਂ ਮੈਂ ਕਲਾਕਾਰ ਦੇ ਤੌਰ ਤੇ ਮਸ਼ਹੂਰ ਹੋ ਗਿਆ ਸੀ। ਕਹਿੰਦਾ ਹਾਂ ਜੀ। ਉਹ ਕਹਿਣ ਲੱਗਿਆ, ਫੇਰ ਤਾਂ ਪਾਣੀ ਹੀ ਖਰਾਬ ਹੈ। ਕਹਿੰਦਾ, ਕੀ ਹੋਇਆ? ਚੇਅਰਮੈਨ ਕਹਿਣ ਲੱਗਿਆ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਫੈਸਲਾ ਕੀ ਕਰਾਂ? ਕਹਿੰਦਾ, ਕੀ ਹੋ ਗਿਆ? ਚੇਅਰਮੈਨ ਕਹਿਣ ਲੱਗਿਆ ਕਿ ਜਿਹੜੀਆਂ ਤਿੰਨ ਗੱਲਾਂ ਕਹਿਣੀਆਂ ਸੀ, ਉਹ ਵੀ ਬਾਂਹ ਤੇ ਲਿਖ ਲਿਆਇਆ ਹੈ।(ਹਾਸਾ) ਸੋ, ਨਕਲ ਦੇ ਤਰੀਕੇ ਬਦਲਦੇ ਰਹਿੰਦੇ ਹਨ, ਉਦੋਂ ਬਾਂਹ ਤੇ ਲਿਖਣ ਦਾ ਰਿਵਾਜ ਸੀ, ਹੁਣ ਡਿਜੀਟਲ ਪੈਨ ਆ ਗਏ ਹਨ। ਇਸ ਵਾਸਤੇ ਵੀ ਕੋਈ ਤਰੀਕਾ ਕੱਢਾਂਗੇ, ਛੇਤੀ ਛੇਤੀ ਬਰੀ ਨਹੀਂ ਕਰਦੇ। ਚੇਅਰਮੈਨ ਕਹਿਣ ਲੱਗਿਆ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਤੇ ਇਕ ਹੋਰ ਕੇਸ ਪਾਵਾਂ ਕਿ ਇਸ ਨੂੰ ਬਰੀ ਕਰਾਂ। ਮੈਂ ਮਾਪਿਆਂ ਨੂੰ ਵੀ ਕਹਾਂਗਾ ਕਿ ਉਹ ਬੱਚਿਆਂ ਨੂੰ ਕਹਿਣ, ਭਾਵੇਂ ਨੰਬਰ ਘੱਟ ਹੋਣ ਪਰ ਆਪਣੇ ਨੰਬਰ ਹੋਣ। ਸਪੀਕਰ ਸਾਹਿਬ, ਜ਼ਰੂਰੀ ਨਹੀਂ ਹੁੰਦਾ ਕਿ ਹਰ ਬੱਚੇ ਨੇ ਫਸਟ ਆਉਣਾ ਹੈ। ਕਈ ਬੱਚਿਆਂ ਨੂੰ ਪਰਮਾਤਮਾ ਨੇ ਕਲਾ ਦਿੱਤੀ ਹੁੰਦੀ ਹੈ, ਉਹ ਖੇਡਾਂ ਵਿੱਚ ਅੱਗੇ ਹੁੰਦੇ ਹਨ, ਕਈ ਕਲਾਕਾਰੀ ਵਿੱਚ ਬਹੁਤ ਅੱਗੇ ਹੁੰਦੇ ਹਨ, ਕਈ ਬੱਚੇ ਸਾਇੰਸ ਵਿੱਚ ਅੱਛੇ ਹਨ, ਕਈ ਬੱਚੇ ਇਕਨਾਮਿਕਸ ਵਿੱਚ ਅੱਛੇ ਹਨ, ਕੋਈ ਕਮਰਸ ਵਿੱਚ ਚੰਗਾ ਹੈ, ਉਹ ਬੈਂਕ ਵਾਲੇ ਪਾਸੇ ਜਾਏਗਾ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਤੇ ਪ੍ਰੈਸ਼ਰ ਨਾ ਪਾਉਣ। ਰਿਜ਼ਲਟ ਆਉਣ ਤੋਂ ਬਾਅਦ ਵੀ ਸੁਸਾਈਡ ਹੁੰਦੇ ਹਨ ਕਿਉਂਕਿ ਕੰਪੀਟੀਸ਼ਨ ਇੰਨਾ ਵੱਧ ਗਿਆ ਹੈ। 99.5%, 99.6%, 99.7% ਨੰਬਰ ਆਉਣ ਲੱਗ ਪਏ ਹਨ। ਜੇ 1-2 ਪਰਸੈਂਟ ਘੱਟ ਆ ਜਾਣ ਤਾਂ ਬੱਚੇ ਗਲਤ ਸਟੈਪ ਚੁੱਕਣ ਵਾਸਤੇ ਮਜ਼ਬੂਰ ਹੋ ਜਾਂਦੇ ਹਨ ਕਿਉਂਕਿ ਮਾਪੇ ਪ੍ਰੈਸ਼ਰ ਪਾਉਂਦੇ ਹਨ ਕਿ ਤੂੰ ਫਸਟ ਕਿਉਂ ਨਹੀਂ ਆਇਆ? ਹਰ ਬੱਚਾ ਫਸਟ ਨਹੀਂ ਆ ਸਕਦਾ, ਫਸਟ ਵਾਲੇ ਵਿੱਚ ਵੀ ਸੈਕਿੰਡ-ਥਰਡ ਆਉਣ ਵਾਲੇ ਦਾ ਯੋਗਦਾਨ ਹੁੰਦਾ ਹੈ, ਜੇ ਉਹ ਨਾ ਹੁੰਦੇ ਤਾਂ ਕੰਪੀਟੀਸ਼ਨ ਨਹੀਂ ਹੋਣਾ ਸੀ। ਕੰਪੀਟੀਸ਼ਨ ਹੈਲਦੀ ਹੋਣਾ ਚਾਹੀਦਾ ਹੈ। ਖੇਡਾਂ ਵਿੱਚ ਵੀ ਕਈ ਵਾਰ ਵੱਡੀ ਟੀਮ ਮੈਚ ਹਾਰ ਜਾਂਦੀ ਹੈ, ਛੋਟੀ ਟੀਮ ਜਿੱਤ ਜਾਂਦੀ ਹੈ, ਕੋਈ ਗੱਲ ਨਹੀਂ, ਅਗਲੇ ਅਗਲੀ ਥਾਂਵੇਂ ਜਿੱਤ ਜਾਂਦੇ ਹਨ ਪਰ ਸਪੋਰਟਸਮੈਨਸ਼ਿਪ ਨਹੀਂ ਹਾਰਨੀ ਚਾਹੀਦੀ, ਭਾਵਨਾ ਨਹੀਂ ਹਾਰਨੀ ਚਾਹੀਦੀ। ਕੰਪੀਟੀਸ਼ਨ ਵਾਸਤੇ ਮੈਂ ਬੱਚਿਆਂ ਨੂੰ Good Luck ਕਹਾਂਗਾ, ਤਿਆਰੀ ਕਰਕੇ ਜਾਓ। ਪੰਜਾਬ ਵਿੱਚ ਤੁਹਾਨੂੰ ਘੱਟੋ ਘੱਟ ਇਸ ਤਰ੍ਹਾਂ ਦਾ ਮਾਹੌਲ ਨਹੀਂ ਮਿਲੇਗਾ ਕਿ ਪੇਪਰ ਲੀਕ ਹੋ ਗਿਆ। ਜੇਕਰ ਕੋਈ ਡਿਜੀਟਲ ਤਰੀਕੇ ਨਾਲ ਜਾਂ ਗੈਰ ਕਾਨੂੰਨੀ ਤੌਰ ਤੇ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਅਸੀਂ ਵੀ ਫੇਰ ਡਿਜੀਟਲ ਤਰੀਕੇ ਨਾਲ ਉਸ ਦੀ ਰੋਕਥਾਮ ਕਰਾਂਗੇ। ਬਕਾਇਦਾ ਤੌਰ ਤੇ ਕਾਨੂੰਨ ਮੁਤਾਬਿਕ ਕਾਰਵਾਈ ਹੋਵੇਗੀ। ਆਪਣੀ ਮਿਹਨਤ ਨਾਲ ਪੇਪਰ ਦਿਓ ਕਿਉਂਕਿ ਕਿਸੇ ਨਾ ਕਿਸੇ ਕੰਪੀਟੀਸ਼ਨ ਵਿੱਚ ਨਕਲ ਵਾਲਾ ਬੱਚਾ ਫਸ ਹੀ ਜਾਂਦਾ ਹੈ। ਸਾਡੇ ਸਕੂਲਾਂ ਦੀਆਂ ਕੰਧਾਂ ਤੇ ਲਿਖਿਆ ਹੁੰਦਾ ਹੈ - ਵਿਦਿਆ ਵੀਚਾਰੀ ਤਾਂ ਪਰਉਪਕਾਰੀ] ਫੈਲੇ ਵਿਦਿਆ ਚਾਨਣ ਹੋਇ, ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ, ਸਿੱਖਣ ਲਈ ਆਓ ਤੇ ਸੇਵਾ ਲਈ ਜਾਓ। ਸੋ, ਅਸੀਂ ਆਪ ਇਸ ਵਾਸਤੇ ਇਕ ਬਿਲ ਲਿਆ ਰਹੇ ਹਾਂ। ਸਰਕਾਰੀ ਸਕੂਲਾਂ ਦੀ ਫੀਸ ਦਾ ਪਿਛਲੇ ਤਿੰਨ ਸਾਲਾਂ ਦਾ ਅਸੀਂ ਆਡਿਟ ਕਰਵਾ ਰਹੇ ਹਾਂ, ਜੇ ਉਨ੍ਹਾਂ ਨੇ 5% per year ਤੋਂ ਜ਼ਿਆਦਾ ਫੀਸ ਵਧਾਈ ਹੈ ਤਾਂ ਅਸੀਂ ਬੱਚਿਆਂ ਦੀਆਂ ਫੀਸਾਂ ਵਾਪਸ ਕਰਵਾਵਾਂਗੇ।(ਥੰਪਿੰਗ) ਵਿਦਿਆ ਮਹਿੰਗੀ ਹੀ ਬਹੁਤ ਹੋ ਗਈ ਹੈ। ਪੜ੍ਹਾਈ ਇੰਨੀ ਮਹਿੰਗੀ ਹੋ ਗਈ ਹੈ ਕਿ ਬੱਚਿਆਂ ਦਾ ਬੁਰਾ ਹਾਲ ਹੈ। ਕਦੇ ਕੋਈ ਫੀਸ, ਕਦੇ ਟਿਊਸ਼ਨ ਫੀਸ, ਵੋਕੇਸ਼ਨਲ ਫੀਸ, ਟਰਾਂਸਪੋਰਟ ਫੀਸ, ਇਥੋਂ ਤੱਕ ਕਿ ਇਕ ਪਿੰਡ ਦਾ ਸਕੂਲ ਸਵਿਮਿੰਗ ਪੂਲ ਦੀ ਫੀਸ ਲੈ ਰਿਹਾ ਸੀ, ਪਤਾ ਕੀਤਾ ਤਾਂ ਉਥੇ ਸਵਿਮਿੰਗ ਪੂਲ ਹੀ ਨਹੀਂ ਸੀ। ਪਤਾ ਨਹੀਂ ਕਿਹੜੀਆਂ

ਕਿਹੜੀਆਂ ਫੀਸਾਂ ਲਈ ਜਾਂਦੇ ਹਨ। ਵਿਦਿਆ ਨੂੰ ਇੰਨੀ ਮਹਿੰਗੀ ਨਾ ਕਰੋ, ਇਹ ਤਾਂ ਸੇਵਾ ਦਾ ਰੂਪ ਹੈ। ਇਸ ਨੂੰ ਵਪਾਰ ਨਾ ਬਣਾਓ। ਅਸੀਂ ਤਾਂ ਇਹੀ ਕਹਿੰਦੇ ਹਾਂ ਕਿ ਵਿਦਿਆ ਨਾਲ ਗਿਆਨ ਦਾ ਚਾਨਣ ਹੁੰਦਾ ਹੈ। ਇਸ ਗਿਆਨ ਦੇ ਚਾਨਣ ਵਿੱਚ ਅਸੀਂ ਪੰਜਾਬ ਨੂੰ ਰੱਖਣਾ ਹੈ ਅਤੇ ਪੰਜਾਬ ਸਰਕਾਰ ਹਮੇਸ਼ਾ ਇਸ ਗੱਲ ਲਈ ਵਚਨਬੱਧ ਰਹੇਗੀ। ਤਤਪਰ ਰਹੇਗੀ ਕਿ free and fare, neat and clean ਪੇਪਰ ਹੋਣ, ਰਿਜ਼ਲਟ ਵੀ ਆਉਣ। ਅਸੀਂ 68,000 ਤੋਂ ਜ਼ਿਆਦਾ ਨੌਕਰੀਆਂ ਦਿੱਤੀਆਂ ਹਨ। ਅਸੀਂ ਕਦੇ ਵੀ ਚੈੱਕ ਨਹੀਂ ਕੀਤਾ ਕਿ ਇਸ ਬੰਦੇ ਕੋਲ ਕੋਈ ਸਿਫਾਰਸ਼ ਹੈ ਜਾਂ ਇਸ ਨੇ ਕੋਈ ਪੈਸੇ ਦਿੱਤੇ ਹਨ। ਇਕ ਰੁਪਿਆ ਨਹੀਂ ਲਿਆ, ਇਕ ਘਰ ਵਿੱਚ ਤਿੰਨ ਤਿੰਨ ਨੌਕਰੀਆਂ ਮਿਲੀਆਂ ਹਨ। ਇਕ ਘਰ ਵਿੱਚ ਚਾਰ ਚਾਰ ਨੌਕਰੀਆਂ ਵੀ ਮਿਲੀਆਂ ਹਨ। ਇਕ ਪਿੰਡ ਵਿੱਚ 50 ਨੌਕਰੀਆਂ ਵੀ ਮਿਲੀਆਂ ਹਨ। ਜਿਨ੍ਹਾਂ ਨੇ ਪੜ੍ਹ ਲਿਆ, ਪੇਪਰ ਦਿੱਤਾ ਤੇ ਚਿੱਠੀ ਆਉਂਦੀ ਹੈ। ਸੋ, ਇਸੀ ਪ੍ਰਕਾਰ ਚਿੱਠੀਆਂ ਜਾਂਦੀਆਂ ਰਹਿਣਗੀਆਂ। ਬਹੁਤ ਬਹੁਤ ਧੰਨਵਾਦ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।(ਥੰਪਿੰਗ)

**ਮਾਣਯੋਗ ਸਪੀਕਰ** : ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਮੇਰੇ ਕੋਲੋਂ ਅੱਜ ਰਿਹਾ ਨਹੀਂ ਜਾਂਦਾ ਕਿਉਂਕਿ ਅੱਜ ਮਸਲਾ ਹੀ ਇਸ ਤਰ੍ਹਾਂ ਦਾ ਹੈ। ਸਾਡੇ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਦੀ ਲੇਡੀ ਮੈਂਬਰ ਨੇ ਵੀ Gen Z ਬਾਰੇ ਲੈਵਲ ਤੋਂ ਥੱਲੇ ਦੀਆਂ ਟਿੱਪਣੀਆਂ ਕੀਤੀਆਂ ਹਨ, ਉਹ ਬਣਦੀਆਂ ਨਹੀਂ ਸਨ। ਮੈਨੂੰ ਲਗਦਾ ਹੈ ਕਿ ਉਸ ਨੂੰ ਦੇਸ਼ ਤੋਂ ਮਾਫੀ ਮੰਗਣੀ ਚਾਹੀਦੀ ਹੈ। ਅੱਗੇ ਤੋਂ ਪ੍ਰਧਾਨ ਮੰਤਰੀ ਸਾਹਿਬ ਨੂੰ ਇਨ੍ਹਾਂ ਦੀ ਸਕੂਲਿੰਗ ਵੀ ਕਰਨੀ ਚਾਹੀਦੀ ਹੈ।

**1535/Karamjit kaur**

**ਮੁੱਖ ਮੰਤਰੀ**: ਸਭ ਤੋਂ ਫਨੀ ਗੱਲ ਕਹਿ ਲਵੋ, ਜਾਂ ਸਭ ਤੋਂ ਦੁੱਖ ਵਾਲੀ ਗੱਲ ਕਹਿ ਲਵੋ। ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਬੱਚਿਆਂ ਨੂੰ ਪੇਪਰ ਦੇਣ ਦੇ ਤਰੀਕੇ ਸਿਖਾਉਂਦਾ ਹੁੰਦਾ ਹੈ ਕਿ ਪੇਪਰ ਕਿਵੇਂ ਦੇਣਾ ਹੈ। ਆਪ ਨੇ ਤਾਂ ਕੋਈ ਪੇਪਰ ਦਿੱਤਾ ਨਹੀਂ। ਕੀ ਬੱਚਿਆਂ ਨੇ ਇਵੇਂ ਪੇਪਰ ਦੇਣਾ ਹੈ, ਜਿਵੇਂ ਤੁਸੀਂ ਪੇਪਰ ਲੈਂਦੇ ਹੋ? ਪ੍ਰਧਾਨ ਮੰਤਰੀ ਦਾ ਬੱਚਿਆਂ ਵਾਸਤੇ ਐਗਜ਼ਾਮ ਸੈਮੀਨਾਰ ਹੁੰਦਾ ਹੈ। ਉਹ ਕਹਿੰਦੇ ਹਨ, 'बच्चो, पेपर ऐसे करना है।'

**ਮਾਣਯੋਗ ਸਪੀਕਰ :** ਪ੍ਰੋਗਰਾਮ ਦਾ ਨਾਮ ਹੈ, 'परीक्षा पे चर्चा।'

**ਮੁੱਖ ਮੰਤਰੀ**: 'परीक्षा पे चर्चा' ਪ੍ਰੋਗਰਾਮ ਅਧੀਨ ਬੋਲਦੇ ਹਨ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਹਾਨੂੰ ਪਰੀਕਸ਼ਾ ਲੈਣੀ ਤਾਂ ਆਉਂਦੀ ਨਹੀਂ। ਆਪ ਤਾਂ ਤੁਸੀਂ ਕਦੇ ਕੋਈ ਪੇਪਰ ਦਿੱਤਾ ਨਹੀਂ। ਆਪਣੀ ਤਾਂ ਡਿਗਰੀ ਨਹੀਂ ਅਜੇ ਤੱਕ ਲੱਭ ਰਹੀ। ਉਹ ਗੱਲਾਂ ਕਰਦੇ ਹਨ, ਜਿੱਥੇ ਵੀ ਜਾਂਦੇ ਹਨ, ਕਹਿੰਦੇ ਹਨ ਕਿ ਮਿਨਾਸਾ ਨਾਲ ਮੇਰਾ ਪੁਰਾਣਾ ਰਿਸ਼ਤਾ ਹੈ, ਮੇਰਾ ਇਸਰੋ ਨਾਲ ਪੁਰਾਣਾ ਰਿਸ਼ਤਾ ਹੈ। ਮਤਲਬ ਜੇ ਤੁਸੀਂ ਦੇਸ਼ ਨੂੰ ਚਲਾ ਰਹੇ ਹੋ, ਤੁਹਾਡੇ ਕੋਲ ਮੈਂਨਡੇਟ ਹੈ, ਅਸੀਂ ਸਵੀਕਾਰ ਕਰਦੇ ਹਾਂ ਪਰ ਘੱਟੋ-ਘੱਟ ਦੇਸ਼ ਨੂੰ ਇਸ ਤਰ੍ਹਾਂ ਬੁੱਧੂ ਨਾ ਬਣਾਓ। ਦੇਸ਼ ਦੇ ਲੋਕਾਂ ਨੂੰ ਇੰਨਾ ਝੂਠ ਵੀ ਨਾ ਪਰੋਸੋ ਕਿ ਤੁਹਾਨੂੰ ਆਪ ਹੀ ਝੂਠ ਦੇ ਵਿੱਚੋਂ ਸੱਚ ਲੱਭਣਾ ਔਖਾ ਹੋ ਜਾਵੇ।

**ਮਾਣਯੋਗ ਸਪੀਕਰ:** ਬਹੁਤ ਧੰਨਵਾਦ ਜੀ, ਮੁੱਖ ਮੰਤਰੀ ਸਾਹਿਬ। ਬਹੁਤ ਧੰਨਵਾਦ ਜੀ।

ਪ੍ਰਸ਼ਨ ਹੈ-

"ਕਿ ਇਹ ਮਾਣਯੋਗ ਸਦਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਭਾਜਪਾ ਸ਼ਾਸਿਤ ਵੱਖ-ਵੱਖ ਰਾਜਾਂ ਅਧੀਨ ਸਰਕਾਰੀ ਪ੍ਰੀਖਿਆਵਾਂ ਅਤੇ ਭਰਤੀ ਪ੍ਰਣਾਲੀ ਵਿੱਚ ਲਗਾਤਾਰ ਸਾਹਮਣੇ ਆ ਰਹੀਆਂ ਅਸਫਲਤਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ। ਵਾਰ-ਵਾਰ ਹੋ ਰਹੇ ਪ੍ਰਸ਼ਨ-ਪੱਤਰ ਲੀਕ, ਪ੍ਰੀਖਿਆਵਾਂ ਵਿੱਚ ਧੋਖਾਧੜੀ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਨੇ ਯੋਗਤਾ-ਆਧਾਰਿਤ ਪ੍ਰਣਾਲੀ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ ਅਤੇ ਲੱਖਾਂ ਨੌਜਵਾਨਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ।

ਪਿਛਲੇ ਇੱਕ ਦਹਾਕੇ ਦੌਰਾਨ ਭਾਜਪਾ ਸ਼ਾਸਨ ਹੇਠ ਪ੍ਰਸ਼ਨ-ਪੱਤਰ ਲੀਕ, ਡਿਜ਼ਿਟਲ ਰਿਮੋਟ-ਐਕਸੈੱਸ ਹੈਕਿੰਗ ਅਤੇ ਭਰਤੀ ਘੁਟਾਲਿਆਂ ਸਮੇਤ 70 ਤੋਂ ਵੱਧ ਵੱਡੇ ਪ੍ਰੀਖਿਆ ਘੁਟਾਲਿਆਂ ਨੇ ਪਾਰਦਰਸ਼ੀ ਅਤੇ ਨਿਰਪੱਖ ਭਰਤੀ ਪ੍ਰਣਾਲੀ ਵਿੱਚ ਲੋਕਾਂ ਦਾ ਵਿਸ਼ਵਾਸ ਗੰਭੀਰ ਰੂਪ ਵਿੱਚ ਕਮਜ਼ੋਰ ਕੀਤਾ ਹੈ। ਇਸ ਦੇ ਨਾਲ ਹੀ ਜਵਾਬਦੇਹੀ ਦੀ ਮੰਗ ਕਰ ਰਹੇ ਸ਼ਾਂਤੀਪੂਰਨ ਵਿਦਿਆਰਥੀ ਪ੍ਰਦਰਸ਼ਨਾਂ ਦਾ ਜਵਾਬ ਅਤਿਅਧਿਕ ਪੁਲਿਸ ਬਲ, ਮਨਮਾਨੀਆਂ ਗ੍ਰਿਫ਼ਤਾਰੀਆਂ, ਫੌਜਦਾਰੀ ਕਾਰਵਾਈਆਂ ਅਤੇ ਬਲ ਦੀ ਵਰਤੋਂ ਨਾਲ ਦਿੱਤਾ ਗਿਆ, ਜਿਸ ਨਾਲ ਲੋਕਤੰਤਰੀ ਅਧਿਕਾਰਾਂ ਦੀ ਸੁਰੱਖਿਆ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋਈਆਂ ਹਨ।

ਇਹ ਮਾਣਯੋਗ ਸਦਨ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਸਿੱਖਿਆ ਸੁਧਾਰਕ ਸ੍ਰੀ ਸੋਨਮ ਵਾਂਗਚੁੱਕ ਨੂੰ ਮਨਮਾਨੇ ਢੰਗ ਨਾਲ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਖ਼ਤ ਨਿੰਦਾ ਕਰਦਾ ਹੈ। ਉਹ ਪ੍ਰਸ਼ਨ-ਪੱਤਰ ਲੀਕ ਮਾਮਲਿਆਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਵਰਤ ਰੱਖਣ ਵਾਲੇ ਵਿਦਿਆਰਥੀਆਂ ਨਾਲ ਏਕਤਾ ਪ੍ਰਗਟ ਕਰਨ ਕਾਰਨ ਜ਼ਬਰਦਸਤੀ ਹਿਰਾਸਤ ਵਿੱਚ ਲਏ ਗਏ ਅਤੇ ਰਾਜਕੀ ਦਮਨ ਦਾ ਸ਼ਿਕਾਰ ਬਣਾਏ ਗਏ।

ਇਹ ਵੀ ਬਹੁਤ ਚਿੰਤਾਜਨਕ ਅਤੇ ਨਿੰਦਣਯੋਗ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਸ਼ਾਂਤੀਪੂਰਨ ਅਤੇ ਨਿਹੱਥੇ ਨੌਜਵਾਨਾਂ ਤੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਦਿਆਂ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਵਿਰੁੱਧ ਪੈਲਟ ਗੰਨਾਂ, ਅੱਥਰੂ ਗੈਸ ਅਤੇ ਬਿਹਾਰ ਵਿੱਚ ਤਾਂ ਏ.ਕੇ.-47 ਅਸਾਲਟ ਰਾਈਫਲਾਂ ਤੱਕ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ, ਸੈਂਕੜੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਲੜਕੀਆਂ ਅਤੇ ਨਾਬਾਲਗ ਵੀ ਸ਼ਾਮਲ ਸਨ, ਵਿਰੁੱਧ ਭਾਰਤੀ ਨਿਆਂ ਸੰਹਿਤਾ ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ।

ਇਸ ਲਈ ਹੁਣ ਇਹ ਸਦਨ ਹੇਠ ਲਿਖੇ ਅਨੁਸਾਰ ਮਤਾ ਪਕਾਉਂਦਾ ਹੈ:

1. ਇਹ ਸਦਨ ਪ੍ਰਸ਼ਨ-ਪੱਤਰ ਲੀਕ, ਭਰਤੀ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਸੰਸਥਾਗਤ ਅਸਫਲਤਾਵਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ, ਜਿਨ੍ਹਾਂ ਨੇ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਦੇਸ਼ ਦੇ ਨੌਜਵਾਨਾਂ ਦੀਆਂ ਆਸਾਂ ਨੂੰ ਠੇਸ ਪਹੁੰਚਾਈ ਹੈ।

2. ਇਹ ਸਦਨ ਸ਼ਾਂਤੀਪੂਰਨ ਵਿਦਿਆਰਥੀਆਂ ਅਤੇ ਨਾਗਰਿਕਾਂ, ਜਿਨ੍ਹਾਂ ਵਿੱਚ ਪ੍ਰਸਿੱਧ ਸਿੱਖਿਆ ਸੁਧਾਰਕ ਅਤੇ ਵਾਤਾਵਰਣ ਪ੍ਰੇਮੀ ਸ਼੍ਰੀ ਸੋਨਮ ਵਾਂਗਚੁੱਕ ਵੀ ਸ਼ਾਮਲ ਹਨ, ਵਿਰੁੱਧ ਅਤਿਅਧਿਕ ਬਲ ਦੀ ਵਰਤੋਂ, ਮਨਮਾਨੀ ਹਿਰਾਸਤ ਅਤੇ ਫੌਜਦਾਰੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਾ ਹੈ।

3. ਇਹ ਸਦਨ ਦੇਸ਼ ਭਰ ਦੇ ਵਿਦਿਆਰਥੀਆਂ ਨਾਲ ਆਪਣੀ ਅਟੱਲ ਇਕਜੁੱਟਤਾ ਪ੍ਰਗਟ ਕਰਦਾ ਹੈ ਅਤੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਕੀਤੀਆਂ ਗਈਆਂ ਸਾਰੀਆਂ ਗੈਰ-ਵਾਜਬ ਫੌਜਦਾਰੀ ਕਾਰਵਾਈਆਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਾ ਹੈ।

4. ਇਹ ਸਦਨ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਸਰਕਾਰੀ ਪ੍ਰੀਖਿਆ ਪ੍ਰਣਾਲੀ ਦਾ ਵਿਆਪਕ ਪੁਨਰਗਠਨ ਕੀਤਾ ਜਾਵੇ, ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਵਰਗੀਆਂ ਸੰਸਥਾਵਾਂ ਦਾ ਵਿਕੇਂਦਰੀਕਰਨ ਅਤੇ ਸੁਧਾਰ ਕੀਤਾ ਜਾਵੇ, ਪ੍ਰਸ਼ਨ-ਪੱਤਰ ਲੀਕ ਗਿਰੋਹਾਂ ਵਿਰੁੱਧ ਸਖ਼ਤ ਅਤੇ ਮਿਸਾਲੀ ਕਾਰਵਾਈ ਕੀਤੀ ਜਾਵੇ ਅਤੇ ਪ੍ਰਦਰਸ਼ਨਾਂ ਦੌਰਾਨ ਜ਼ਖ਼ਮੀ ਹੋਏ ਵਿਦਿਆਰਥੀਆਂ ਨੂੰ ਉਚਿਤ ਇਲਾਜ, ਪੁਨਰਵਾਸ ਅਤੇ ਮੁਆਵਜ਼ਾ ਪ੍ਰਦਾਨ ਕੀਤਾ ਜਾਵੇ।

5. ਇਹ ਸਦਨ ਸਿਫ਼ਾਰਸ਼ ਕਰਦਾ ਹੈ ਕਿ ਇਸ ਮਤੇ ਦੀਆਂ ਕਾਪੀਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ, ਸਿੱਖਿਆ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜੀਆਂ ਜਾਣ ਤਾਂ ਜੋ ਸਰਕਾਰੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਅਤੇ ਵਿਦਿਆਰਥੀਆਂ ਦੇ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਸਬੰਧੀ ਪੰਜਾਬ ਵਿਧਾਨ ਸਭਾ ਦਾ ਵਿਚਾਰ ਉਨ੍ਹਾਂ ਤੱਕ ਪਹੁੰਚਾਇਆ ਜਾ ਸਕੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

---

**ਮਾਣਯੋਗ ਸਪੀਕਰ:** ਸਦਨ ਮਿਤੀ 04 ਅਗਸਤ, 2026 ਨੂੰ 10.00 ਵਜੇ (ਸਵੇਰ) ਤੱਕ ਸਥਗਿਤ ਹੁੰਦਾ ਹੈ।

*3.40 ਵਜੇ ਬਾਅਦ ਦੁਪਹਿਰ। (*ਇਸ ਉਪਰੰਤ ਸਦਨ ਮਿਤੀ 04 ਅਗਸਤ, 2026 ਦੇ 10.00 ਵਜੇ (ਸਵੇਰ) ਤੱਕ ਸਥਗਿਤ ਹੋ ਗਿਆ।)

---